# ਗੁਰ ਸ਼ਬਦ ਵੀਚਾਰ

ਗੁਰਦਰਸ਼ਨ ਸਿੰਘ ਸੋਢੀ

© Publisher

ISBN : 81-7601-044-8

ਪਹਿਲੀ ਵਾਰ : 1997

ਭੇਟਾ : 50-00

ਪ੍ਰਕਾਸ਼ਕ :

**ਭਾ: ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

ਫੋਨ : (0183) 542346, 547974, 557973

ਫੈਕਸ : (0183) 542346

*ਪ੍ਰਿੰਟਰ : ਹਰਭਜਨ ਸਿੰਘ, ਜੀਵਨ ਪ੍ਰਿੰਟਰਜ਼, ਬਜ਼ਾਰ ਧੋਬੀਆਂ, ਅੰਮ੍ਰਿਤਸਰ। ਫੋਨ : 543478*

# ਸਮਰਪਨ

ਮਾਤਾ ਲਾਜਵੰਤੀ ਜੀ ਨੂੰ

*-ਗੁਰਦਰਸ਼ਨ ਸਿੰਘ ਸੋਢੀ*

ਇਸ ਕਲਮ ਤੋਂ..........

*ਸੋਢੀ ਬੰਸ*

# ਤਤਕਰਾ


| ਨੰ. | ਵਿਸ਼ਾ | ਪੰਨਾ |
|---|---|---|
| 1. | ਗੁਰ ਸ਼ਬਦ ਵੀਚਾਰ | 5 |
| 2. | ਅਰਦਾਸ | 9 |
| 3. | ਮਨ ਜੀਤੈ ਜਗ ਜੀਤ | 14 |
| 4. | ਹਰਿ ਧਨ ਸੰਚੀਐ ਭਾਈ | 19 |
| 5. | ਹਰਿ ਜਸ | 24 |
| 6. | ਹਉਮੈ ਮਾਰੇ ਤਾ ਦਰੁ ਸੂਝੈ | 30 |
| 7. | ਮਾਨਵੀ ਏਕਤਾ | 34 |
| 8. | ਹੁਕਮਿ ਮੰਨਿਐ ਹੋਵੈ ਪਰਵਾਣੁ | 39 |
| 9. | ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ | 44 |
| 10. | ਬਾਹਰਹੁ ਨਿਰਮਲ ਜੀਅਹੁ ਤ ਮੈਲੇ | 52 |
| 11. | ਮਾਗਨਾ ਮਾਗਨੁ ਨੀਕਾ | 55 |
| 12. | ਪ੍ਰਭੂ-ਕਿਰਪਾ | 58 |
| 13. | ਪੂਰਬਲੇ ਲੇਖ | 65 |
| 14. | ਗੁਰਬਾਣੀ ਵਿਚ ਨਿਰਵੈਰਤਾ ਦਾ ਸੰਕਲਪ | 69 |
| 15. | ਸੋ ਨਿਰਮਲੁ ਨਿਰਮਲ ਹਰਿ ਗੁਨ ਗਾਵੈ | 76 |
| 16. | ਅਣਮੜਿਆ ਮੰਦਲੁ ਬਾਜੈ | 84 |
| 17. | ਗੁਰਬਾਣੀ ਵਿਚ ਹੁਕਮ ਦਾ ਸੰਕਲਪ | 93 |
| 18. | ਮਾਧੌ ਤੂ ਠਾਕੁਰੁ ਸਿਰਿ ਮੋਰਾ | 102 |
| 19. | ਆਠ ਪਹਰ ਗੋਵਿੰਦ ਗੁਣ ਗਾਈਐ | 110 |
| 20. | ਬਾਣੀ ਗੁਰੂ ਗੁਰੂ ਹੈ ਬਾਣੀ | 119 |
| 21. | ਨਾਮ ਗੋਬਿੰਦ ਕਾ ਸਦਾ ਲੀਜੈ | 127 |
| 22. | ਦਰਸਨੁ ਹਰਿ ਦੇਖਣ ਕੈ ਤਾਈ | 135 |
| 23. | ਵਡੀ ਆਰਜਾ ਹਰਿ ਗੋਬਿੰਦ ਕੀ | 144 |
| 24. | ਗੁਰਬਾਣੀ ਵਿਚ 'ਸਚੀ ਟੇਕ' ਦਾ ਸੰਕਲਪ | 151 |

# ਗੁਰ ਸ਼ਬਦ ਵੀਚਾਰ

ਗੁਰ ਸ਼ਬਦ ਤੋਂ ਭਾਵ ਹੈ ਗੁਰੂ ਦੁਆਰਾ ਉਚਾਰਨ ਕੀਤਾ ਸ਼ਬਦ ਜਾਂ ਬਾਣੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸਬਦ' ਅਤੇ 'ਬਾਣੀ' ਸਮਾਨਾਰਥਕ ਵਜੋਂ ਕਈ ਥਾਂ ਵਰਤੇ ਗਏ ਹਨ ਜਿਵੇ:—

***ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥*** (ਪੰਨਾ ੬੪੬)

ਉਪਰੋਕਤ ਤੁਕ ਵਿਚ ਬਾਣੀ, ਗੁਰੁ ਅਤੇ ਸਬਦੁ ਇਕੋ ਅਰਥ ਵਿਚ ਵਰਤੇ ਗਏ ਹਨ। ਸ੍ਰੀ ਗੁਰੂ ਅਮਰਦਾਸ ਜੀ ਦੀ ਹੇਠਲੀ ਤੁਕ ਵਿਚ ਵੀ ਸ਼ਬਦ ਅਤੇ ਬਾਣੀ ਇਕੋ ਅਰਥਾਂ ਵਿਚ ਵਰਤੇ ਗਏ ਹਨ।

***ਸਬਦੋ ਹੀ ਭਗਤ ਜਾਪਦੇ ਜਿਨ੍ ਕੀ ਬਾਣੀ ਸਚੀ ਹੋਇ॥*** (ਪੰਨਾ ੪੨੯)

ਗੁਰੂ ਸਾਹਿਬਾਨ ਦੇ ਮੁਖਾਰਬਿੰਦ ਤੋਂ ਉਚਰਿਤ ਸ਼ਬਦ ਜਾਂ ਬਾਣੀ ਨੂੰ ਗੁਰ ਸ਼ਬਦ ਜਾਂ ਗੁਰਬਾਣੀ ਕਿਹਾ ਗਿਆ ਹੈ। ਸਾਰੀ ਬਾਣੀ ਨੂੰ ਇਕੱਤਰ ਕਰਕੇ ਸੰਪਾਦਿਤ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੇ ਰੂਪ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਚ ੧੬੦੪ ਈ: ਵਿਚ ਸਥਾਪਿਤ ਕੀਤਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਗੁਰੂ ਮਾਨਿਓ ਗ੍ਰੰਥ' ਕਹਿ ਕੇ ਇਸ ਨੂੰ ਗੁਰਗੱਦੀ 'ਤੇ ਬਿਰਾਜਮਾਨ ਕੀਤਾ। ਪਰ ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਵੀ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਗੁਰੂ ਦੇ ਸਮਾਨ ਹੀ ਸਤਿਕਾਰ ਦਿੱਤਾ ਜਾਂਦਾ ਸੀ ਕਿਉਂਕਿ ਇਹ ਖਸਮ (ਵਾਹਿਗੁਰੂ) ਦੀ ਆਪਣੀ ਬਾਣੀ ਸੀ—

***ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥***

(ਪੰਨਾ ੭੨੨)

ਇਸੇ ਦੀ ਪੁਸ਼ਟੀ ਗੁਰੂ ਰਾਮਦਾਸ ਜੀ ਵੀ ਕਰਦੇ ਹਨ ਕਿ—

***ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ***
***ਗੁਰਸਿਖਹੁ ਹਰਿ ਕਰਤਾ ਆਪ ਮੁਹਹੁ ਕਢਾਏ॥*** (ਪੰਨਾ ੩੦੮)

ਕਰਤੇ (ਵਾਹਿਗੁਰੂ) ਨੇ ਆਪ ਮੂੰਹੋਂ ਕਢਾਈ ਹੈ, ਇਸ ਲਈ ਇਹ ਬਾਣੀ ਸਤਿ ਹੈ। ਇਸ ਬਾਣੀ ਨੂੰ ਗੁਰੂ ਰਾਮਦਾਸ ਜੀ ਨੇ ਸਪਸ਼ਟ ਰੂਪ ਵਿਚ ਗੁਰੂ ਕਹਿ ਦਿੱਤਾ ਸੀ—

***ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥***
***ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*** (ਪੰਨਾ ੯੮੨)

ਅਤੇ

***ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥*** (ਪੰਨਾ ੩੦੪)

ਇਸ ਪ੍ਰਕਾਰ ਗੁਰਮਤਿ ਅਨੁਸਾਰ ਸ਼ਬਦ ਹੀ ਗੁਰੂ ਹੈ—

***ਸਬਦੁ ਗੁਰੂ ਸੁਰਤਿ ਧੁਨਿ ਚੇਲਾ॥*** (ਪੰਨਾ ੯੪੩)

ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਗੁਰੂ ਦੇ ਸਿੱਖ ਗੁਰਬਾਣੀ ਪੜ੍ਹਦੇ ਅਤੇ ਸੁਣਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਨੁਖਾ ਜਨਮ ਦਾ ਮਨੋਰਥ ਬਾਣੀ ਸੁਣਨਾ, ਪੜ੍ਹਨਾ ਤੇ ਨਾਮ ਸਿਮਰਨ ਦੱਸਿਆ ਹੈ—

***ਆਇਓ ਸੁਨਨ ਪੜਨ ਕਉ ਬਾਣੀ॥***
***ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ॥***
(ਪੰਨਾ ੧੨੧੯)

ਪਰ ਇਹ ਨਾਮ ਦਾ ਖਜ਼ਾਨਾ ਉਸੇ ਨੂੰ ਮਿਲ ਸਕਦਾ ਹੈ ਜਿਸ ਦੇ ਮਨ ਵਿਚ ਸ਼ਬਦ ਗੁਰੂ ਵੱਸ ਗਿਆ ਹੈ—

***ਨਾਮ ਨਿਧਾਨ ਤਿਸਹਿ ਪਰਾਪਤਿ ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ॥***
(ਪੰਨਾ ੧੦੧)

ਸਬਦੁ ਗੁਰੂ ਮਨ ਵਿਚ ਉਨੀ ਦੇਰ ਤਕ ਨਹੀਂ ਵੱਸਦਾ ਜਦੋਂ ਤਕ ਗੁਰਬਾਣੀ ਦੇ ਪਾਠ ਦੇ ਨਾਲ ਨਾਲ ਵੀਚਾਰ ਕਰਕੇ ਅਰਥ ਭਾਵ ਨੂੰ ਨਹੀਂ ਸਮਝਿਆ ਜਾਂਦਾ। ਉਸ ਸਮੇਂ ਦੇ ਪੰਡਿਤ ਜੋ ਬਿਨਾਂ ਸਮਝੇ ਵੇਦਾਂ ਦੇ ਪਾਠ ਕਰਦੇ ਸਨ, ਦੇ ਸੰਬੰਧ ਵਿਚ ਹਜ਼ੂਰ ਫੁਰਮਾਉਂਦੇ ਹਨ—

***ਬੇਦ ਪਾਠ ਸੰਸਾਰ ਕੀ ਕਾਰ॥ ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ॥***
***ਬਿਨੁ ਬੂਝੇ ਸਭ ਹੋਇ ਖੁਆਰ॥ ਨਾਨਕ ਗੁਰਮੁਖਿ ਉਤਰਸਿ ਪਾਰਿ॥***
(ਪੰਨਾ ੭੯੧)

ਬਿਨਾਂ ਸਮਝੇ ਪਾਠ ਕਰਨ ਵਾਲੇ ਨੂੰ ਗੁਰਬਾਣੀ ਵਿਚ ਮੂਰਖ ਕਿਹਾ ਗਿਆ ਹੈ—

***ਮੂਰਖ ਪੜਹਿ ਸਬਦੁ ਨ ਬੂਝਹਿ ਗੁਰਮੁਖਿ ਵਿਰਲੈ ਜਾਤਾ ਹੇ॥***
(ਪੰਨਾ ੧੦੫੩)

ਪਰ ਸ਼ਬਦ ਦੀ ਸਮਝ ਕਿਸੇ ਵਿਰਲੇ ਨੂੰ ਹੀ ਹੁੰਦੀ ਹੈ—

***ਵਿਰਲੇ ਕਉ ਗੁਰ ਸਬਦੁ ਬੁਝਾਏ॥*** (ਪੰਨਾ ੧੦੫੬)

ਜੋ ਸ਼ਬਦ ਦੀ ਵੀਚਾਰ ਨਹੀਂ ਕਰਦਾ ਉਸ ਨੂੰ ਬਾਣੀ ਵਿਚ ਮਨਮੁਖ ਕਿਹਾ ਗਿਆ ਹੈ—

***ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਬੀਚਾਰ॥***
(ਪੰਨਾ ੮੫੨)

ਅਤੇ ਸ਼ਬਦ ਦੀ ਵੀਚਾਰ ਕਰਨ ਵਾਲੇ ਨੂੰ ਗੁਰਮੁਖ ਕਿਹਾ ਗਿਆ ਹੈ—

***ਗੁਰਮੁਖਿ ਕਰਣੀ ਸਬਦੁ ਵੀਚਾਰੁ॥*** (ਪੰਨਾ ੮੪੧)

ਮਨੁਖ ਅਹੰਕਾਰ ਅਤੇ ਤ੍ਰਿਸ਼ਨਾ ਆਦਿ ਵਿਕਾਰਾਂ ਤੋਂ ਛੁਟਕਾਰਾ ਵੀ ਗੁਰ ਸ਼ਬਦ ਦੀ ਵੀਚਾਰ ਦੁਆਰਾ ਹੀ ਪਾ ਸਕਦਾ ਹੈ—

***ਨਾਨਕ ਗੁਰ ਪਰਸਾਦੀ ਏਹੁ ਮਨੁ ਤਾਂ ਤਰੈ ਜਾ ਛੋਡੈ ਅਹੰਕਾਰੁ॥***
***ਆਸਾ ਮਨਸਾ ਮਾਰੇ ਨਿਰਾਸੁ ਹੋਇ ਗੁਰ ਸਬਦੀ ਵੀਚਾਰੁ॥***

(ਪੰਨਾ ੮੫੧)

ਗੁਰਬਾਣੀ ਮਨੁਖ ਨੂੰ ਨਾਮ ਸਿਮਰਨ ਦੇ ਨਾਲ ਨਾਲ ਸ਼ੁਭ ਅਮਲਾਂ ਲਈ ਪ੍ਰੇਰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਹਿੰਦੂ ਅਤੇ ਮੁਸਲਮਾਨਾਂ ਦਾ ਝਗੜਾ ਨਿਬੇੜਨ ਲਈ ਫੁਰਮਾਇਆ ਸੀ ਕਿ ਨ ਹਿੰਦੂ ਵੱਡਾ ਹੈ ਨ ਮੁਸਲਮਾਨ, ਅਮਲ ਵੱਡੇ ਹਨ।

ਬਾਣੀ ਵਿਚ ਸ਼ੁਭ ਅਮਲ ਕਰਨ ਲਈ ਪ੍ਰੇਰਨਾ ਬਹੁਤ ਕੀਤੀ ਗਈ ਹੈ ਪਰ ਜੇ ਬਾਣੀ ਨੂੰ ਵੀਚਾਰ ਕੇ ਪੜ੍ਹਦੇ ਹੋਏ ਉਸ 'ਤੇ ਚੱਲਣ ਦਾ ਯਤਨ ਕੀਤਾ ਜਾਏ ਤਾਂ ਹੀ ਅਮਲ ਸ਼ੁੱਧ ਹੋ ਸਕਣਗੇ।

ਗੁਰੂ ਅਰਜਨ ਦੇਵ ਜੀ ਹੇਠਲੀ ਤੁਕ ਵਿਚ ਫੁਰਮਾਉਂਦੇ ਹਨ ਸਤਿਗੁਰੂ ਨੇ ਸਿੱਖ ਦੇ ਬੰਧਨ ਕੱਟ ਦੇਣੇ ਹਨ ਜੇ ਉਹ ਵਿਕਾਰਾਂ ਤੋਂ ਹਟ ਜਾਏ—

***ਸਤਿਗੁਰੁ ਸਿਖ ਕੇ ਬੰਧਨ ਕਾਟੈ॥***
***ਗੁਰ ਕਾ ਸਿਖੁ ਬਿਕਾਰ ਤੇ ਹਾਟੈ॥*** (ਪੰਨਾ ੨੮੬)

ਸੁਖਮਨੀ ਸਾਹਿਬ ਦਾ ਪਾਠ ਕਰਦੇ ਸਮੇਂ ਇਹ ਤੁਕ ਸ਼ਰਧਾਲੂ ਹਰ ਰੋਜ਼ ਪੜ੍ਹਦੇ ਹਨ ਪਰ ਇਸ ਗੱਲ ਵੱਲ ਕਦੇ ਧਿਆਨ ਨਹੀਂ ਗਿਆ ਕਿ ਵਿਕਾਰਾਂ ਤੋਂ ਹਟਣਾ ਹੈ। ਇਸੇ ਤਰ੍ਹਾਂ ਜਪੁਜੀ ਸਾਹਿਬ ਦੀ ਬਾਣੀ ਦਾ ਪਾਠ ਕਰਦੇ ਸਮੇਂ—

***ਭਰੀਐ ਮਤਿ ਪਾਪਾ ਕੈ ਸੰਗਿ॥***
***ਓਹੁ ਧੋਪੈ ਨਾਵੈ ਕੈ ਰੰਗਿ॥*** (ਜਪੁ ਪੰਨਾ ੪)

ਤੁਕ ਅਨੇਕ ਵਾਰ ਪੜ੍ਹੀ ਹੋਵੇਗੀ, ਪਰ ਕੀ ਕਦੀ ਨਾਵ ਦੇ ਰੰਗ ਨਾਲ ਪਾਪਾਂ ਦੀ ਮੈਲ ਉਤਾਰਨ ਦਾ ਯਤਨ ਵੀ ਕੀਤਾ ਹੈ? ਨਹੀਂ। ਇਨ੍ਹਾਂ ਉਦਾਹਰਣਾ ਤੋਂ ਸਪਸ਼ਟ ਹੋ ਜਾਂਦਾ ਹੈ, ਕਿ ਕੇਵਲ ਪਾਠ ਕਰਨ ਜਾਂ ਸੁਣਨ ਨਾਲ ਬਹੁਤੀ ਪ੍ਰਾਪਤੀ ਨਹੀਂ ਹੋ ਸਕਦੀ। ਬਾਣੀ ਤਾਂ ਕਹਿ ਰਹੀ ਹੈ—

***ਕਿਆ ਪੜੀਐ ਕਿਆ ਗੁਨੀਐ॥ ਕਿਆ ਬੇਦ ਪੁਰਾਨਾਂ ਸੁਨੀਐ॥***
***ਪੜੇ ਸੁਨੇ ਕਿਆ ਹੋਈ॥ ਜਉ ਸਹਜ ਨ ਮਿਲਿਓ ਸੋਈ॥ ੨॥***

(ਪੰਨਾ ੬੫੫)

ਪਰ ਅਸੀਂ ਫੇਰ ਵੀ ਪੜ੍ਹਨ ਜਾਂ ਸੁਣਨ 'ਤੇ ਹੀ ਜ਼ੋਰ ਦੇ ਰਹੇ ਹਾਂ। ਅਮਲਾਂ ਤੋਂ ਬਿਨਾਂ ਪਾਠ ਇਸ ਤਰ੍ਹਾਂ ਹੈ ਜਿਵੇਂ ਮਲੇਰੀਏ ਦੇ ਕਿਸੇ ਰੋਗੀ ਨੂੰ ਡਾਕਟਰ ਨੇ ਦੱਸਿਆ ਹੋਵੇ— 'ਦਿਨ ਵਿਚ ਦੋ ਵਾਰ ਕੁਨੀਨ ਲੈਣੀ ਹੈ।' ਜੇ ਉਹ ਘਰ ਜਾ ਕੇ ਕੁਨੀਨ ਲੈਣ ਦੀ ਬਜਾਏ ਬਾਰ ਬਾਰ ਇਹ ਆਖੀ ਜਾਏ 'ਦਿਨ ਵਿਚ ਦੋ ਵਾਰ ਕੁਨੀਨ ਲੈਣੀ ਹੈ' ਤਾਂ ਕੀ ਉਹ ਠੀਕ ਹੋ ਸਕੇਗਾ? ਨਹੀਂ। ਠੀਕ ਤਾਂ ਹੀ ਹੋਵੇਗਾ ਜੇ ਕੁਨੀਨ ਲਵੇਗਾ ਗੁਰਬਾਣੀ ਵਿਚ ਗੁਰੂ ਸਾਹਿਬਾਨ ਨੇ ਦੁਨੀਆਂ ਦੇ ਸਰਬ ਰੋਗਾਂ ਨੂੰ ਦੂਰ ਕਰਨ ਦੇ ਸਾਧਨ ਦੱਸੇ ਹਨ। ਪਰ ਅਸੀਂ ਉਨ੍ਹਾਂ 'ਤੇ ਅਮਲ ਕਰਨ ਦੀ ਬਜਾਏ ਉਨ੍ਹਾਂ ਸਾਧਨਾਂ ਨੂੰ ਬਾਰ ਬਾਰ ਉਚਾਰੀ ਜਾਂਦੇ ਹਾਂ। ਗੁਰੂ ਅਰਜਨ ਦੇਵ ਜੀ ਜਗਿਆਸੂ ਨੂੰ ਹੇਠਲੀ ਤੁਕ ਦੁਆਰਾ ਦੁਨੀਆਂ ਦਾ ਸਭ ਤੋਂ ਸ੍ਰੇਸ਼ਟ ਧਰਮ ਦ੍ਰਿੜ੍ਹ ਕਰਵਾਉਂਦੇ ਹਨ—

***ਸਰਬ ਧਰਮ ਮਹਿ ਸ੍ਰੇਸਟ ਧਰਮੁ॥***
***ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥*** *(ਪੰਨਾ ੨੬੬)*

ਜੇ ਜਗਿਆਸੂ ਸੁਖਮਨੀ ਸਾਹਿਬ ਦਾ ਪਾਠ ਤਾਂ ਰੋਜ਼ ਕਰੀ ਜਾਏ, ਪਰ ਨ ਹਰਿ ਦਾ ਨਾਮ ਜਪੇ ਤੇ ਨ ਹੀ ਨਿਰਮਲ ਕਰਮ ਕਰੇ, ਤਾਂ ਉਸ ਨੂੰ ਪ੍ਰਾਪਤੀ ਕਿਵੇਂ ਹੋ ਸਕਦੀ ਹੈ?

ਹੁਣ ਲੋੜ ਇਸ ਗੱਲ ਦੀ ਹੈ ਕਿ ਬਾਣੀ ਦੇ ਪਾਠ ਦੇ ਨਾਲ ਨਾਲ ਵਿਚਾਰ ਕੀਤੀ ਜਾਏ। ਉਹ ਤਾਂ ਹੀ ਹੋ ਸਕਦੀ ਹੈ ਜੇ ਸ਼ਬਦ (ਗੁਰਬਾਣੀ) ਅਤੇ ਸੁਰਤ (ਧਿਆਨ) ਦਾ ਮੇਲ ਹੋਵੇ। ਅਰਥਾਤ ਪਾਠ ਕਰਦੇ ਸਮੇਂ ਬਾਣੀ ਦੇ ਇਕ ਇਕ ਸ਼ਬਦ ਦੇ ਅਰਥ ਵਿਚ ਸਾਡਾ ਧਿਆਨ ਹੋਵੇ। ਉਸ ਉਤੇ ਮਨ ਨਾਲ ਵਿਚਾਰ ਕਰਕੇ ਉਸ ਉਤੇ ਅਮਲ ਕਰਨ ਦਾ ਯਤਨ ਕਰੀਏ। ਇਕੱਲੀ ਇਕੱਲੀ ਤੁਕ ਦੇ ਭਾਵ ਨੂੰ ਮਨ ਵਿਚ ਵਸਾਉਂਦੇ ਹੋਏ ਪਾਠ ਕੀਤਾ ਜਾਣਾ ਚਾਹੀਦਾ ਹੈ। ਸਮਾਂ ਭਾਵੇਂ ਕਿੰਨਾ ਹੀ ਲੱਗ ਜਾਵੇ, ਅਰਥ ਭਾਵ ਨੂੰ ਸਮਝੇ ਬਿਨਾ ਪਾਠ ਕਰਨ ਵਾਲੇ ਕਈ ਵਾਰ ਹਉਮੈ ਦਾ ਸ਼ਿਕਾਰ ਹੋ ਜਾਂਦੇ ਹਨ। ਜਿਵੇਂ ਗੁਰਬਾਣੀ ਵਿਚ ਵੀ ਫੁਰਮਾਨ ਹੈ—

***ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥***
***ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥*** *(ਪੰਨਾ ੬੪੧)*

ਫਿਰ ਇਨ੍ਹਾਂ ਪੰਜ ਵਿਕਾਰਾਂ ਤੋਂ ਛੁਟਕਾਰਾ ਕਿਵੇਂ ਹੋਵੇ? ਕੇਵਲ ਗੁਰੂ ਦੇ ਉਪਦੇਸ਼ ਨੂੰ ਹਿਰਦੇ ਵਿਚ ਵਸਾ ਕੇ ਵਿਕਾਰਾਂ ਤੋਂ ਛੁਟਕਾਰਾ ਪਾਉਂਦੇ ਹੋਏ 'ਮਨ ਇਛੇ' ਫਲ ਪ੍ਰਾਪਤ ਕੀਤੇ ਜਾ ਸਕਦੇ ਹਨ—

***ਸੁਨਿ ਉਪਦੇਸੁ ਹਿਰਦੈ ਬਸਾਵਹੁ॥ ਮਨ ਇਛੇ ਨਾਨਕ ਫਲ ਪਾਵਹੁ॥***
*(ਪੰਨਾ ੨੯੩)*

★ ★ ★

# ਅਰਦਾਸ

ਸਾਧਾਰਣ ਬੋਲੀ ਵਿਚ ਅਰਦਾਸ ਦਾ ਭਾਵ ਹੈ ਬੇਨਤੀ। ਪਰ ਜਦੋਂ ਇਹ ਬੇਨਤੀ ਸਰਵ ਸ਼ਕਤੀਮਾਨ ਅੱਗੇ ਕੀਤੀ ਜਾਵੇ ਤਾਂ ਇਸਨੂੰ ਅਰਦਾਸ ਜਾਂ ਪ੍ਰਾਰਥਨਾ ਕਿਹਾ ਜਾਂਦਾ ਹੈ। ਅਰਦਾਸ, ਉਖੜੇ ਹੋਏ ਹਿਰਦਿਆਂ ਦੀ ਤੜਪ, ਬਿਹਬਲ ਹੋਏ ਮਨਾਂ ਦੀ ਪੁਕਾਰ ਤੇ ਮਾਯੂਸ ਦਿਲਾਂ ਦਾ ਸਹਾਰਾ ਬਣਦੀ ਹੈ। ਸਿੱਖ ਰਹਿਤ ਮਰਯਾਦਾ ਵਿਚ ਅਰਦਾਸ ਦੀ ਬਹੁਤ ਮਹੱਤਤਾ ਹੈ। ਖੁਸ਼ੀ ਦਾ ਮੌਕਾ ਹੋਵੇ ਜਾਂ ਗਮੀ ਦਾ, ਕਾਰਜ ਆਰੰਭ ਕਰਨਾ ਹੋਵੇ ਜਾਂ ਸਮਾਪਤ, ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਆਰੰਭ ਹੋਵੇ ਜਾਂ ਭੋਗ, ਹਰ ਮੌਕੇ 'ਤੇ ਸਿਰਜਣਹਾਰ ਅੱਗੇ ਅਰਦਾਸ ਕੀਤੀ ਜਾਂਦੀ ਹੈ। ਕਿਸੇ ਕਾਰਜ ਦੇ ਆਰੰਭ ਵੇਲੇ ਕਾਰਜ ਦੀ ਸਫਲਤਾ ਲਈ ਅਤੇ ਨਿਰਵਿਘਨ ਸਮਾਪਤੀ ਲਈ ਅਰਜੋਈਆਂ ਕੀਤੀਆਂ ਜਾਂਦੀਆਂ ਹਨ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ ਕਿ ਜੋ ਕੰਮ ਕਰਨਾ ਲੋੜਦੇ ਹਾਂ, ਉਸ ਬਾਰੇ ਵਾਹਿਗੁਰੂ ਨੂੰ ਕਹਿਣਾ ਬਣਦਾ ਹੈ—

***ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥*** *(ਪੰਨਾ ੧)*

ਇਸੇ ਤਰ੍ਹਾਂ ਕਾਰਜ ਦੇ ਸੰਪੰਨ ਹੋਣ 'ਤੇ ਉਸ ਮਾਲਕ ਦਾ ਲੱਖ ਲੱਖ ਸ਼ੁਕਰ ਕਰਦੇ ਹੋਏ ਅਰਦਾਸ ਕਰਨੀ ਬਣਦੀ ਹੈ।

ਅਰਦਾਸ, ਕੇਵਲ ਉਸ ਮਾਲਕ ਅੱਗੇ ਹੀ ਕੀਤੀ ਜਾ ਸਕਦੀ ਹੈ, ਜਿਸ ਅੱਗੇ ਜ਼ੋਰ ਨਹੀਂ ਚਲਦਾ। ਗੁਰੂ ਅੰਗਦ ਦੇਵ ਜੀ ਆਪਣੀ ਬਾਣੀ ਵਿਚ ਫੁਰਮਾਉਂਦੇ ਹਨ ਕਿ ਉਸ ਖਸਮ ਅੱਗੇ ਹੁਕਮ ਨਹੀਂ ਅਰਦਾਸ ਹੀ ਚਲ ਸਕਦੀ ਹੈ—

***ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ॥***
***ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ॥***

*(ਪੰਨਾ ੪੭੪)*

ਜਦੋਂ ਕੋਈ ਬਿਪਤਾ ਪੈਂਦੀ ਹੈ, ਮਨ ਦੁਖੀ ਹੁੰਦਾ ਹੈ, ਹੋਰ ਕੋਈ ਚਾਰਾ ਨਹੀਂ ਰਹਿੰਦਾ ਤਾਂ ਹੱਥ ਆਪਣੇ ਆਪ ਅਰਦਾਸ ਵਿਚ ਜੁੜ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਦਾ ਹੁਕਮ ਹੈ ਕਿ ਜਦੋਂ ਮਨ ਦੁਖੀ ਹੋਵੇ ਤਾਂ ਗੁਰੂ ਅੱਗੇ ਬੇਨਤੀ ਕਰਨੀ ਚਾਹੀਦੀ ਹੈ—

***ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ॥*** *(ਪੰਨਾ ੫੧੯)*

ਹੁਣ ਪ੍ਰਸ਼ਨ ਇਹ ਉਠਦਾ ਹੈ ਕਿ ਦੁਨੀਆਂ ਵਿਚ ਹਰ ਰੋਜ਼ ਜਿੰਨੇ ਪ੍ਰਾਣੀ ਅਰਦਾਸਾਂ ਕਰਦੇ ਹਨ ਕੀ ਸਭ ਦੀਆਂ ਅਰਦਾਸਾਂ ਕਬੂਲ ਹੁੰਦੀਆਂ ਹਨ? ਜੇ ਉਸ

ਮਾਲਕ ਦੀ ਹੋਂਦ ਦਾ ਮਨ ਵਿਚ ਪੂਰਨ ਵਿਸ਼ਵਾਸ ਹੋਵੇ ਅਤੇ ਉਸਨੂੰ ਹਾਜ਼ਰ ਨਾਜ਼ਰ ਸਮਝਦੇ ਹੋਏ ਆਪਾ ਉਸਦੇ ਸਪੁਰਦ ਕਰਕੇ, ਅਤਿ ਨਿਮਰ ਹੋ ਕੇ ਦਿਲੋਂ, ਮਨੋ ਅਰਦਾਸ ਕੀਤੀ ਜਾਏ ਤਾਂ ਜ਼ਰੂਰ ਕਬੂਲ ਹੁੰਦੀ ਹੈ। ਅਜਿਹੀਆਂ ਅਨੇਕਾਂ ਉਦਾਹਰਣਾਂ ਇਤਿਹਾਸ ਵਿਚ ਮਿਲਦੀਆਂ ਹਨ ਜਦੋਂ ਸੱਚੇ ਦਿੱਲੋਂ,੨ ਕੀਤੀ ਅਰਦਾਸ ਕਬੂਲ ਹੋਈ ਹੈ। ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਮਹਾਰਾਜਾ ਰਣਜੀਤ ਸਿੰਘ ਜਦੋਂ ਆਪਣੀਆਂ ਫੌਜਾਂ ਸਮੇਤ ਦਰਿਆ ਸਿੰਧ 'ਤੇ ਪਹੁੰਚੇ ਤਾਂ ਦਰਿਆ ਵਿਚ ਹੜ੍ਹ ਆਇਆ ਹੋਇਆ ਸੀ। ਫੌਜ ਦਰਿਆ ਨੂੰ ਪਾਰ ਕਰਨ ਤੋਂ ਅਸਮਰਥ ਸੀ, ਪਰ ਫੌਜ ਦਾ ਕੂਚ ਕਰਨਾ ਬਹੁਤ ਜ਼ਰੂਰੀ ਸੀ। ਅਖੀਰ ਫੈਸਲਾ ਹੋਇਆ ਕਿ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਜਾਏ। ਅਰਦਾਸ ਸੱਚੀ ਦਰਗਾਹ ਵਿਚ ਕਬੂਲ ਹੋਈ ਅਤੇ ਦਰਿਆ ਦਾ ਪਾਣੀ ਉਤਰਨਾ ਸ਼ੁਰੂ ਹੋ ਗਿਆ ਤੇ ਫੌਜਾਂ ਦਰਿਆ ਪਾਰ ਕਰ ਗਈਆਂ। ਇਸੇ ਤਰ੍ਹਾਂ ਪੁੱਤਰ ਦੀ ਬੀਮਾਰੀ ਸਮੇਂ ਜਦੋਂ ਸਾਰੇ ਵੈਦ ਹਕੀਮ ਆਪਣੀ ਵਾਹ ਲਾ ਚੁੱਕੇ, ਬੱਚਾ ਠੀਕ ਨਾ ਹੋਇਆ ਤਾਂ ਅਖੀਰ ਅਰਦਾਸ ਦੁਆਰਾ ਪੁੱਤਰ ਦੇ ਠੀਕ ਹੋਣ ਦੀ ਸਾਖੀ ਇਤਿਹਾਸ ਵਿਚੋਂ ਮਿਲਦੀ ਹੈ।

ਅਰਦਾਸ ਕਰਨ ਸਮੇਂ ਸਭ ਤੋਂ ਜ਼ਰੂਰੀ ਗੱਲ ਧਿਆਨ ਦੇਣ ਵਾਲੀ ਇਹ ਹੈ ਕਿ ਅਰਦਾਸ ਦੋਨੋਂ ਹੱਥ ਜੋੜ ਕੇ ਖੜੇ ਹੋ ਕੇ ਕੀਤੀ ਜਾਏ।

***ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ॥***
***ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ॥*** *(ਪੰਨਾ ੧੦੯੩)*

ਅਤੇ

***ਦੁਇ ਕਰ ਜੋੜਿ ਕਰਉ ਅਰਦਾਸਿ॥ਤੁਧੁ ਭਾਵੈ ਤਾ ਆਣਹਿ ਰਾਸਿ॥***
*(ਪੰਨਾ ੭੩੬)*

ਅਰਦਾਸ ਕਰਨ ਵਾਲੇ ਦੇ ਮਨ ਵਿਚ, ਜਿਸ ਅੱਗੇ ਉਹ ਅਰਦਾਸ ਕਰ ਰਿਹਾ ਹੈ, ਉਸਦੀ ਹੋਂਦ ਦਾ ਪੂਰਨ ਵਿਸ਼ਵਾਸ ਹੋਣਾ ਜ਼ਰੂਰੀ ਹੈ। ਉਸਨੂੰ ਨਿਸਚਾ ਹੋਵੇ ਕਿ ਉਹ ਮਾਲਕ ਉਸਦੀ ਆਸ ਪੂਰੀ ਕਰਨ ਦੇ ਸਮਰੱਥ ਹੈ ਅਤੇ ਜ਼ਰੂਰ ਪੂਰੀ ਕਰੇਗਾ। ਅਜਿਹੇ ਵਿਸ਼ਵਾਸ ਨਾਲ ਕੀਤੀ ਅਰਦਾਸ ਕਦੇ ਬਿਰਥੀ ਨਹੀਂ ਜਾਂਦੀ। ਅਜਿਹੇ ਵਿਸ਼ਵਾਸ ਦੀ ਉਦਾਹਰਣ ਭਗਤ ਨਾਮਦੇਵ ਦੇ ਜੀਵਨ ਵਿਚ ਮਿਲਦੀ ਹੈ। ਭਗਤ ਜੀ ਨੂੰ ਸਮੇਂ ਦੇ ਹਾਕਮ ਨੇ ਗ੍ਰਿਫਤਾਰ ਕਰ ਲਿਆ ਤੇ ਕਿਹਾ, ਦਿਖਾ ਤੇਰਾ ਰਾਮ ਕਿੱਥੇ ਹੈ? ਇਸ ਮੋਈ ਗਊ ਨੂੰ ਜਿੰਦਾ ਕਰਦੇ ਨਹੀਂ ਤਾਂ ਤੈਨੂੰ ਮਸਤ ਹਾਥੀ ਅੱਗੇ ਸੁੱਟ ਦਿੱਤਾ ਜਾਏਗਾ। ਭਗਤ ਨਾਮਦੇਵ ਜੀ ਨੇ ਅਤਿ ਨਿਮਰ ਹੋ ਕੇ ਬੇਨਤੀ ਕੀਤੀ ਕਿ ਮੈਂ ਗਊ ਨੂੰ ਜਿਵਾਉਣ ਵਾਲਾ ਕੌਣ ਹਾਂ? ਮਾਰਨਾ ਜਿਵਾਉਣਾ ਤਾਂ ਉਸ ਮਾਲਕ ਦੇ ਹੱਥ ਹੈ, ਭਗਵਾਨ ਆਪ ਹੀ ਜਿੰਦਾ ਕਰ ਸਕਦੇ ਹਨ। ਜਦੋਂ ਉਨ੍ਹਾਂ ਦੀ ਕੋਈ ਗੱਲ ਨ ਸੁਣੀ ਗਈ ਤਾਂ ਅਖੀਰ ਭਗਤ

ਨਾਮ ਦੇਵ ਜੀ ਇਕਾਗਰ ਚਿੱਤ ਹੋ ਕੇ ਪ੍ਰਭੂ ਦੇ ਕੀਰਤਨ ਵਿਚ ਲੀਨ ਹੋ ਗਏ। ਕੀਰਤਨ ਦੁਆਰਾ ਉਸ ਮਾਲਕ ਦਾ ਜਸ ਗਾਇਣ ਕੀਤਾ। ਜਦੋਂ ੭ ਘੜੀਆਂ ਕੀਰਤਨ ਕਰਦਿਆਂ ਬੀਤ ਗਈਆਂ ਤਾਂ ਆਪਣੇ ਸਾਥੀ ਤੋਂ ਬੜੇ ਵਿਸ਼ਵਾਸ ਅਤੇ ਹੈਰਾਨੀ ਨਾਲ ਪੁੱਛਦੇ ਹਨ ਕਿ ਕੀ ਅਜੇ ਮਾਲਕ ਬਹੁੜੇ ਨਹੀਂ, ਉਨ੍ਹਾਂ ਨੂੰ ਹੁਣ ਤਕ ਪਹੁੰਚ ਜਾਣਾ ਚਾਹੀਦਾ ਸੀ—

***ਸਾਤ ਘੜੀ ਜਬ ਬੀਤੀ ਸੁਣੀ॥ਅਜਹੁ ਨ ਆਇਓ ਤ੍ਰਿਭਵਣ ਧਣੀ॥***
*(ਪੰਨਾ ੧੧੬੬)*

ਭਗਵਾਨ ਆਪਣੇ ਭਗਤਾਂ ਦੀ ਸਦਾ ਪੈਜ ਰੱਖਦਾ ਆਇਆ ਹੈ। ਧ੍ਰੂ ਅਤੇ ਪ੍ਰਹਿਲਾਦ ਵਾਂਗ ਭਗਤ ਨਾਮਦੇਵ ਦੀ ਲਾਜ ਰੱਖਣ ਲਈ ਵੀ ਭਗਵਾਨ ਪ੍ਰਗਟ ਹੋਏ।

ਅਰਦਾਸ ਕਰਨ ਸਮੇਂ ਅਰਦਾਸੀਆ ਆਪਣੇ ਆਪ ਨੂੰ ਪੂਰਨ ਰੂਪ ਵਿਚ ਵਾਹਿਗੁਰੂ ਦੇ ਹਵਾਲੇ ਕਰ ਦੇਵੇ। ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿਚ ਫੁਰਮਾਉਂਦੇ ਹਨ ਕਿ ਆਪਣੀਆਂ ਸਭ ਸਿਆਣਪਾਂ ਛੱਡ ਕੇ ਤਨ ਮਨ ਉਸਦੇ ਹਵਾਲੇ ਕਰ ਦੇਣਾ ਚਾਹੀਦਾ ਹੈ—

***ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰ॥*** *(ਪੰਨਾ ੫੧੯)*

ਆਪਾ ਉਸਦੇ ਸਪੁਰਦ ਕੀਤੇ ਬਿਨਾਂ, ਉਸਦੇ ਰੰਗ ਵਿਚ ਕਿਵੇਂ ਰੰਗਿਆ ਜਾ ਸਕਦਾ ਹੈ? ਸਿਰ 'ਤੇ ਪਗੜੀ ਬੰਨ੍ਹੀ ਹੈ ਜੇ ਇਸ ਨੂੰ ਰੰਗ ਕਰਵਾਉਣਾ ਹੈ ਤਾਂ ਰੰਗ ਸਾਜ਼ ਨੂੰ ਦੇਣੀ ਹੀ ਪਵੇਗੀ। ਪਗੜੀ ਸਿਰ 'ਤੇ ਹੀ ਰਹੇ ਤੇ ਰੰਗੀ ਵੀ ਜਾਵੇ, ਇਹ ਕਿਵੇਂ ਹੋ ਸਕਦਾ ਹੈ? ਉਸਦੇ ਰੰਗ ਵਿਚ ਰੰਗੇ ਤੋਂ ਬਿਨਾਂ ਮਨ ਜੁੜ ਹੀ ਨਹੀਂ ਸਕਦਾ, ਇਸ ਲਈ ਤਨ ਮਨ ਉਸਨੂੰ ਅਰਪਨ ਕਰਨਾ ਜ਼ਰੂਰੀ ਹੈ—

***ਤੂ ਠਾਕੁਰੁ ਤੁਮ ਪਹਿ ਅਰਦਾਸਿ॥ ਜੀਉ ਪਿੰਡੁ ਸਭੁ ਤੇਰੀ ਰਾਸਿ॥***
*(ਪੰਨਾ ੨੬੮)*

ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਅਰਦਾਸ ਕਰਨ ਸਮੇਂ ਮੰਗਣਾ ਕੀ ਏ? ਕਈ ਵਾਰ ਪ੍ਰਾਣੀ ਨਿਗੂਣੀਆਂ ਸੰਸਾਰਕ ਚੀਜ਼ਾਂ ਪ੍ਰਾਪਤ ਕਰਨ ਲਈ ਅਰਦਾਸਾਂ ਕਰਨ ਲੱਗ ਜਾਂਦਾ ਹੈ। ਇਹ ਭੁੱਲ ਜਾਂਦਾ ਹੈ ਕਿ ਉਹ ਤਾਂ ਬਿਨਾਂ ਮੰਗੇ ਹੀ ਦੇਈ ਜਾ ਰਿਹਾ ਹੈ—

***ਦੇਦਾ ਦੇ ਲੈਦੇ ਥਕਿ ਪਾਹਿ॥*** *(ਪੰਨਾ ੨)*

ਜੋ ਜੋ ਕੋਈ ਮੰਗਦਾ ਹੈ ਉਹੋ ਹੀ, ਉਹ ਦੇਈ ਜਾਂਦਾ ਹੈ—

***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥*** *(ਪੰਨਾ ੬੮੧)*

ਉਸਨੇ ਜਿਥੇ ਜਿਥੇ ਵੀ ਜੀਵ ਪੈਦਾ ਕੀਤੇ ਹਨ, ਚਾਹੇ ਜਲ ਵਿਚ, ਥਲ ਵਿਚ, ਚਾਹੇ ਪੱਥਰਾਂ ਵਿਚ, ਉਥੇ ਹੀ ਉਨ੍ਹਾਂ ਲਈ ਰਿਜ਼ਕ ਵੀ ਪੈਦਾ ਕੀਤਾ ਹੈ, ਮੰਗਣ ਦੀ

ਗੁੰਜਾਇਸ਼ ਹੀ ਨਹੀਂ ਛੱਡੀ ਤੇ ਫਿਰ ਜੇ ਮੰਗੇ ਹੋਏ ਸੰਸਾਰਕ ਪਦਾਰਥ ਮਿਲ ਵੀ ਜਾਣ ਤਾਂ ਕਿਹੜਾ ਕਦੇ ਕੋਈ ਇਨ੍ਹਾਂ ਨਾਲ ਤ੍ਰਿਪਤ ਹੋਇਆ ਹੈ, ਸਗੋਂ ਤ੍ਰਿਸ਼ਨਾ ਹੋਰ ਵਧਦੀ ਹੈ। ਗੁਰੂ ਅਰਜਨ ਦੇਵ ਜੀ ਇਨ੍ਹਾਂ ਵਸਤਾਂ ਦੇ ਮੰਗਣ ਨੂੰ ਝੂਠਾ ਮੰਗਣ ਦੱਸਦੇ ਹਨ—

*ਝੂਠਾ ਮੰਗਣੁ ਜੇ ਕੋਈ ਮਾਗੈ॥*
*ਤਿਸ ਕਉ ਮਰਤੇ ਘੜੀ ਨ ਲਾਗੈ॥* (ਪੰਨਾ ੧੦੯)

ਇਸ ਲਈ ਅਰਦਾਸ ਸਮੇਂ ਸੰਸਾਰਕ ਵਸਤੂਆਂ ਦੀ ਥਾਂ ਅਜਿਹੀ ਵਸਤੂ ਮੰਗੀ ਜਾਏ ਕਿ ਸਦਾ ਸਦਾ ਲਈ ਤ੍ਰਿਪਤ ਹੋ ਜਾਏ। ਹੋਰ ਕੁਝ ਮੰਗਣ ਦੀ ਲੋੜ ਹੀ ਨਾ ਰਹਿ ਜਾਏ। ਉਹ ਵਸਤ ਕਿਹੜੀ ਹੈ? ਗੁਰੂ ਅਰਜਨ ਦੇਵ ਜੀ ਸੇਧ ਦੇ ਰਹੇ ਹਨ ਕਿ ਉਸਦੇ ਨਾਮ ਤੋਂ ਬਿਨਾਂ ਹੋਰ ਕੁਝ ਮੰਗਣਾ, ਦੁੱਖ ਸਮਾਨ ਹੈ—

*ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥*
*ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥* (ਪੰਨਾ ੯੫੮)

ਉਸ ਤੋਂ ਦਾਨ ਮੰਗਣਾ ਹੀ ਹੈ ਤਾਂ ਨਾਮ ਦੀ ਦਾਤ ਮੰਗੀ ਜਾਏ—

*ਜਾਚਕ ਜਨੁ ਜਾਚੈ ਪ੍ਰਭ ਦਾਨੁ॥*
*ਕਰਿ ਕਿਰਪਾ ਦੇਵਹੁ ਹਰਿ ਨਾਮੁ॥* (ਪੰਨਾ ੨੮੯)

ਸਦਾ ਉਸਦੇ ਗੁਣ ਗਾਉਣ ਦੀ ਅਤੇ ਉਸਦੀ ਭਗਤੀ ਕਰਨ ਦੀ ਬਖਸ਼ਿਸ਼ ਦੀ ਹੀ ਮੰਗ ਕਰਨੀ ਚਾਹੀਦੀ ਹੈ—

*ਬੰਦਨਾ ਹਰਿ ਬੰਦਨਾ ਗੁਣ ਗਾਵਹੁ ਗੋਪਾਲ ਰਾਇ॥* (ਪੰਨਾ ੬੮੩)

ਅਤੇ

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥* (ਪੰਨਾ ੨੮੯)

ਕਈ ਵਾਰ ਪੂਰਨ ਵਿਸ਼ਵਾਸ ਨਾਲ ਕੀਤੀ ਅਰਦਾਸ ਵੀ ਪ੍ਰਵਾਨ ਨਹੀਂ ਹੁੰਦੀ। ਅਜਿਹੇ ਮੌਕੇ 'ਤੇ ਸਾਧਾਰਣ ਵਿਅਕਤੀ ਦਾ ਪ੍ਰਭੂ ਵਿਚ ਵਿਸ਼ਵਾਸ ਡੋਲ ਜਾਂਦਾ ਹੈ ਪਰ ਨਿਰਾਸ਼ ਹੋਣ ਦੀ ਲੋੜ ਨਹੀਂ। ਉਹ ਮਾਲਕ ਬੇਹਤਰ ਜਾਣਦਾ ਹੈ ਕਿ ਅਸੀਂ ਕਿਸ ਚੀਜ਼ ਦੇ ਹੱਕਦਾਰ ਹਾਂ ਤੇ ਕਿਸ ਦੇ ਨਹੀਂ। ਜਿਸ ਚੀਜ਼ ਦੇ ਅਸੀਂ ਹੱਕਦਾਰ ਹਾਂ, ਉਹ ਜ਼ਰੂਰ ਦਿੰਦਾ ਹੈ। ਮਨੁਖ ਦਾ ਫਰਜ਼ ਹੈ ਅਰਜੋਈਆਂ ਕਰੀ ਜਾਣਾ, ਬੇਨਤੀਆਂ ਕਰੀ ਜਾਣਾ, ਉਹ ਜ਼ਰੂਰ ਮਿਹਰ ਕਰੇਗਾ। ਖੜੇ ਹੋ ਕੇ ਦੋਨੋਂ ਹੱਥ ਜੋੜ ਕੇ ਮਾਲਕ ਦੀ ਹੋਂਦ ਵਿਚ ਪੂਰਨ ਵਿਸ਼ਵਾਸ ਰੱਖਦੇ ਹੋਏ, ਆਪਾ ਉਸਦੇ ਸਪੁਰਦ ਕਰਕੇ, ਇਕਾਗਰ ਮਨ ਨਾਲ ਕੀਤੀ ਹੋਈ ਅਰਦਾਸ ਕਦੇ ਵਿਅਰਥ ਨਹੀਂ ਜਾ ਸਕਦੀ।

***ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥*** (ਪੰਨਾ ੮੧੯)

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ ਕਿ ਜੋ ਪ੍ਰਾਣੀ ਆਪਣੇ ਪ੍ਰਭੂ ਅੱਗੇ ਅਰਦਾਸ ਕਰਦਾ ਹੈ, ਉਸਦੇ ਜੀਵਨ ਵਿਚ ਕੋਈ ਵਿਘਨ ਆ ਹੀ ਨਹੀਂ ਸਕਦਾ—

***ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ॥***
***ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ॥***

(ਪੰਨਾ ੭੧੪)

★ ★ ★

# ਮਨ ਜੀਤੈ ਜਗ ਜੀਤ ॥

ਜੇ ਮਨ ਜਿੱਤ ਲਿਆ ਤਾਂ ਸਮਝੋ ਸਾਰੇ ਸੰਸਾਰ ਨੂੰ ਜਿੱਤ ਲਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨ ਨੂੰ ਇੰਨੀ ਮਹਾਨਤਾ ਦਿੱਤੀ ਹੈ, ਆਖਰ ਇਹ ਹੈ ਕੀ ਚੀਜ਼? ਇਹ ਬਹੁਤ ਗੁੰਝਲਦਾਰ ਵਸਤੂ ਹੈ ਤੇ ਇਸ ਨੂੰ ਸਮਝਣਾ ਬਹੁਤ ਹੀ ਔਖਾ ਹੈ। ਇਹ ਪਲ ਵਿਚ ਤੋਲਾ ਤੇ ਪਲ ਵਿਚ ਮਾਸਾ। ਹੁਣੇ ਇਥੇ ਹੁੰਦਾ ਹੈ ਤੇ ਹੁਣੇ ਕੋਹਾਂ ਦੂਰ। ਇਹ ਚੌਹੀਂ ਪਾਸੀਂ ਦੌੜਦਾ ਹੈ ਤੇ ਮਨੁਖ ਨੂੰ ਆਪਣੇ ਪਿੱਛੇ ਲਾਈ ਫਿਰਦਾ ਹੈ—

*ਇਹੁ ਮਨੂਆ ਦਹ ਦਿਸਿ ਧਾਵਦਾ ਦੂਜੈ ਭਾਇ ਖੁਆਇਆ ॥*

(ਪੰਨਾ ੫੯੯)

ਇਹ ਇੰਨਾ ਚੰਚਲ ਹੈ ਕਿ ਨੀਂਦ ਵਿਚ ਵੀ ਕਈ ਵਾਰ ਬੰਦੇ ਨੂੰ ਟਿਕਣ ਨਹੀਂ ਦਿੰਦਾ, ਸੁਪਨੇ ਵਿਚ ਉਸਨੂੰ ਘੁਮਾਈ ਫਿਰਦਾ ਹੈ। ਇਸਨੂੰ ਇਧਰ ਉਧਰ ਦੌੜਨ ਤੋਂ, ਤਾਂ ਹੀ ਠਾਕਿਆ ਜਾ ਸਕਦਾ ਹੈ ਜੇ ਇਸ ਦੀ ਸੋਝੀ ਹੋਵੇਗੀ, ਤਾਂ ਤੇ ਇਸ ਮਨ ਨੂੰ ਖੋਜਣ ਦੀ ਲੋੜ ਹੈ—

*ਇਸੁ ਮਨ ਕਉ ਕੋਈ ਖੋਜਹੁ ਭਾਈ ॥* (ਪੰਨਾ ੧੧੨੮-੨੯)

ਮਨ ਨੂੰ ਸਮਝਣ ਲਈ ਕਈ ਪ੍ਰਸ਼ਨ ਸਾਹਮਣੇ ਆਉਂਦੇ ਹਨ। ਜਦੋਂ ਸਰੀਰ ਨਹੀਂ ਰਹਿੰਦਾ ਤਾਂ ਮਨ ਕਿਥੇ ਜਾਂਦਾ ਹੈ?

*ਇਸੁ ਮਨ ਕਉ ਕੋਈ ਖੋਜਹੁ ਭਾਈ ॥*
*ਤਨ ਛੂਟੇ ਮਨੁ ਕਹਾ ਸਮਾਈ ॥* (ਪੰਨਾ ੩੩੦)

ਕੀ ਇਹ ਮਨ ਚੰਚਲ ਹੈ ਜਾਂ ਵੈਰਾਗੀ ਹੈ? ਇਸ ਨੂੰ ਮਮਤਾ ਕਿਥੋਂ ਲੱਗ ਗਈ?

*ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥*
*ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥*

(ਪੰਨਾ ੧੨੬੧)

ਸ੍ਰੀ ਗੁਰੂ ਅਮਰਦਾਸ ਜੀ ਪੰਡਤ ਨੂੰ ਬਹੁਤਾ ਪੜ੍ਹਨ ਨਾਲੋਂ ਮਨ ਤੇ ਵਿਚਾਰ ਕਰਨ ਲਈ ਉਪਦੇਸ਼ ਦਿੰਦੇ ਹਨ—

*ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥*
*ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥*

(ਪੰਨਾ ੧੨੬੧)

ਸ੍ਰੀ ਗੁਰੂ ਅਰਜਨ ਦੇਵ ਜੀ ਵੀ ਦੂਜਿਆਂ ਨੂੰ ਮੱਤਾਂ ਦੇਣ ਤੋਂ ਪਹਿਲਾਂ ਆਪਣੇ ਮਨ ਨੂੰ ਸਮਝਣ ਦੀ ਲੋੜ 'ਤੇ ਜ਼ੋਰ ਦਿੰਦੇ ਹਨ—

***ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ॥*** (ਪੰਨਾ ੩੮੧)

ਮਨ ਦੀ ਸੋਝੀ ਕਿਵੇਂ ਹੋਵੇ? ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਗੁਰਮੁਖ ਵਾਲਾ ਜੀਵਨ ਬਣਾਇਆਂ ਮਨ ਦੀ ਸੋਝੀ ਹੋ ਸਕਦੀ ਹੈ—

***ਗੁਰਮੁਖਿ ਕਰਣੀ ਕਾਰ ਕਮਾਵੈ॥***
***ਤਾ ਇਸੁ ਮਨ ਕੀ ਸੋਝੀ ਪਾਵੈ॥*** (ਪੰਨਾ ੧੫੯)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੋਝੀ ਦਿੱਤੀ ਹੈ ਕਿ ਇਹ ਮਨ ਪੰਜਾਂ ਤੱਤਾਂ ਤੋਂ ਹੀ ਬਣਿਆਂ ਹੈ—

***ਇਹੁ ਮਨੁ ਕਰਮਾ ਇਹੁ ਮਨੁ ਧਰਮਾ॥***
***ਇਹੁ ਮਨੁ ਪੰਚ ਤਤੁ ਤੇ ਜਨਮਾ॥*** (ਪੰਨਾ ੪੧੫)

ਇਹ ਮਨ ਵੱਸ ਵਿਚ ਕਿਉਂ ਨਹੀਂ ਆਉਂਦਾ? ਕਿਉਂਕਿ ਇਸ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਆਲਸ, ਕਪਟ, ਪਾਖੰਡ, ਮਾਇਆ, ਮਮਤਾ ਆਦਿ ਦੀ ਮੈਲ ਲੱਗੀ ਹੋਈ ਹੈ। ਇਹ ਸਭ ਮਨ ਦੀਆਂ ਹੀ ਬਿਰਤੀਆਂ ਹਨ ਅਤੇ ਇਨ੍ਹਾਂ ਮਨੋਬਿਰਤੀਆਂ ਕਾਰਨ ਹੀ ਕਦੀ ਮਨੁਖ ਕ੍ਰੋਧੀ ਹੁੰਦਾ ਹੈ, ਕਦੀ ਲੋਭੀ, ਕਦੀ ਆਲਸੀ, ਕਦੀ ਹੰਕਾਰੀ, ਕਦੀ ਕਪਟੀ, ਕਦੀ ਪਾਖੰਡੀ ਆਦਿ। ਜਿੰਨੀ ਦੇਰ ਇਨ੍ਹਾਂ ਬਿਰਤੀਆਂ ਨੇ ਮਨ ਨੂੰ ਘੇਰਿਆ ਹੋਇਆ ਹੈ, ਉਨੀ ਦੇਰ ਉਹ ਥਿਰ ਨਹੀਂ ਰਹਿ ਸਕਦਾ—

***ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ॥***
***ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ॥***

(ਪੰਨਾ ੩੫੯)

ਮਨ ਹਰਿ-ਜਸ ਕਰ ਹੀ ਨਹੀਂ ਸਕਦਾ ਜਿੰਨਾ ਚਿਰ ਕਾਮ ਕ੍ਰੋਧ ਸਤਾ ਰਹੇ ਹਨ—

***ਮਨੂਆ ਦਹ ਦਿਸ ਧਾਵਦਾ ਓਹ ਕੈਸੇ ਹਰਿ ਗੁਣ ਗਾਵੈ॥***
***ਇੰਦ੍ਰੀ ਵਿਆਪਿ ਰਹੀ ਅਧਿਕਾਈ ਕਾਮੁ ਕ੍ਰੋਧੁ ਨਿਤ ਸੰਤਾਵੈ॥***

(ਪੰਨਾ ੫੬੫)

ਜਿੰਨਾ ਚਿਰ ਮਨ ਮਾਇਆ ਦੇ ਹਨੇਰੇ ਖੂਹ ਵਿਚ ਡੁੱਬਿਆ ਹੋਇਆ ਹੈ ਪਾਰ ਉਤਾਰਾ ਕਿਵੇਂ ਹੋ ਸਕਦਾ ਹੈ—

***ਅੰਧ ਕੂਪਿ ਮਾਇਆ ਮਨੁ ਗਾਡਿਆ ਕਿਉ ਕਰਿ ਉਤਰਉ ਪਾਰਿ ਸੁਆਮੀ॥***

(ਪੰਨਾ ੮੭੬)

ਮਨ ਨੂੰ ਵਿਕਾਰਾਂ ਤੋਂ ਮੋੜਨਾ ਬਹੁਤ ਔਖਾ ਹੈ ਕਿਉਂਕਿ ਇਹ ਬਹੁਤ ਸਬਲ ਹੈ—

***ਇਹ ਮਨੂਆ ਅਤਿ ਸਬਲ ਹੈ ਛਡੈ ਨ ਕਿਤੈ ਉਪਾਇ॥***

(ਪੰਨਾ ੩੩)

ਮਨਮੁਖ ਮਨ ਨੂੰ ਜਿੱਤਣਾ ਬਹੁਤ ਔਖਾ ਹੈ—

***ਮਨਮੁਖ ਮੰਨੁ ਅਜਿਤੁ ਹੈ ਦੂਜੈ ਲਗੈ ਜਾਇ॥*** (ਪੰਨਾ ੬੪੪)

ਅਨੇਕਾਂ ਯਤਨ ਕਰਨ 'ਤੇ ਵੀ ਇਹ ਮਨ ਵੱਸ ਨਹੀਂ ਆਉਂਦਾ—

***ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ॥*** (ਪੰਨਾ ੬੪੪)

ਕਿਉਂਕਿ ਮਨ ਦੀ ਮਤਿ ਤਿਆਗਣੀ ਬਹੁਤ ਔਖੀ ਹੈ—

***ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ॥***

(ਪੰਨਾ ੮੦੦)

ਭਾਵੇਂ ਮਨ ਨੂੰ ਕਾਬੂ ਕਰਨਾ ਬਹੁਤ ਕਠਿਨ ਹੈ, ਪਰ ਸੂਰਮਾ ਉਹ ਹੀ ਹੈ ਜੋ ਇਸ ਨਾਲ ਜੂਝਦਾ ਹੈ—

***ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ॥*** (ਪੰਨਾ ੧੦੮੯)

ਮਨ ਨੂੰ ਵੱਸ ਕਰਨ ਲਈ, ਵਿਕਾਰਾਂ ਦੀ ਮੈਲ ਉਤਾਰਨ ਲਈ, ਮਨੁਖ ਅਨੇਕਾਂ ਕਰਮ ਕਰਦਾ ਹੈ, ਤੀਰਥ ਯਾਤਰਾ ਕਰਦਾ ਹੈ, ਪਰ ਇਹ ਮੈਲ ਨਹੀਂ ਉਤਰਦੀ—

***ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥***

(ਪੰਨਾ ੬੪੨)

ਜੇ ਮਨ ਮੈਲਾ ਹੈ ਤਾਂ ਸਰੀਰ ਧੋਤਿਆਂ ਮਨ ਸਾਫ ਨਹੀਂ ਹੋ ਸਕਦਾ—

***ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨਾ ਹੋਇ॥***

(ਪੰਨਾ ੫੫੮)

ਮਨ ਚੰਗਾ ਕਿਵੇਂ ਹੋਵੇ, ਧੋਖਾ ਕਿਵੇਂ ਉਤਰੇ—

***ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ॥***

(ਪੰਨਾ ੫੫੭)

ਉਸ ਪਾਰਬ੍ਰਹਮ ਦੇ ਗੁਣ ਗਾਇਆਂ ਅਤੇ ਉਸ ਅੱਗੇ ਬੇਨਤੀਆਂ, ਅਰਜੋਈਆਂ ਕੀਤਿਆਂ ਹੀ ਮਨ ਸਾਫ਼ ਹੋ ਸਕਦਾ ਹੈ।

ਸ਼ਬਦ ਦੁਆਰਾ ਹਉਮੈ ਨੂੰ ਮਾਰ ਕੇ ਮਨ ਦੀ ਮੈਲ ਉਤਰ ਸਕਦੀ ਹੈ—

***ਨਾਨਕ ਇਸੁ ਮਨ ਕੀ ਮਲੁ ਇਉ ਉਤਰੈ ਹਉਮੈ ਸਬਦਿ ਜਲਾਇ॥***

(ਪੰਨਾ ੬੫੦)

ਅਤੇ

***ਗੁਰਮੁਖਿ ਇਹੁ ਮਨੁ ਲਇਆ ਸਵਾਰਿ॥***
***ਹਉਮੈ ਵਿਚਹੁ ਤਜੇ ਵਿਕਾਰ॥*** *(ਪੰਨਾ ੧੫੯)*

ਮਨ ਨੂੰ ਵੱਸ ਕਰਨ ਲਈ ਸਤਿ ਸੰਗਤ ਦੀ ਲੋੜ ਹੈ, ਕਿਉਂਕਿ ਮਨ ਜੈਸੀ ਸੰਗਤ ਕਰੇਗਾ ਤੈਸਾ ਹੀ ਫਲ ਮਿਲੇਗਾ—

***ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥***
***ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥***
*(ਪੰਨਾ ੧੩੬੯)*

ਮਨ ਨੂੰ ਵੱਸ ਕਰਨ ਲਈ ਭਾਵੇਂ ਹੋਰ ਕਿੰਨੇ ਵੀ ਯਤਨ ਕੀਤੇ ਜਾਣ, ਪ੍ਰਭੂ ਦੀ ਕਿਰਪਾ ਤੋਂ ਬਿਨਾਂ ਗੱਲ ਨਹੀਂ ਬਣਦੀ—

***ਪ੍ਰਭ ਕਿਰਪਾ ਤੇ ਮਨੁ ਵਸਿ ਆਇਆ॥***
***ਨਾਨਕ ਗੁਰਮੁਖਿ ਤਰੀ ਤਿਨਿ ਮਾਇਆ॥*** *(ਪੰਨਾ ੩੮੫)*

ਗੁਰੂ ਅਮਰਦਾਸ ਜੀ ਵੀ ਗੁਰੂ ਦੀ ਮਿਹਰ ਦੁਆਰਾ ਮਨ ਨੂੰ ਠਾਕਣ ਅਤੇ ਗਿਆਨ ਦੀ ਮਤ ਦੁਆਰਾ ਵੱਸ ਕਰਨ ਦਾ ਢੰਗ ਦੱਸਦੇ ਹਨ—

***ਇਹੁ ਮਨੂਆ ਕਿਉ ਕਰਿ ਵਸਿ ਆਵੈ॥***
***ਗੁਰ ਪਰਸਾਦੀ ਠਾਕੀਐ ਗਿਆਨ ਮਤੀ ਘਰਿ ਆਵੈ॥***
*(ਪੰਨਾ ੪੨੬)*

ਮਨ ਨੂੰ ਮਾਰੇ ਬਿਨਾਂ ਕਿੰਨੀ ਲਿਵ ਲਗਾਓ, ਕੁਝ ਪ੍ਰਾਪਤ ਨਹੀਂ ਹੁੰਦਾ—

***ਵਿਣੁ ਮਨੁ ਮਾਰੇ ਕੋਇ ਨ ਸਿਝਈ ਵੇਖਹੁ ਕੋ ਲਿਵ ਲਾਇ॥***
*(ਪੰਨਾ ੬੫੦)*

ਤੇ ਜਦੋਂ ਵਿਕਾਰਾਂ ਤੋਂ ਰਹਿਤ ਹੋ ਕੇ ਗੁਰੂ ਕ੍ਰਿਪਾ ਦੁਆਰਾ ਇਹ ਸੋਝੀ ਹੋ ਗਈ ਕਿ ਮਨ ਹੀ ਜੋਤ ਸਰੂਪ ਹੈ—

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥***
*(ਪੰਨਾ ੪੪੧)*

ਤਾਂ ਫਿਰ ਬਾਹਰ ਢੂੰਡਣ ਦੀ ਲੋੜ ਨਹੀਂ ਰਹਿ ਜਾਂਦੀ—

***ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ॥***
***ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ॥***
*(ਪੰਨਾ ੫੯੮)*

ਜਦੋਂ ਮਨ ਨਿਰਮਲ ਹੋ ਗਿਆ ਤਾਂ ਹਰਿ ਆਪ ਪਿੱਛੇ ਲੱਗਾ ਫਿਰਦਾ ਹੈ—

***ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥***
***ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥***

(ਪੰਨਾ ੧੩੬੭)

ਸੋ ਸਿਫਤ ਸਾਲਾਹ, ਸਤਿ ਸੰਗਤ ਅਤੇ ਗੁਰੂ ਕਿਰਪਾ ਦੁਆਰਾ ਮਨ ਨੂੰ ਜਿੱਤ ਕੇ ਹੀ ਇਹ ਸੋਝੀ ਹੋ ਸਕਦੀ ਹੈ ਕਿ ਮਨ ਹੀ ਜੋਤ ਸਰੂਪ ਹੈ।

★ ★ ★

# ਹਰਿ ਧਨ ਸੰਚੀਐ ਭਾਈ

ਪੰਜਾਬੀ ਵਿਚ ਕਹਾਵਤ ਪ੍ਰਚਲਿਤ ਹੈ 'ਧਰਮ ਛੋਡ ਧਨ ਕੋਈ ਖਾਏ' ਜਿਸ ਦਾ ਭਾਵ ਹੈ, ਧਰਮ ਦਾ ਤਿਆਗ ਕੀਤੇ ਬਿਨਾਂ ਧਨ ਇਕੱਠਾ ਨਹੀਂ ਹੁੰਦਾ। ਗੁਰਬਾਣੀ ਵਿਚ ਵੀ ਫੁਰਮਾਨ ਹੈ ਕਿ ਪਾਪਾਂ ਤੋਂ ਬਿਨਾਂ ਮਾਇਆ ਇਕੱਠੀ ਨਹੀਂ ਹੁੰਦੀ—

***ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥***

(ਪੰਨਾ ੪੧੭)

ਇਹ ਮਾਇਆ ਬੰਦੇ ਨੂੰ ਪਰਮਾਤਮਾ ਤੋਂ ਦੂਰ ਕਰ ਦਿੰਦੀ ਹੈ—

***ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥***

(ਪੰਨਾ ੯੨੧)

ਇਸ ਦੂਜੇ ਭਾਉ ਦੇ ਕਾਰਨ ਮਨੁਖ ਵਿਕਾਰਾਂ ਵਿਚ ਪੈ ਜਾਂਦਾ ਹੈ, ਉਸਨੂੰ ਭਲੇ ਬੁਰੇ ਦੀ ਪਛਾਣ ਨਹੀਂ ਰਹਿੰਦੀ। ਉਹ ਚੋਰੀ ਕਰਕੇ, ਠੱਗੀ ਮਾਰ ਕੇ, ਰਿਸ਼ਵਤ ਲੈ ਕੇ, ਝੂਠ ਬੋਲ ਕੇ, ਬੇਈਮਾਨੀ ਕਰਕੇ, ਮਿਲਾਵਟ ਕਰਕੇ, ਘੱਟ ਤੋਲ ਕੇ, ਅਮਾਨਤ ਵਿਚ ਖਿਆਨਤ ਕਰਕੇ ਧਨ ਇਕੱਠਾ ਕਰਦਾ ਹੈ। ਇੰਨੇ ਪਾਪ ਕਰਕੇ, ਇਕੱਠਾ ਕੀਤਾ ਧਨ, ਕਦੋਂ ਤਕ ਨਾਲ ਨਿਭੇਗਾ, ਮੂਰਖ ਨੂੰ ਇਹ ਸੋਝੀ ਹੀ ਨਹੀਂ ਰਹਿੰਦੀ—

***ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ***
***ਤਿਨਾ ਇਕ ਵਿਖ ਨਾਲਿ ਨ ਜਾਈ॥***
***ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ***
***ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ॥***

(ਪੰਨਾ ੭੩੪)

ਇਹ ਦੁਨਿਆਵੀ ਧਨ ਇਕੱਠਾ ਵੀ ਪਾਪਾਂ ਨਾਲ ਹੁੰਦਾ ਹੈ ਤੇ ਜੇ ਜਮ੍ਹਾਂ ਹੋ ਜਾਏ ਤਾਂ ਦੁੱਖਾਂ ਦਾ ਕਾਰਨ ਬਣਦਾ ਹੈ। ਜੇ ਕਿਸੇ ਹੋਰ ਪਾਸ ਧਨ ਵੱਧ ਹੈ ਤਾਂ ਮਨੁਖ ਈਰਖਾ ਦੀ ਅੱਗ ਵਿਚ ਸੜਨ ਲੱਗਦਾ ਹੈ। ਜੇ ਦੂਜੇ ਕੋਲ ਘੱਟ ਹੋਵੇ ਤਾਂ ਉਸਨੂੰ ਨੀਵਾਂ ਸਮਝਣ ਲੱਗਦਾ ਹੈ ਤੇ ਆਪ ਹੰਕਾਰ ਵਿਚ ਆ ਜਾਂਦਾ ਹੈ। ਇਸੇ ਧਨ ਦੇ ਗੁਮਾਨ ਵਿਚ ਪ੍ਰਿਥੀ ਚੰਦ ਨੇ ਆਪਣੇ ਪਿਤਾ, ਗੁਰੂ ਰਾਮਦਾਸ ਜੀ ਨਾਲ ਝਗੜਾ ਕੀਤਾ ਸੀ ਤਾਂ ਗੁਰੂ ਪਿਤਾ ਨੇ ਫੁਰਮਾਇਆ ਸੀ—

***ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ॥***

(ਪੰਨਾ ੧੨੦੦)

ਗੁਰੂ ਅਰਜਨ ਦੇਵ ਜੀ ਵੀ ਧਨ ਦਾ ਗੁਮਾਨ ਕਰਨ ਵਾਲੇ ਨੂੰ ਅੰਧਾ ਤੇ ਅਗਿਆਨੀ ਕਹਿੰਦੇ ਹਨ—

***ਧਨ ਭੂਮਿ ਕਾ ਜੋ ਕਰੈ ਗੁਮਾਨੁ॥***
***ਸੋ ਮੂਰਖੁ ਅੰਧਾ ਅਗਿਆਨੁ॥*** (ਪੰਨਾ ੨੭੮)

ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਬਾਵਰੇ ਮਨੁਖ ਨੂੰ ਸਮਝਾਉਂਦੇ ਹਨ ਕਿ ਧਨ ਦਾ ਗਰਬ ਟੁਟਦਿਆਂ ਪਲ ਵੀ ਨਹੀਂ ਲਗਦਾ—

***ਇਸੁ ਤਨ ਧਨੁ ਕਾ ਕਹਹੁ ਗਰਬੁ ਕੈਸਾ॥***
***ਬਿਨਸਤ ਬਾਰ ਨ ਲਾਗੈ ਬਵਰੇ ਹਉਮੈ ਗਰਬਿ ਖਪੈ ਜਗੁ ਐਸਾ॥***

(ਪੰਨਾ ੧੨੭੪)

ਭਾਵੇਂ ਇਸ ਧਨ ਤੋਂ ਬਿਨਾਂ ਮਨੁਖ ਦਾ ਗੁਜ਼ਾਰਾ ਨਹੀਂ ਕਿਉਂਕਿ ਸੰਸਾਰ ਵਿਚ ਰਹਿੰਦਿਆਂ ਹੋਇਆਂ ਰੋਜ਼ਾਨਾ ਕਾਰ ਵਿਹਾਰ ਚਲਾਉਣ ਲਈ ਇਸ ਦੀ ਲੋੜ ਪੈਂਦੀ ਹੈ। ਪਰ ਜੇ ਪ੍ਰਾਣੀ ਉਸ ਦਾਤੇ ਨੂੰ ਭੁੱਲ ਕੇ, ਉਸਦੀ ਮਾਇਆ ਦੇ ਪਿੱਛੇ ਹੀ ਲੱਗ ਜਾਵੇ ਤਾਂ ਗੁਰਬਾਣੀ ਉਸ ਧਨ ਨੂੰ ਕੱਚਾ ਧਨ ਅਤੇ ਇਸਨੂੰ ਇਕੱਠਾ ਕਰਨ ਵਾਲੇ ਨੂੰ ਮੂਰਖ ਤੇ ਗਵਾਰ ਕਹਿੰਦੀ ਹੈ—

***ਕਾਚਾ ਧਨੁ ਸੰਚਹਿ ਮੂਰਖ ਗਾਵਾਰ॥*** (ਪੰਨਾ ੬੬੫)

ਮਨੁਖ ਵਿਚ ਜਮ੍ਹਾਂ ਕਰਨ ਦੀ ਰੁਚੀ ਸੁਭਾਵਿਕ ਹੀ ਹੈ। ਇਸੇ ਬਿਰਤੀ ਅਧੀਨ ਬੱਚੇ ਆਪਣੀਆਂ ਜੇਬਾਂ ਫਜ਼ੂਲ ਚੀਜ਼ਾਂ ਨਾਲ ਭਰੀ ਰੱਖਦੇ ਹਨ। ਇਸੇ ਰੁਚੀ ਅਧੀਨ ਮਨੁਖ ਆਉਣ ਵਾਲੇ ਸਮਿਆਂ ਲਈ, ਆਪਣੇ ਪੁੱਤ ਪੋਤਿਆਂ ਲਈ ਕੁਝ ਜਮ੍ਹਾਂ ਕਰਦਾ ਹੈ ਤੇ ਇਹ ਰੁਚੀ ਹੌਲੀ ਹੌਲੀ ਤ੍ਰਿਸ਼ਨਾ ਦਾ ਰੂਪ ਧਾਰ ਲੈਂਦੀ ਹੈ, ਪਰ ਇਹ ਤ੍ਰਿਸ਼ਨਾ ਕਦੇ ਮਿਟਦੀ ਹੀ ਨਹੀਂ—

***ਸਹਸ ਖਟੇ ਲਖ ਕਉ ਉਠਿ ਧਾਵੈ॥*** (ਪੰਨਾ ੨੭੮—੭੯)
***ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥***

ਅਣਜਾਣ ਨੂੰ ਇਹ ਪਤਾ ਹੀ ਨਹੀਂ ਕਿ ਇਹ ਧਨ ਨਾਲ ਨਹੀਂ ਜਾਣਾ।

ਕਬੀਰ ਜੀ ਲਿਖਦੇ ਹਨ ਕਿ ਜਿਸ ਨੇ ਲੱਖਾਂ ਕਰੋੜਾਂ ਜਮ੍ਹਾਂ ਕੀਤੇ, ਉਹ ਵੀ ਸੰਸਾਰ ਤੋਂ ਨੰਗੇ ਪੈਰ ਹੀ ਗਏ—

***ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥*** (ਪੰਨਾ ੧੩੬੫)

ਅੱਗੇ ਨਾਲ ਜਾਣ ਦੀ ਗੱਲ ਤਾਂ ਦੂਰ ਦੀ ਹੈ, ਇਸ ਜੀਵਨ ਵਿਚ ਵੀ ਇਹ ਧਨ ਸਾਥ ਨਿਭਾਏਗਾ ਜਾਂ ਨਹੀਂ, ਇਸਦਾ ਕੀ ਭਰੋਸਾ ਹੈ? ਇਥੇ ਹੀ ਮਨੁੱਖ, ਲੱਖ ਤੋਂ ਕੱਖ ਹੁੰਦੇ ਵੇਖੇ ਜਾਂਦੇ ਹਨ। ਇਸ ਤਰ੍ਹਾਂ ਇਹ ਧਨ ਦੁੱਖ ਦਾ ਕਾਰਨ ਬਣਦਾ ਹੈ—

***ਬਿਖਿਆ ਕੈ ਧਨਿ ਸਦਾ ਦੁਖੁ ਹੋਇ॥***
***ਨਾ ਸਾਥਿ ਜਾਇ ਨ ਪਰਾਪਤਿ ਹੋਇ॥*** *(ਪੰਨਾ ੬੬੫)*

ਅਤੇ

***ਧਨੁ ਸੰਪੈ ਮਾਇਆ ਸੰਚੀਐ ਅੰਤੇ ਦੁਖਦਾਈ॥***
*(ਪੰਨਾ ੬੪੮)*

ਅੰਤ ਸਮੇਂ ਇਸਨੂੰ ਛੱਡਣ ਦਾ ਦੁੱਖ ਹੀ ਨਹੀਂ, ਪਛਤਾਵਾ ਵੀ ਲੱਗਦਾ ਹੈ—

***ਇਹੁ ਧਨੁ ਸੰਪੈ ਮਾਇਆ ਝੂਠੀ ਅੰਤਿ ਛੋਡਿ ਚਲਿਆ ਪਛੁਤਾਈ॥***
*(ਪੰਨਾ ੭੭)*

ਕੱਚਾ ਧਨ ਜੋ ਸਦਾ ਮਨੁਖ ਲਈ, ਦੁੱਖਾਂ ਦਾ ਕਾਰਨ ਬਣਦਾ ਹੈ, ਨੂੰ ਵਿਹਾਜਨ ਦੀ ਥਾਂ, ਗੁਰਬਾਣੀ, ਉਹ ਸੱਚਾ ਧਨ ਇਕੱਠਾ ਕਰਨ ਦਾ ਉਪਦੇਸ਼ ਦਿੰਦੀ ਹੈ ਜੋ ਇਥੇ ਵੀ ਸਹਾਈ ਹੁੰਦਾ ਹੈ ਅਤੇ ਅਗਲੀ ਦਰਗਾਹ ਵਿਚ ਵੀ। ਨਾਮ ਧਨ ਹੀ ਐਸਾ ਧਨ ਹੈ ਜਿਸਨੂੰ ਨ ਅੱਗ ਦਾ ਡਰ ਹੈ, ਨਾ ਜਲ ਦਾ, ਨ ਚੋਰ ਦਾ, ਨਾ ਤਸਕਰ, ਨ ਜਮਦੂਤ, ਨ ਸ਼ਰੀਕ, ਇਸ ਨੂੰ ਲੈ ਜਾ ਸਕਦਾ ਹੈ, ਨ ਇਸ ਨੂੰ ਕੋਈ ਸਜ਼ਾ ਲੱਗਦੀ ਹੈ, ਨ ਕਦੀ ਮੁਕਦਾ ਹੈ, ਸਦਾ ਸਾਥ ਨਿਭਣ ਵਾਲਾ, ਕੇਵਲ ਹਰਿ ਧਨ ਹੈ—

***ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ***
***ਸਾਚਾ ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ***
***ਜਮਦੂਤੈ ਕਿਸੈ ਕਾ ਗਵਾਇਆ ਨ ਜਾਈ॥***
***ਹਰਿ ਧਨ ਕਉ ਉਚਕਾ ਨੇੜਿ ਨ ਆਵਈ***
***ਜਮੁ ਜਾਗਾਤੀ ਡੰਡੁ ਨ ਲਗਾਈ ॥ ੪ ॥***
*(ਪੰਨਾ ੭੩੪)*

ਅਤੇ

***ਨ ਇਹੁ ਧਨੁ ਜਲੈ ਨ ਤਸਕਰੁ ਲੈ ਜਾਇ॥***
***ਨ ਇਹੁ ਧਨੁ ਡੂਬੈ ਨ ਇਸੁ ਧਨ ਕਉ ਮਿਲੈ ਸਜਾਇ॥ ੨ ॥***
***ਇਸੁ ਧਨ ਕੀ ਦੇਖਹੁ ਵਡਿਆਈ॥***
***ਸਹਜੇ ਮਾਤੇ ਅਨਦਿਨੁ ਜਾਈ ॥ ੩ ॥*** *(ਪੰਨਾ ੮੯੧)*

ਹਰਿ ਧਨ ਸਰਬ ਵਿਆਪਕ ਹੈ, ਘਟ ਘਟ ਵਿਚ ਸਮਾਇਆ ਹੈ, ਪਰ ਮਾਇਆ ਦੇ ਪਰਦੇ ਕਾਰਨ ਮਨੁਖ ਉਸ ਨੂੰ ਦੂਰ ਸਮਝਦਾ ਹੈ—

*ਇਹੁ ਧਨੁ ਸਰਬ ਰਹਿਆ ਭਰਪੂਰਿ॥*
*ਮਨਮੁਖ ਫਿਰਹਿ ਸਿ ਜਾਣਹਿ ਦੂਰਿ॥* (ਪੰਨਾ ੯੯੧)

ਜਿਸ ਉਤੇ ਗੁਰੂ ਮਿਹਰ ਕਰਦਾ ਹੈ ਉਸ ਨੂੰ ਹੀ ਇਹ ਸੋਝੀ ਹੁੰਦੀ ਹੈ—

*ਅੰਤਰਿ ਹਰਿ ਧਨੁ ਸਮਝ ਨ ਹੋਈ॥*
*ਗੁਰ ਪਰਸਾਦੀ ਬੂਝੈ ਕੋਈ॥* (ਪੰਨਾ ੧੦੪੮)

ਗੁਰਬਾਣੀ ਅਨੁਸਾਰ ਹਰਿ ਧਨ ਹੀ ਅਸਲ ਪੂੰਜੀ ਹੈ—

*ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ॥*
(ਪੰਨਾ ੨੨)

ਇਸ ਸੰਸਾਰ ਤੋਂ ਲਾਹਾ, ਉਹ ਹੀ ਖੱਟ ਕੇ ਜਾਂਦੇ ਹਨ ਜੋ ਇਹ ਪੂੰਜੀ ਇਕੱਠੀ ਕਰਕੇ ਜਾਂਦੇ ਹਨ—

*ਲਾਹਾ ਜਗ ਮਹਿ ਸੇ ਖਟਹਿ ਜਿਨ ਹਰਿ ਧਨੁ ਰਾਸਿ॥*
(ਪੰਨਾ ੩੨੧)

ਪਰ ਇਸ ਸੱਚੀ ਰਾਸ ਨੂੰ ਕੋਈ ਵਿਰਲਾ ਹੀ ਜਾਣਦਾ ਹੈ, ਬਾਕੀ ਕੱਚੇ ਧਨ ਦੇ ਪਿੱਛੇ ਹੀ ਲੱਗੇ ਰਹਿੰਦੇ ਹਨ—

*ਹਰਿ ਧਨੁ ਸਚੀ ਰਾਸਿ ਹੈ, ਕਿਨੈ ਵਿਰਲੈ ਜਾਤਾ॥*
(ਪੰਨਾ ੩੧੯)

ਇਹ ਹਰਿ ਧਨ ਦੀ ਪੂੰਜੀ, ਪ੍ਰਾਪਤ ਉਸੇ ਨੂੰ ਹੁੰਦੀ ਹੈ, ਜਿਸ ਨੂੰ ਉਹ ਆਪ ਦਿੰਦਾ ਹੈ, ਜਿਸ ਉਤੇ ਉਸ ਦੀ ਮਿਹਰ ਹੁੰਦੀ ਹੈ—

*ਤਿਸੈ ਪਰਾਪਤਿ ਭਾਇਰਹੁ ਜਿਸੁ ਦੇਇ ਬਿਧਾਤਾ॥*
(ਪੰਨਾ ੩੧੯)

ਅਤੇ

*ਸੇ ਧਨਵੰਤ ਹਰਿ ਨਾਮਿ ਲਿਵ ਲਾਇ॥*
*ਗੁਰਿ ਪੂਰੇ ਹਰਿ ਧਨੁ ਪਰਗਾਸਿਆ*
*ਹਰਿ ਕਿਰਪਾ ਤੇ ਵਸੈ ਮਨਿ ਆਇ॥*
(ਪੰਨਾ ੬੬੩)

ਜਿਨ੍ਹਾਂ ਦੇ ਪਾਸ ਹਰਿ ਧਨ ਦੀ ਪੂੰਜੀ ਹੈ, ਉਨ੍ਹਾਂ ਦੀ ਸੰਗਤ ਕੀਤਿਆਂ ਦੁੱਖ ਦੂਰ ਹੋ ਜਾਂਦੇ ਹਨ—

*ਹਰਿ ਧਨੁ ਜਾ ਕੈ ਗ੍ਰਿਹਿ ਵਸੈ॥*
*ਕਹੁ ਨਾਨਕ ਤਿਨ ਸੰਗਿ ਦੁਖੁ ਨਸੈ॥* (ਪੰਨਾ ੨੧੨)

ਅਤੇ ਜਿਨ੍ਹਾਂ ਨੇ ਹਰਿ ਧਨ ਦੀ ਕਮਾਈ ਕਰਕੇ ਭੰਡਾਰ ਭਰ ਲਏ ਹਨ, ਸਤਿਗੁਰ ਉਨ੍ਹਾਂ ਦੇ ਸਾਰੇ ਕਾਰਜ, ਆਪ ਸਵਾਰਦਾ ਹੈ—

*ਹਰਿ ਧਨੁ ਖਾਟਿ ਕੀਏ ਭੰਡਾਰ॥*
*ਮਿਲਿ ਸਤਿਗੁਰ ਸਭਿ ਕਾਜ ਸਵਾਰ॥* (ਪੰਨਾ ੮੬੭)

ਗੁਰੂ ਨਾਨਕ ਦੇਵ ਜੀ ਦਾ ਹੁਕਮ ਹੈ ਕਿ ਹਰਿ ਧਨ ਤੋਂ ਬਿਨਾਂ ਕੋਈ ਪਰਮਗਤਿ ਨੂੰ ਪ੍ਰਾਪਤ ਹੀ ਨਹੀਂ ਹੋ ਸਕਦਾ—

*ਇਕ ਬਾਤ ਅਨੂਪ ਸੁਨਹੁ ਨਰ ਭਾਈ॥*
*ਇਸੁ ਧਨ ਬਿਨੁ ਕਹਹੁ ਕਿਨੈ ਪਰਮ ਗਤਿ ਪਾਈ॥*
(ਪੰਨਾ ੮੯੧)

ਇਸ ਜੀਵਨ ਵਿਚ, ਜੋ ਇਸ ਧਨ ਤੋਂ ਵਾਂਝੇ ਰਹਿ ਗਏ ਹਨ, ਉਨ੍ਹਾਂ ਨੂੰ ਦੀਵਾਲੀਏ ਕਿਹਾ ਗਿਆ ਹੈ—

*ਜਿਨੀ ਗੁਰਮੁਖਿ ਹਰਿ ਨਾਮ ਧਨੁ ਨ ਖਟਿਓ*
*ਸੇ ਦੀਵਾਲੀਏ ਜੁਗ ਮਾਹਿ॥*
*ਓਇ ਮੰਗਦੇ ਫਿਰਹਿ ਸਭ ਜਗਤ ਮਹਿ ਕੋਈ*
*ਮੁਹਿ ਥੁਕ ਨ ਤਿਨ ਕਉ ਪਾਹਿ॥*
(ਪੰਨਾ ੮੫੨)

ਗੁਰਬਾਣੀ ਵਿਚ, ਦੁਨਿਆਵੀ ਧਨ ਦੀ ਵਿਅਰਥਤਾ ਦੱਸ ਕੇ, ਹਰਿ ਧਨ ਜਾਂ ਨਾਮ ਧਨ, ਜੋ ਅਸਲ ਧਨ ਹੈ, ਉਸਦੀ ਕਮਾਈ ਕਰਨ ਲਈ, ਮਨੁਖ ਨੂੰ ਉਪਦੇਸ਼ ਦਿੱਤਾ ਗਿਆ ਹੈ, ਕਿਉਂਕਿ ਇਹ ਧਨ ਹੀ, ਇਥੇ ਵੀ ਤੇ ਅੱਗੇ ਜਾ ਕੇ ਵੀ ਕੰਮ ਆਉਣਾ ਹੈ—

*ਹਰਿ ਧਨੁ ਸੰਚੀਐ ਭਾਈ॥*
*ਜਿ ਹਲਤਿ ਪਲਤਿ ਹਰਿ ਹੋਇ ਸਖਾਈ॥*
(ਪੰਨਾ ੭੩੩—੭੩੪)

★ ★ ★

# ਹਰਿ ਜਸ

'ਹਰਿ' ਵਾਹਿਗੁਰੂ ਜਾਂ ਅਕਾਲ ਪੁਰਖ ਦੇ ਅਨੇਕ ਨਾਵਾਂ ਵਿਚੋਂ ਇਕ ਹੈ ਅਤੇ 'ਜਸ' ਦਾ ਭਾਵ ਹੈ—ਵਡਿਆਈ, ਸੋਭਾ, ਉਸਤਤਿ, ਕੀਰਤਿ, ਉਪਮਾ, ਸਿਫਤ, ਵਾਹੁ ਵਾਹੁ, ਮਹਿਮਾ, ਸਲਾਹੁਣਾ, ਗੁਣ ਗਾਉਣਾ ਆਦਿ। ਇਹ ਸਾਰੇ ਸ਼ਬਦ ਗੁਰਬਾਣੀ ਵਿਚ ਪਰਮੇਸ੍ਵਰ ਦੀ ਵਡਿਆਈ ਲਈ ਵਰਤੇ ਗਏ ਹਨ।*

ਗੁਰਬਾਣੀ ਅਨੁਸਾਰ ਸ੍ਰਿਸ਼ਟੀ ਦਾ ਸਿਰਜਨਹਾਰ ਅਕਾਲ ਪੁਰਖ ਆਪ ਹੈ। ਉਸਨੇ ਹੀ ਧਰਤੀ, ਆਕਾਸ਼, ਚੰਨ, ਸੂਰਜ, ਤਾਰੇ, ਹਵਾ, ਪਾਣੀ, ਅੱਗ ਆਦਿ ਬਣਾਏ ਹਨ। ਅਨੇਕ ਪ੍ਰਕਾਰ ਦੇ ਜੀਵ ਜੰਤੂ ਪੈਦਾ ਕੀਤੇ, ਬੇਅੰਤ ਫੁੱਲ, ਬੂਟੇ, ਦਰਖਤ ਉਪਜਾਏ। ਉਸਦੇ ਬਣਾਏ ਪਹਾੜ ਗੁਫਾਵਾਂ, ਦਰਿਆ, ਸਮੁੰਦਰ, ਨਦੀਆਂ ਨਾਲੇ, ਚਸ਼ਮੇ, ਝੀਲਾਂ ਆਦਿ ਵੇਖ ਕੇ ਮਨ ਦੰਗ ਰਹਿ ਜਾਂਦਾ ਹੈ। ਉਸ ਦੇ ਰਚੇ ਸੁੰਦਰ ਕੁਦਰਤੀ ਨਜ਼ਾਰਿਆਂ ਨੂੰ ਵੇਖ ਕੇ ਆਪ ਮੁਹਾਰੇ ਸਿਰ ਸਿਜਦੇ ਵਿਚ ਝੁਕ ਜਾਂਦਾ ਹੈ। ਡਾ: ਭਾਈ ਵੀਰ ਸਿੰਘ ਨੇ ਵੈਰੀ ਨਾਗ ਦੇ ਚਸ਼ਮੇ ਨੂੰ ਪਹਿਲੀ ਵਾਰ ਤੱਕਿਆ ਤਾਂ ਆਪ ਮੁਹਾਰੇ ਉਨ੍ਹਾਂ ਦਾ ਸਿਰ ਕਾਦਰ ਅੱਗੇ ਝੁੱਕ ਗਿਆ—

***ਵੈਰੀ ਨਾਗ ਤੇਰਾ ਪਹਿਲਾ ਝਲਕਾ, ਜਦ ਅੱਖੀਆਂ ਵਿਚ ਵੱਜਦਾ।***
***ਕੁਦਰਤ ਦੇ ਕਾਦਰ ਦਾ ਜਲਵਾ,ਲੈ ਲੈਂਦਾ ਇਕ ਸਿਜਦਾ।***

ਮਨੁੱਖ ਨੂੰ ਇਹ ਮਨੁਖਾ ਸਰੀਰ, ਜਿਸਨੂੰ ਦੇਵਤੇ ਵੀ ਤਰਸਦੇ ਹਨ, ਵਾਹਿਗੁਰੂ ਦੀ ਕਿਰਪਾ ਦੁਆਰਾ ਮਿਲਿਆ ਹੈ। ਉਸਨੇ ਮਨੁਖ ਨੂੰ ੮੪ ਲੱਖ ਜੂਨਾਂ ਵਿਚੋਂ ਉੱਤਮ ਜਨਮ

---

੧. *ਕਹਣੁ ਨ ਜਾਈ ਤੇਰੀ ਤਿਲੁ 'ਵਡਿਆਈ'॥ (ਪੰਨਾ ੯)
੨. ਵਡੀ ਵਡਿਆਈ ਅਚਰਜੁ 'ਸੋਭਾ' ਕਾਰਜੁ ਆਇਆ ਰਾਸੇ॥ (ਪੰਨਾ ੬੦੯)
੩. 'ਉਸਤਤਿ' ਮਨ ਮਹਿ ਕਰਿ ਨਿਰੰਕਾਰ॥ (ਪੰਨਾ ੨੮੧)
੪. ਜੋ ਜਨੁ ਕਰੈ 'ਕੀਰਤਨੁ' ਗੋਪਾਲ॥ ਤਿਸੁ ਕਉ ਪੋਹਿ ਨ ਸਕੈ ਜਮਕਾਲੁ॥ (ਪੰਨਾ ੮੬੭)
੫. 'ਉਪਮਾ' ਜਾਤ ਨ ਕਹੀ ਮੇਰੇ ਪ੍ਰਭ ਕੀ ਉਪਮਾ ਜਾਤ ਨ ਕਹੀ॥ (ਪੰਨਾ ੮੩੭)
੬. ਆਖਣ ਵਾਲਾ ਕਿਆ ਵੇਚਾਰਾ॥ 'ਸਿਫਤੀ' ਭਰੇ ਤੇਰੇ ਭੰਡਾਰਾ॥ (ਪੰਨਾ ੯)
੭. ਨਾਨਕ 'ਵਾਹੁ ਵਾਹੁ' ਕਹੁ ਤਾ ਕਉ ਜਾ ਕਾ ਅੰਤੁ ਨਾ ਪਾਰੁ॥ (ਪੰਨਾ ੧੨੨੧)
੮. ਹਰਿ ਕੀ 'ਮਾਹਿਮਾ' ਕਿਛੁ ਕਥਨੁ ਨ ਜਾਈ॥ (ਪੰਨਾ ੧੧੬੪)
੯. ਵਿਣੁ ਨਾਵੈ ਹੋਰੁ 'ਸਲਾਹਣਾ' ਸਭੁ ਬੋਲਣੁ ਫਿਕਾ ਸਾਦੁ॥ (ਪੰਨਾ ੩੦੧)
੧੦. ਆਠ ਪਹਰ 'ਗੁਨ ਗਾਵਤ' ਪ੍ਰਭ ਕੇ ਕਾਮ ਕ੍ਰੋਧ ਇਸੁ ਤਨ ਤੇ ਜਾਤ॥ (ਪੰਨਾ ੮੨੧)

ਹੀ ਨਹੀਂ ਦਿੱਤਾ, ਸਗੋਂ ਕੰਮ ਕਰਨ ਲਈ ਹੱਥ ਦਿੱਤੇ ਹਨ, ਚੱਲਣ ਲਈ ਪੈਰ ਦਿੱਤੇ ਹਨ, ਵੇਖਣ ਲਈ ਨੇਤਰ, ਸੁਣਨ ਲਈ ਕੰਨ, ਸੁਆਦ ਲਈ ਰਸਨਾ (ਜੀਭ) ਆਦਿ ਤੋਂ ਬਿਨਾਂ ਖਾਣ ਲਈ ਛੱਤੀ ਪ੍ਰਕਾਰ ਦੇ ਭੋਜਨ ਅਤੇ ਹੋਰ ਬੇਅੰਤ ਦਾਤਾਂ ਦਿੱਤੀਆਂ ਹਨ। ਉਹ ਆਪ ਬੇਅੰਤ ਹੈ, ਉਸਦੀ ਰਚਨਾ ਬੇਅੰਤ ਹੈ ਅਤੇ ਉਸ ਦੀਆਂ ਦਾਤਾਂ ਵੀ ਬੇਅੰਤ ਹਨ। ਜਿਸਦੀ ਕ੍ਰਿਪਾ ਦੁਆਰਾ ਅਮੋਲਕ ਜਨਮ ਅਤੇ ਅਨੇਕ ਦਾਤਾਂ ਮਿਲੀਆਂ ਹਨ, ਉਸਨੂੰ ਯਾਦ ਕਰਨਾ ਅਤੇ ਉਸਦੀ ਸਿਫਤ ਸਾਲਾਹ ਕਰਨੀ ਮਨੁੱਖ ਦਾ ਪਹਿਲਾ ਫਰਜ਼ ਹੈ।

ਉਸਦੇ ਗੁਣ ਗਾਉਣ ਨਾਲ ਮਨੁਖ ਦੇ ਦੁੱਖਾਂ ਦੇ ਮੂਲ ਕਾਰਨ ਦੂਰ ਹੋ ਜਾਂਦੇ ਹਨ ਅਤੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਗੁਰਬਾਣੀ ਵਿਚ ਅਜਿਹੇ ਅਨੇਕਾਂ ਪ੍ਰਮਾਣ ਮਿਲਦੇ ਹਨ। ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ (ਦੁੱਖਾਂ ਦਾ ਮੂਲ ਕਾਰਨ) ਹਉਮੈ, ਸਿਰਜਨਹਾਰ ਦਾ ਜਸ ਕਰਨ ਨਾਲ ਦੂਰ ਹੋ ਜਾਂਦੀ ਹੈ ਅਤੇ ਮਨ ਨਿਰਮਲ ਹੋ ਜਾਂਦਾ ਹੈ।[੧] ਗੁਰ ਅਰਜਨ ਦੇਵ ਜੀ ਵੀ ਕਾਮ ਕ੍ਰੋਧ ਆਦਿ ਵਿਕਾਰਾਂ ਤੋਂ ਛੁਟਕਾਰਾ ਪਾਉਣ ਲਈ ਉਸਦੇ ਗੁਣ ਗਾਉਣ ਦਾ ਆਦੇਸ਼ ਦਿੰਦੇ ਹਨ।[੨] ਉਸਦੇ ਗੁਣ ਗਾਉਣ ਨਾਲ ਮੁੱਖ ਉਜੱਲ ਤੇ ਚਿੱਤ ਨਿਰਮਲ ਹੁੰਦਾ ਹੈ।[੩] ਸਭ ਪ੍ਰਕਾਰ ਦੇ ਦੁੱਖ ਅਤੇ ਭਰਮ ਕੱਟੇ ਜਾਂਦੇ ਹਨ।[੪] ਉਸਦਾ ਜਸ ਕਰਨ ਨਾਲ ਸਭ ਪ੍ਰਕਾਰ ਦੇ ਪਾਪ ਦੂਰ ਹੋ ਜਾਂਦੇ ਹਨ।[੫] ਉਸਦੀ ਸਿਫਤ ਸਾਲਾਹ ਕਰਨ ਨਾਲ ਸਭ ਭੁੱਖਾਂ ਮਿੱਟ ਜਾਂਦੀਆਂ ਹਨ।[੬] ਉਸਦਾ ਜਸ ਕਰਨ ਨਾਲ ਮਨੁਖ ਨੂੰ ਪਰਮ ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਆਵਾਗਉਣ ਦਾ ਚੱਕਰ ਮੁੱਕ ਜਾਂਦਾ ਹੈ।[੭] ਗੁਣ ਗਾਉਣ ਨਾਲ ਪ੍ਰਭੂ ਨਾਲ ਲਿਵ ਲੱਗ ਜਾਂਦੀ ਹੈ ਅਤੇ ਮਨੁਖ ਪਰਮਗਤਿ ਨੂੰ ਪ੍ਰਾਪਤ ਹੁੰਦਾ ਹੈ।[੮] ਜੋ ਕੋਈ ਉਸਦੇ ਗੁਣ ਗਾਉਂਦਾ ਹੈ ਉਸਨੂੰ ਇਸਦਾ

---

੧. ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ॥ (ਪੰਨਾ ੫੧੫)

੨. ਆਠ ਪਹਰ ਗੁਨ ਗਾਵਤ ਪ੍ਰਭ ਕੇ ਕਾਮ ਕ੍ਰੋਧ ਇਸੁ ਤਨ ਤੇ ਜਾਤ॥ (ਪੰਨਾ ੮੨੧)

੩. ਕਹੁ ਨਾਨਕ ਗੁਣ ਗਾਈਅਹਿ ਨੀਤ॥<br>ਮੁਖ ਊਜਲ ਹੋਇ ਨਿਰਮਲ ਚੀਤ॥ (ਪੰਨਾ ੩੭੬)

੪. ਊਠਤ ਬੈਠਤ ਹਰਿ ਗੁਣ ਗਾਵੈ ਦੂਖੁ ਦਰਦੁ ਭ੍ਰਮੁ ਭਾਗਾ॥ (ਪੰਨਾ ੬੧੪)

੫. ਹਰਿ ਜਸੁ ਗਾਵਹੁ ਭਗਵਾਨ॥ ਜਸੁ ਗਾਵਤ ਪਾਪ ਲਹਾਨ॥ (ਪੰਨਾ ੧੨੯੮)

੬. ਜਿਤੁ ਮੁਖਿ ਤੂ ਸਾਲਾਹੀਅਹਿ ਤਿਤੁ ਮੁਖਿ ਕੈਸੀ ਭੂਖ॥ (ਪੰਨਾ ੧੩੨੮)

੭. ਗਾਵਹੁ ਰਾਮ ਕੇ ਗੁਣ ਗੀਤ॥ ਨਾਮੁ ਜਪਤ ਪਰਮ ਸੁਖੁ ਪਾਈਐ<br>ਆਵਾ ਗਉਣੁ ਮਿਟੈ ਮੇਰੇ ਮੀਤ॥ (ਪੰਨਾ ੯੦੧)

੮. ਗਾਵਤ ਗਾਵਤ ਪਰਮਗਤਿ ਪਾਈ॥ ਗੁਰ ਪ੍ਰਸਾਦਿ ਨਾਨਕ ਲਿਵ ਲਾਈ॥<br>(ਪੰਨਾ ੮੯੨)

ਫਲ ਜ਼ਰੂਰ ਮਿਲਦਾ ਹੈ।[੯] ਤਾਂ ਤੇ ਮਨੁੱਖ ਨੂੰ ਉਠਦਿਆ ਬਹਿੰਦਿਆਂ ਉਸਦੇ ਗੁਣ ਗ਼ਾਉਣੇ ਚਾਹੀਦੇ ਹਨ।

ਗੁਰਸਿੱਖ ਗੁਰਬਾਣੀ ਦੇ ਪਾਠ ਅਤੇ ਕੀਰਤਨ ਦੁਆਰਾ ਹਰਿ ਜਸ ਕਰਦੇ ਹਨ। ਗੁਰਬਾਣੀ ਵਿਚ ਹਰਿ ਦਾ ਜਸ ਖੁਲ੍ਹ ਕੇ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਚਾਰਨ ਕੀਤੀ ਬਾਣੀ 'ਜਪੁ' ਅਤੇ ਇਸ ਬਾਣੀ ਦੇ ਸ਼ੁਰੂ ਵਿਚ ਦਿੱਤੇ ਮੂਲ ਮੰਤਰ ਤੋਂ ਹੁੰਦਾ ਹੈ ਅਤੇ ਮੂਲ ਮੰਤਰ ਦਾ ਇਕ ਇਕ ਸ਼ਬਦ ਗੁਰੂ ਨਾਨਕ ਦੇਵ ਜੀ ਵਲੋਂ ਅਕਾਲ ਪੁਰਖ ਦੀ ਵਡਿਆਈ ਵਿਚ ਉਚਾਰਨ ਕੀਤਾ ਗਿਆ ਹੈ। ਉਹ ਇਕ ਹੈ, ਉਹ ਸਤਿ ਹੈ, ਉਹ ਕਰਤਾ ਹੈ, ਉਹ ਨਿਰਭਉ ਹੈ, ਨਿਰਵੈਰ ਹੈ, ਸਮੇਂ ਦੀ ਸੀਮਾਂ ਤੋਂ ਰਹਿਤ ਹੈ, ਅਜੂਨੀ ਹੈ, ਸੈਭੰ ਹੈ, ਉਹ ਆਦਿ ਕਾਲ ਤੋਂ ਹੈ, ਜੁਗਾਂ ਜੁਗਾਂ ਤੋਂ ਹੈ, ਇਸ ਸਮੇਂ ਵੀ ਹੈ ਤੇ ਅੱਗੋਂ ਵੀ ਹੋਵੇਗਾ। ਉਸਨੂੰ ਕੋਈ ਪੈਦਾ ਕਰਨ ਵਾਲਾ ਨਹੀਂ ਹੈ ਕਿਉਂਕਿ ਉਹ ਆਪਣੇ ਆਪ ਤੋਂ ਹੀ ਪ੍ਰਕਾਸ਼ਮਾਨ ਹੈ—

*ਥਾਪਿਆ ਨ ਜਾਇ ਕੀਤਾ ਨ ਹੋਇ॥*
*ਆਪੇ ਆਪਿ ਨਿਰੰਜਨੁ ਸੋਇ॥* (ਪੰਨਾ ੨)

ਉਸਦਾ ਕੋਈ ਅੰਤ ਪਾਰਾਵਾਰ ਨਹੀਂ ਹੈ।[੧੦] ਗੁਰੂ ਅਮਰਦਾਸ ਜੀ ਉਸਨੂੰ ਅਗੰਮ ਅਗੋਚਰ ਕਹਿ ਕੇ ਵਡਿਆਉਂਦੇ ਹਨ।[੧੧] ਉਹ ਸਭ ਤੋਂ ਵੱਡਾ ਹੈ ਅਤੇ ਉਸ ਜਿੰਨਾ ਵੱਡਾ ਹੋਰ ਕੋਈ ਨਹੀਂ ਹੈ।[੧੨] ਉਹ ਸਰਬ ਵਿਆਪਕ ਹੈ।[੧੩] ਉਹ ਕਰਨ ਕਰਾਵਨਹਾਰ ਤੇ ਘਟ ਘਟ ਦੀਆਂ ਜਾਣਨ ਵਾਲਾ ਹੈ।[੧੪]

ਉਹ ਅਮੋਲਕ ਹੈ ਉਸ ਦਾ ਕੋਈ ਮੁੱਲ ਨਹੀਂ ਪਾਇਆ ਜਾ ਸਕਦਾ।[੧੫] ਉਹ ਦਰਿਆ ਸਮਾਨ ਹੈ ਤੇ ਸਭ ਕੁਝ ਉਸਦੇ ਵਿਚ ਸਮਾਇਆ ਹੋਇਆ ਹੈ।[੧੬] ਉਹ ਵਰਣਾਂ

---

੯. ਗੁਨ ਗੋਬਿਦ ਕੀਰਤਨੁ ਜਨੁ ਗਾਵੈ॥ ਗੁਰ ਪ੍ਰਸਾਦਿ ਨਾਨਕ ਫਲੁ ਪਾਵੈ॥ (੨੮੫)
੧੦. ਪਾਰਬ੍ਰਹਮ ਕਾ ਅੰਤੁ ਨ ਪਾਰੁ॥ ਕਉਣੁ ਕਰੈ ਤਾ ਕਾ ਬੀਚਾਰੁ॥ (੨੩੭)
੧੧. ਅਗਮ ਅਗੋਚਰਾ ਤੇਰਾ ਅੰਤੁ ਨਾ ਪਾਇਆ॥ (੯੧੮)
੧੨. ਤੁਝ ਤੇ ਵਡਾ ਨਾਹੀ ਕੋਇ॥ (੩੬੪)
੧੩. ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ॥ (ਪੰਨਾ ੧੦)
੧੪. ਕਰਨ ਕਰਾਵਨਹਾਰ ਸੁਆਮੀ॥ ਸਗਲ ਘਟਾ ਕੇ ਅੰਤਰਜਾਮੀ॥ (ਪੰਨਾ ੨੬੬)
੧੫. ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ॥ (ਪੰਨਾ ੯੨੧)
੧੬. ਤੂੰ ਦਰੀਆਉ ਸਭ ਤੁਝ ਹੀ ਮਾਹਿ॥ (ਪੰਨਾ ੧੧)

ਚਿੰਨ੍ਹਾਂ ਤੋਂ ਉਪਰ ਹੈ।[17] ਉਹ ਮਿਹਰਬਾਨ ਹੈ, ਦਇਆਲੂ ਹੈ।[18] ਉਸਦੇ ਅਨੇਕਾਂ ਨਾਮ ਹਨ, ਅਨੇਕਾਂ ਰੂਪ ਹਨ, ਅਨੇਕਾ ਗੁਣ ਹਨ—

*ਤੇਰੇ ਨਾਮ ਅਨੇਕਾ ਰੂਪ ਅੰਨਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ॥*

(ਪੰਨਾ ੩੫੮)

ਜਿੱਡਾ ਵੱਡਾ ਉਹ ਆਪ ਹੈ ਉਸ ਦੀਆਂ ਦਾਤਾਂ ਵੀ ਉਨੀਆਂ ਹੀ ਵੱਡੀਆਂ ਹਨ।[19] ਉਹ ਗੁਣਾਂ ਦਾ ਖਜ਼ਾਨਾ ਹੈ।[20] ਉਸ ਦੀਆਂ ਵਡਿਆਈਆਂ ਏਨੀਆਂ ਹਨ ਕਿ ਵਰਣਨ ਨਹੀਂ ਕੀਤੀਆਂ ਜਾ ਸਕਦੀਆਂ।[21] ਉਸ ਦੀਆਂ ਸਿਫਤਾਂ ਦੇ ਭੰਡਾਰ ਭਰੇ ਪਏ ਹਨ, ਆਖਣ ਵਾਲਾ ਵੇਚਾਰਾ ਆਖਣ ਤੋਂ ਅਸਮਰਥ ਹੈ—

*ਆਖਣ ਵਾਲਾ ਕਿਆ ਵੇਚਾਰਾ॥ ਸਿਫਤੀ ਭਰੇ ਤੇਰੇ ਭੰਡਾਰਾ॥*

(ਪੰਨਾ ੯)

ਗੁਰੂ ਰਾਮਦਾਸ ਜੀ ਉਸਦੀ ਸਿਫਤ ਵਿਚ ਲਿਖਦੇ ਹਨ ਕਿ ਤੂੰ ਏਨਾ ਬੇਅੰਤ ਹੈ ਕਿ ਮੈਂ ਤੇਰੇ ਕਿਹੜੇ ਕਿਹੜੇ ਗੁਣ ਦੱਸਾਂ—

*ਤੂੰ ਪ੍ਰਾਰਬ੍ਰਹਮੁ ਬੇਅੰਤੁ ਬੇਅੰਤੁ ਜੀ*
*ਤੇਰੇ ਕਿਆ ਗੁਣ ਆਖਿ ਵਖਾਣਾ॥* (ਪੰਨਾ ੩੪੮)

ਗੁਰੂ ਅਮਰਦਾਸ ਜੀ ਉਸ ਦੇ ਬਹੁਤੇ ਗੁਣਾਂ ਨੂੰ ਜਾਣ ਸਕਣ ਤੋਂ ਆਪਣੇ ਆਪ ਨੂੰ ਅਸਮਰਥ ਦੱਸਦੇ ਹਨ।[22] ਉਸ ਦੀਆਂ ਵਡਿਆਈਆਂ ਨੂੰ ਉਹ ਹੀ ਜਾਣ ਸਕਦਾ ਹੈ ਜੋ ਉਸ ਜਿੰਨਾ ਵੱਡਾ ਹੋਵੇ—

*ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥*
*ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥*

(ਜਪੁ ਪੰਨਾ ੫)

ਉਸ ਦੀਆਂ ਏਨੀਆਂ ਸਿਫਤਾਂ ਤੋਂ ਗੁਰੂ ਅਮਰਦਾਸ ਜੀ ਬਲਿਹਾਰੇ ਜਾਂਦੇ ਹਨ।[23]

---

੧੭. ਵਰਨਾ ਚਿਹਨਾ ਬਾਹਰਾ ਕੀਮਤਿ ਕਹਿ ਨ ਸਕਾਉ॥ (ਪੰਨਾ ੪੪)

੧੮. ਮਿਹਰਵਾਨੁ ਸਾਹਿਬੁ ਮਿਹਰਵਾਨੁ॥ ਸਾਹਿਬੁ ਮੇਰਾ ਮਿਹਰਵਾਨੁ॥ (ਪੰਨਾ ੭੨੪)

੧੯. ਜੇਵਡੁ ਆਪਿ ਤੇਵਡ ਤੇਰੀ ਦਾਤਿ॥ (ਪੰਨਾ ੯)

੨੦. ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥ (ਪੰਨਾ ੩੪੯)

੨੧. ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥ (ਪੰਨਾ ੯)

੨੨. ਤੇਰੇ ਗੁਣ ਬਹੁਤੇ ਮੈ ਏਕੁ ਨ ਜਾਤਾ॥ (ਪੰਨਾ ੧੦੪੯)

੨੩. ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ॥

(ਪੰਨਾ ੯੧੭)

ਏਨੀਆਂ ਸਿਫਤਾਂ ਦੇ ਹੁੰਦੇ ਹੋਏ ਵੀ ਉਹ ਕਿਸੇ ਵਡਿਆਈ ਦਾ ਮੁਥਾਜ ਨਹੀਂ ਹੈ। ਜੇ ਸਾਰੀ ਦੁਨੀਆਂ ਉਸਦੀ ਵਡਿਆਈ ਕਰਨ ਲੱਗੇ ਤਾਂ ਵੀ ਨ ਉਸਨੇ ਵੱਡਾ ਹੋਣਾ ਹੈ ਨ ਉਸਦਾ ਕੁਝ ਘਟਣਾ ਹੈ—

**ਜੇ ਸਭਿ ਮਿਲਿ ਕੈ ਆਖਣ ਪਾਹਿ॥ ਵਡਾ ਨ ਹੋਵੈ ਘਾਟਿ ਨ ਜਾਇ॥**

(ਪੰਨਾ ੯)

ਏਨੀਆਂ ਸਿਫਤਾਂ ਦੇ ਮਾਲਕ ਦੇ ਗੁਣ ਗਾਉਣੇ ਅਤੇ ਜਸ ਸੁਣਨਾ ਦੋਨੋਂ ਹੀ ਲਾਹੇਵੰਦ ਹਨ। ਉਹ ਸਮਾਂ ਧੰਨ ਹੈ ਜਦੋਂ ਹਰਿ ਦਾ ਜਸ ਸੁਣਨ ਨੂੰ ਮਿਲੇ—

**ਧੰਨੁ ਸੁ ਵੇਲਾ ਜਿਤੁ ਹਰਿ ਗਾਵਤ ਸੁਨਣਾ ਆਏ ਤੇ ਪਰਵਾਨਾ ਜੀਉ॥**

(ਪੰਨਾ ੧੦੩)

ਗੁਰੂ ਅਰਜਨ ਦੇਵ ਜੀ ਉਸ ਮਨੁਖ ਨੂੰ ਫਿਟਕਾਰ ਪਾਉਂਦੇ ਹਨ ਜਿਸ ਨੇ ਮੁਨਖਾ ਜਨਮ ਵਿਚ ਵੀ ਪ੍ਰਭੂ ਦਾ ਜਸ ਨਹੀਂ ਕੀਤਾ, ਸੁਣਿਆਂ। ਅਜਿਹੇ ਮਨੁੱਖ ਨੂੰ ਪਸ਼ੂ ਪੰਛੀਆਂ ਨਾਲੋਂ ਵੀ ਮੰਦਾ ਕਿਹਾ ਗਿਆ ਹੈ—

**ਜੋ ਨ ਸੁਨਹਿ ਜਸੁ ਪਰਮਾਨੰਦਾ॥**
**ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ॥** (ਪੰਨਾ ੧੮੮)

ਪਰ ਉਸਦੇ ਗੁਣ ਵੀ ਹਰ ਕੋਈ ਨਹੀਂ ਗਾ ਸਕਦਾ। ਉਹ ਹੀ ਗਾਉਂਦਾ ਹੈ ਜਿਸ ਉਤੇ ਉਸਦੀ ਮਿਹਰ ਹੁੰਦੀ ਹੈ।[੨੪] ਪ੍ਰਭੂ ਉਸ ਉਤੇ ਕ੍ਰਿਪਾ ਕਰਦਾ ਹੈ ਜੋ ਉਸਦੀ ਕ੍ਰਿਪਾ ਲਈ ਅਰਦਾਸਾਂ ਕਰਦਾ ਹੈ, ਬੇਨਤੀਆਂ ਕਰਦਾ ਹੈ—

**ਕਰਿ ਕਿਰਪਾ ਕਰਹੁ ਪ੍ਰਭ ਦਾਤਿ॥**
**ਤੁਮ੍ਹਰੀ ਉਸਤਤਿ ਕਰਉ ਦਿਨ ਰਾਤਿ॥** (ਪੰਨਾ ੧੧੪੪)

ਅਤੇ

**ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ॥**
**ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ॥**

(ਪੰਨਾ ੭੬੨)

ਇਹ ਚਾਅ ਪੂਰਾ ਕਰਨ ਲਈ ਗੁਰਬਾਣੀ ਮਨੁਖ ਨੂੰ ਬਾਰ ਬਾਰ ਪ੍ਰੇਰਦੀ ਹੈ ਕਿ ਪ੍ਰਭੂ ਦੇ ਗੁਣ ਗਾਉਣੇ ਹੀ ਸਭ ਤੋਂ ਉੱਤਮ ਕਰਮ ਹੈ।

**ਆਠ ਪਹਰ ਹਰਿ ਕੇ ਗੁਣ ਗਾਉ॥**

---

੨੪. ਤੁਮਰੀ ਕ੍ਰਿਪਾ ਤੇ ਗੁਨ ਗਾਵੈ ਨਾਨਕ ਧਿਆਇ ਧਿਆਇ ਪ੍ਰਭ ਕਉ ਨਮਸਕਾਰੇ॥
(ਪੰਨਾ ੩੭੯)

***ਜੀਅ ਪ੍ਰਾਨ ਕੋ ਇਹੈ ਸੁਆਉ॥*** (ਪੰਨਾ ੮੬੬)

ਹਰਿ ਜਸ ਗੁਰਬਾਣੀ ਪਾਠ ਦੁਆਰਾ ਹੋਵੇ ਜਾਂ ਕੀਰਤਨ ਦੁਆਰਾ, ਪਰ ਹੋਣਾ ਮਨ ਲਾ ਕੇ ਚਾਹੀਦਾ ਹੈ। ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਦੀ ਬਾਣੀ ਵਿਚ ਸਾਵਧਾਨ ਅਤੇ ਏਕਾਗਰ ਚਿੱਤ ਹੋ ਕੇ 'ਪ੍ਰਭ ਕੀ ਉਸਤਤਿ' ਕਰਨ ਦਾ ਹੁਕਮ ਦਿੰਦੇ ਹਨ। ਇਹ ਮਨੁੱਖਾ ਜਨਮ ਮਿਲਿਆ ਹੀ ਪ੍ਰਭੂ ਦੇ ਗੁਣ ਗਾਉਣ ਲਈ ਹੈ ਅਤੇ ਜੋ ਮਨੁੱਖ ਇਸ ਜੀਵਨ ਵਿਚ ਉਸ ਨੂੰ ਯਾਦ ਕਰਕੇ ਉਸਦੀ ਸਿਫਤ ਸਾਲਾਹ ਵਿਚ ਮਨ ਨਹੀਂ ਜੋੜਦਾ, ਗੁਰੂ ਤੇਗ ਬਹਾਦਰ ਜੀ ਅਨੁਸਾਰ ਉਸਦਾ ਜਨਮ ਵਿਅਰਥ ਜਾਂਦਾ ਹੈ—

***ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥***

(ਪੰਨਾ ੧੪੨੬)

ਜਿਸਨੂੰ ਉਹ ਆਪਣੀ ਸਿਫਤ ਸਾਲਾਹ ਬਖਸ਼ ਦਿੰਦਾ ਹੈ, ਭਾਵ ਜਿਸ ਦੀ ਝੋਲੀ ਉਸ ਗੋਬਿੰਦ ਦੀ ਸਿਫਤ ਸਾਲਾਹ ਪੈ ਜਾਂਦੀ ਹੈ ਉਹ ਧੰਨ ਹੋ ਜਾਂਦਾ ਹੈ, ਉਹ ਪਾਤਸ਼ਾਹਾਂ ਦਾ ਪਾਤਸ਼ਾਹ ਹੋ ਜਾਂਦਾ ਹੈ—

***ਜਿਸ ਨੋ ਬਖਸੇ ਸਿਫਤਿ ਸਾਲਾਹ॥***
***ਨਾਨਕ ਪਾਤਿਸਾਹੀ ਪਾਤਿਸਾਹੁ॥*** (ਪੰਨਾ ੫)

★ ★ ★

# ਹਉਮੈ ਮਾਰੇ ਤਾ ਦਰੁ ਸੂਝੈ

ਹਉਮੈ ਤੋਂ ਭਾਵ ਹੈ ਹੰਕਾਰ ਜਾਂ ਅਭਿਮਾਨ। ਇਹ ਮਨ ਦੀ ਇਕ ਅਵਸਥਾ ਹੈ ਜਦੋਂ ਕੋਈ ਵਿਅਕਤੀ ਆਪਣੇ ਆਪ ਨੂੰ ਲੋੜ ਤੋਂ ਵੱਧ ਵਿਸ਼ੇਸ਼ਤਾ ਦਿੰਦਾ ਹੈ, ਦੂਜਿਆਂ ਦੇ ਮੁਕਾਬਲੇ ਆਪ ਨੂੰ ਵੱਡਾ ਤੇ ਦੂਜਿਆਂ ਨੂੰ ਨੀਵਾਂ ਸਮਝਦਾ ਹੈ ਤਾਂ ਉਸ ਨੂੰ ਹੰਕਾਰੀ ਜਾਂ ਅਭਿਮਾਨੀ ਕਿਹਾ ਜਾਂਦਾ ਹੈ, ਭਾਵ ਉਹ ਹਉਮੈ ਵਿਚ ਗ੍ਰਸਿਆ ਹੁੰਦਾ ਹੈ। ਅਸਲ ਵਿਚ ਉਸ ਵਿਚ ਉਹ ਗੁਣ ਨਹੀਂ ਹੁੰਦੇ ਜੋ ਉਹ ਆਪਣੇ ਵਿਚ ਸਮਝਦਾ ਹੈ। ਉਹ ਸਦਾ ਆਪਣੇ ਹੀ ਗੁਣ ਦੱਸਦਾ ਹੈ, ਆਪਣੀ ਜਾਂ ਆਪਣੇ ਪਰਿਵਾਰ ਦੀ ਹੀ ਵਡਿਆਈ ਕਰਦਾ ਹੈ। ਅਜਿਹੇ ਮਨੁੱਖ ਲਈ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੀ ਬਾਣੀ ਵਿਚ ਫੁਰਮਾਨ ਕੀਤਾ ਹੈ—

***ਆਪਸ ਕਉ ਜੋ ਭਲਾ ਕਹਾਵੈ॥ ਤਿਸਹਿ ਭਲਾਈ ਨਿਕਟਿ ਨ ਆਵੈ॥***

(ਪੰਨਾ ੨੭੮)

ਭਾਵ ਜੋ ਆਪਣੀ ਵਡਿਆਈ ਆਪ ਕਰਦਾ ਹੈ ਉਸ ਵਿਚ ਵਡਿਆਈ ਨਹੀਂ ਹੁੰਦੀ। ਹਉਮੈ ਦੇ ਕਾਰਨ ਉਸ ਨੂੰ ਭੁਲੇਖਾ ਹੁੰਦਾ ਹੈ। ਜਿਸ ਵਿਚ ਕੋਈ ਵਡਿਆਈ ਹੈ ਉਹ ਆਪ ਆਪਣੀ ਵਡਿਆਈ ਨਹੀਂ ਕਰਦਾ, ਸਗੋਂ ਲੋਕ ਉਸ ਦੀ ਵਡਿਆਈ ਕਰਦੇ ਹਨ। ਉਸ ਦੀ ਵਡਿਆਈ ਆਪਣੇ ਆਪ ਨੂੰ ਨੀਵਾਂ ਦੱਸਣ ਵਿਚ ਹੈ—

***ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ॥***

(ਪੰਨਾ ੨੬੬)

ਰਾਜ ਭਾਗ ਜਾਂ ਉੱਚਾ ਅਹੁਦਾ ਹਉਮੈ ਦਾ ਕਾਰਨ ਬਣ ਸਕਦਾ ਹੈ, ਧਨ ਦੌਲਤ, ਰੂਪ ਜਾਂ ਸੁੰਦਰਤਾ, ਉੱਚੀ ਕੁਲ ਜਾਂ ਭਰਵਾਂ ਜੋਬਨ, ਇਨ੍ਹਾਂ ਵਿਚੋਂ ਕੋਈ ਵੀ ਹਉਮੈ ਪੈਦਾ ਕਰ ਸਕਦਾ ਹੈ। ਇਸੇ ਲਈ ਗੁਰਬਾਣੀ ਇਨ੍ਹਾਂ ਨੂੰ ਠੱਗ ਕਹਿ ਰਹੀ ਹੈ—

***ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥***
***ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ॥***

(ਪੰਨਾ ੧੨੮੮)

ਹਉਮੈ, ਮਨੁੱਖੀ ਸ਼ਖ਼ਸੀਅਤ ਦੇ ਪੰਜ ਮੁੱਖ ਦੋਸ਼ਾਂ (ਵਿਕਾਰਾਂ), ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਚੋਂ ਪ੍ਰਮੁਖ ਹੈ। ਗੁਰਬਾਣੀ ਵਿਚ ਇਸ ਨੂੰ ਬਹੁਤ ਵੱਡਾ ਰੋਗ ਮੰਨਿਆ ਗਿਆ ਹੈ—

***ਹਉਮੈ ਰੋਗੁ ਵਡਾ ਸੰਸਾਰਿ॥*** (ਪੰਨਾ ੧੨੭੮)

ਇਸ ਰੋਗ ਵਿਚ ਸਾਰਾ ਜਗਤ ਹੀ ਗ੍ਰਸਿਆ ਹੋਇਆ ਹੈ ਅਤੇ ਜਨਮ, ਮਰਨ ਦੇ ਵੱਡੇ ਦੁੱਖ ਸਹਿ ਰਿਹਾ ਹੈ—

***ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ॥***
(ਪੰਨਾ ੭੩੫)

ਜੋ ਹਉਮੈ ਰੋਗ ਵਿਚ ਗ੍ਰਸੇ ਹੋਏ ਹਨ, ਬਹੁਤ ਹੰਕਾਰੀ ਹੋ ਜਾਂਦੇ ਹਨ, ਉਨ੍ਹਾਂ ਦਾ ਹੰਕਾਰ ਆਖਰ ਟੁੱਟਦਾ ਹੈ, ਐਸਾ ਵਿਧੀ ਦਾ ਵਿਧਾਨ ਹੈ। ਉਹ ਅਖੀਰ ਮਿੱਟੀ ਵਿਚ ਰੁਲਦਾ ਹੈ—

***ਜੇ ਕੋ ਬਹੁਤੁ ਕਰੇ ਅਹੰਕਾਰੁ॥ਓਹੁ ਖਿਨ ਮਹਿ ਰਲਤਾ ਖਾਕੂ ਨਾਲਿ॥***
(ਪੰਨਾ ੮੯੮)

ਹਉਮੈ ਵਿਚ ਕੀਤੀ ਭਗਤੀ ਵਿਅਰਥ ਜਾਂਦੀ ਹੈ। ਤਪ ਸਾਧਨਾ ਕਰਦਿਆਂ ਵੀ ਮਨ ਹੰਕਾਰਿਆ ਜਾਂਦਾ ਹੈ ਕਿ 'ਮੈਂ ਬਹੁਤ ਵੱਡਾ ਭਗਤ ਹਾਂ।' ਹਉਮੈ ਕਾਰਨ ਅਜਿਹਾ ਭਗਤ ਵੀ ਆਵਾਗਉਣ ਦੇ ਚੱਕਰ ਵਿਚ ਪਿਆ ਰਹਿੰਦਾ ਹੈ, ਮੁਕਤੀ ਪ੍ਰਾਪਤ ਨਹੀਂ ਕਰ ਸਕਦਾ—

***ਅਨਿਕ ਤਪਸਿਆ ਕਰੇ ਅਹੰਕਾਰ॥***
***ਨਰਕ ਸੁਰਗ ਫਿਰਿ ਫਿਰਿ ਅਵਤਾਰ॥*** (ਪੰਨਾ ੨੭੮)

ਹਉਮੈ ਵਿਚ ਕੀਤੀ ਭਗਤੀ ਦੁਆਰਾ ਭਗਤ ਦਾ ਮਨ ਪਰਮੇਸ਼ੁਰ ਦੇ ਪਿਆਰ ਵਿਚ ਨਹੀਂ ਭਿੱਜਦਾ, ਨਾ ਹੀ ਉਸ ਨੂੰ ਭਗਤੀ ਦਾ ਕੋਈ ਸੁਖ ਪ੍ਰਾਪਤ ਹੋ ਸਕਦਾ ਹੈ—

***ਹਉਮੈ ਭਗਤਿ ਕਰੇ ਸਭੁ ਕੋਇ॥***
***ਨਾ ਮਨੁ ਭੀਜੈ ਨਾ ਸੁਖੁ ਹੋਇ॥*** (ਪੰਨਾ ੧੨੭੭)

ਜਿੰਨੀ ਦੇਰ ਮਨ ਨੂੰ ਹਉਮੈ ਦੀ ਮੈਲ ਲੱਗੀ ਹੋਈ ਹੈ ਓਨੀ ਦੇਰ ਉਸ ਉੱਤੇ ਨਾਮ ਦਾ ਰੰਗ ਨਹੀਂ ਚੜ੍ਹ ਸਕਦਾ। ਜਿਵੇਂ ਮੈਲੇ ਕੱਪੜੇ 'ਤੇ ਰੰਗ ਕਰਨ ਲਈ ਪਹਿਲਾਂ ਉਸ ਨੂੰ ਸਾਫ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਮਨ ਨੂੰ ਹਉਮੈ ਦੀ ਮੈਲ ਤੋਂ ਸਾਫ ਕੀਤੇ ਬਿਨਾਂ ਪਰਮੇਸ਼ੁਰ ਦੇ ਰੰਗ ਵਿਚ ਨਹੀਂ ਰੰਗਿਆ ਜਾ ਸਕਦਾ। ਇਸੇ ਲਈ ਗੁਰਬਾਣੀ ਵਿਚ ਫੁਰਮਾਨ ਹੈ ਕਿ ਹਉਮੈ ਤੇ ਨਾਮ ਦੋਨੋਂ ਇਕ ਥਾਂ ਨਹੀਂ ਟਿਕ ਸਕਦੇ, ਦੋਨੋਂ ਇਕ ਦੂਜੇ ਦੇ ਵਿਰੋਧੀ ਹਨ—

***ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥***
(ਪੰਨਾ ੫੬੦)

ਭਗਤ ਰਵਿਦਾਸ ਜੀ ਵੀ ਲਿਖਦੇ ਹਨ ਕਿ ਜਿੰਨੀ ਦੇਰ ਅੰਦਰ ਮੈਂ ਹੈ ਉਨੀ ਦੇਰ ਤੂੰ (ਪਰਮੇਸ਼ਰ) ਨਹੀਂ ਅਤੇ ਜਦੋਂ ਤੂੰ ਵੱਸ ਗਿਆ ਤਾਂ ਮੈਂ ਨਹੀਂ ਰਹਿ ਸਕਦੀ—

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥*** *(੬੫੭)*

ਇਸ ਲਈ ਸੱਚੇ ਦਰ ਦੀ ਸੋਝੀ ਪ੍ਰਾਪਤ ਕਰਨ ਲਈ ਹਉਮੈ ਨੂੰ ਮਾਰਨਾ ਜ਼ਰੂਰੀ ਹੈ—

***ਸਤਿਗੁਰੁ ਸੇਵੈ ਸੋ ਜਨੁ ਬੂਝੈ॥ ਹਉਮੈ ਮਾਰੇ ਤਾ ਦਰੁ ਸੂਝੈ॥***

*(ਪੰਨਾ ੮੪੨)*

ਹਉਮੈ ਦੀ ਮੈਲ ਉਤਾਰਨੀ ਜਾਂ ਹਉਮੈ ਨੂੰ ਮਾਰਨਾ, ਜਗਿਆਸੂ ਲਈ ਜ਼ਰੂਰੀ ਹੈ ਪਰ ਇਹ ਮੈਲ ਧੋਤੀ ਕਿਹੜੇ ਸਾਬਣ ਨਾਲ ਜਾਂਦੀ ਹੈ? ਗੁਰਬਾਣੀ ਵਿਚ ਹਉਮੈ ਦੂਰ ਕਰਨ ਲਈ ਨਾਮ ਸਿਮਰਨ, ਸਾਧ ਸੰਗਤ, ਗੁਰੂ ਕਿਰਪਾ, ਗੁਰ ਸ਼ਬਦ ਦੀ ਟੇਕ ਆਦਿ ਸਾਧਨ ਦੱਸੇ ਗਏ ਹਨ, ਜਿਵੇਂ—

***ਜਿਨ ਜਪਿਆ ਇਕ ਮਨਿ ਇਕ ਚਿਤਿ ਤਿਨ ਲਥਾ ਹਉਮੈ ਭਾਰੁ॥***

*(ਪੰਨਾ ੩੦੨)*

ਅਤੇ

***ਸਾਧਸੰਗਿ ਜਿਹ ਹਉਮੈ ਮਾਰੀ॥ ਨਾਨਕ ਤਾ ਕਉ ਮਿਲੇ ਮੁਰਾਰੀ॥***

*(ਪੰਨਾ ੨੫੫)*

ਹਉਮੈ ਦੂਰ ਕਰਨ ਲਈ ਗੁਰੂ ਦੀ ਮਿਹਰ ਵੀ ਜ਼ਰੂਰੀ ਹੈ—

***ਜਿਸੁ ਗੁਰ ਪ੍ਰਸਾਦਿ ਤੂਟੈ ਹਉ ਰੋਗੁ॥ ਨਾਨਕ ਸੋ ਜਨੁ ਸਦਾ ਅਰੋਗੁ॥***

*(ਪੰਨਾ ੨੮੨)*

ਗੁਰੂ ਅਮਰਦਾਸ ਜੀ ਗੁਰ ਸ਼ਬਦ ਦੁਆਰਾ ਹਉਮੈ ਦੀ ਮੈਲ ਉਤਾਰਨ ਦਾ ਢੰਗ ਦੱਸਦੇ ਹਨ—

***ਹਉਮੈ ਮੈਲੁ ਲਾਗੀ ਗੁਰ ਸਬਦੀ ਖੋਵੈ॥*** *(ਪੰਨਾ ੧੨੩)*

ਪਰ ਮਨੁੱਖ ਮੈਲ ਉਤਾਰਨ ਦਾ ਸਾਧਨ ਤਾਂ ਹੀ ਕਰ ਸਕਦਾ ਹੈ ਜੇ ਉਸ ਨੂੰ ਇਸ ਗੱਲ ਦੀ ਸੋਝੀ ਹੋਵੇਗੀ ਕਿ ਦੁਨਿਆਵੀ ਮਾਨ ਅਭਿਮਾਨ ਸਭ ਝੂਠ ਹੈ, ਸਭ ਵਡਿਆਈਆਂ ਵਿਅਰਥ ਹਨ, ਕੇਵਲ ਸੱਚੇ ਨਾਮ ਦੀ ਵਡਿਆਈ ਹੈ। ਗੁਰਬਾਣੀ ਜਗਿਆਸੂ ਨੂੰ ਇਹ ਸੋਝੀ ਦੇ ਰਹੀ ਹੈ—

***ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ॥***

*(ਪੰਨਾ ੭੯੭)*

ਇਸੇ ਲਈ ਗੁਰਬਾਣੀ ਵਿਚ ਥਾਂ ਥਾਂ ਹਉਮੈ ਦੇ ਤਿਆਗ ਦਾ ਉਪਦੇਸ਼ ਹੈ। ਗੁਰੂ ਨਾਨਕ ਦੇਵ ਜੀ ਫੁਰਮਾ ਰਹੇ ਹਨ—

***ਮਨ ਰੇ ਹਉਮੈ ਛੋਡਿ ਗੁਮਾਨੁ॥*** (ਪੰਨਾ ੨੧)

ਹਉਮੈ ਦੀ ਮੈਲ ਉਤਾਰਨ ਲਈ ਮਨੁੱਖ ਨੇ ਆਪਣੇ ਵੱਲੋਂ ਸਾਧਨ ਤਾਂ ਕਰਨੇ ਹੀ ਹਨ, ਜਿਵੇਂ ਸਾਧ ਸੰਗਤ, ਸਿਮਰਨ ਆਦਿ। ਵਾਹਿਗੁਰੂ ਦੀ ਕਿਰਪਾ ਦਾ ਪਾਤਰ ਵੀ ਬਣਨਾ ਹੈ। ਪਰ ਅਕਾਲ ਪੁਰਖ ਦੇ ਹੁਕਮ ਤੋਂ ਬਿਨਾਂ ਸਾਰੇ ਸਾਧਨ ਵਿਅਰਥ ਹੋ ਜਾਂਦੇ ਹਨ, ਇਸ ਲਈ ਉਸ ਅੱਗੇ ਅਰਜੋਈਆਂ, ਬੇਨਤੀਆਂ ਵੀ ਕਰਨੀਆਂ ਹਨ ਕਿ ਹੇ ਮਾਲਕ! ਮੈਨੂੰ ਇਨ੍ਹਾਂ ਰੋਗਾਂ ਤੋਂ ਬਚਾ ਲੈ।

ਗੁਰੂ ਅਰਜਨ ਦੇਵ ਜੀ ਪ੍ਰਭੂ ਜੀ ਅੱਗੇ ਅਰਦਾਸ ਕਰ ਰਹੇ ਹਨ—

***ਐਸੋ ਗੁਨੁ ਮੇਰੋ ਪ੍ਰਭ ਜੀ ਕੀਨ॥***
***ਪੰਚ ਦੋਖ ਅਰ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ॥***

(ਪੰਨਾ ੭੧੬)

ਜਿਸ ਨੇ ਹਉਮੈ ਦੀ ਮੈਲ ਦੂਰ ਕਰ ਲਈ, ਇਸ ਅਸਾਧ ਰੋਗ ਤੋਂ ਛੁਟਕਾਰਾ ਪਾ ਲਿਆ, ਆਪਾ ਉਸ ਵਾਹਿਗੁਰੂ ਅੱਗੇ ਸਮਰਪਨ ਕਰ ਦਿੱਤਾ, ਇੰਨੀ ਹਲੀਮੀ ਧਾਰਨ ਕਰ ਲਈ ਕਿ ਆਪਣੇ ਆਪ ਨੂੰ ਨੀਚਾਂ ਤੋਂ ਵੀ ਨੀਚ ਸਮਝਣ ਲੱਗ ਪਿਆ, ਉਹ ਜਿਉਂਦਿਆਂ ਮੁਕਤੀ ਪ੍ਰਾਪਤ ਕਰ ਜਾਂਦਾ ਹੈ—

***ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ॥***

(ਪੰਨਾ ੧੦੧੦)

★ ★ ★

# ਮਾਨਵੀ ਏਕਤਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪਾਵਨ ਬਾਣੀ ਦਾ ਆਰੰਭ ਹੀ ੧ੴ ਤੋਂ ਹੁੰਦਾ ਹੈ, ਜਿਸ ਦਾ ਭਾਵ ਹੈ ਸ੍ਰਿਸ਼ਟੀ ਦਾ ਰਚਨਹਾਰ ਈਸ਼ਵਰ ਇਕ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਸਪਸ਼ਟ ਕਰ ਦਿੱਤਾ ਹੈ ਕਿ ਉਹ ਮਾਲਕ ਇਕ ਹੈ ਅਤੇ ਉਸ ਤੋਂ ਬਿਨਾਂ ਹੋਰ ਕੋਈ ਨਹੀਂ। ਉਨ੍ਹਾਂ ਦਾ ਫ਼ੁਰਮਾਨ ਹੈ—

**ਸਾਹਿਬੁ ਮੇਰਾ ਏਕੁ ਹੈ ਅਵਰੁ ਨਹੀ ਭਾਈ॥**

(ਪੰਨਾ ੪੨੦)

ਉਸ ਇਕ ਨੇ ਸ੍ਰਿਸ਼ਟੀ ਦੀ ਰਚਨਾ ਅਨੇਕ ਪ੍ਰਕਾਰ ਦੀ ਕੀਤੀ ਹੈ। ਅਨੇਕ ਪ੍ਰਕਾਰ ਦੇ ਜੀਵ ਬਣਾਏ, ਕੋਈ ਧਰਤੀ 'ਤੇ ਰਹਿਣ ਵਾਲੇ, ਕੋਈ ਪਾਣੀ ਵਿਚ, ਕੋਈ ਪੈਰਾਂ ਨਾਲ ਚੱਲਣ ਵਾਲੇ, ਕੋਈ ਰੀਂਗਣ ਵਾਲੇ ਤੇ ਕੋਈ ਉੱਡਣ ਵਾਲੇ। ਸੁਖਮਨੀ ਸਾਹਿਬ ਦੀ ਬਾਣੀ ਵਿਚ ਗੁਰੂ ਅਰਜਨ ਦੇਵ ਜੀ ਨੇ ਜੀਵਾਂ ਦੀ ਅਨੇਕਤਾ ਇਉਂ ਦੱਸੀ ਹੈ—

**ਕਈ ਕੋਟਿ ਪੰਖੀ ਸਰਪ ਉਪਾਏ॥**
**ਕਈ ਕੋਟਿ ਪਾਥਰ ਬਿਰਖ ਨਿਪਜਾਏ॥** (ਪੰਨਾ ੨੭੫)

ਸ੍ਰਿਸ਼ਟੀ ਦੇ ਇਨ੍ਹਾਂ ਸਾਰੇ ਜੀਵਾਂ ਵਿਚੋਂ ਮਨੁੱਖ ਨੂੰ ਉਸਨੇ ਸਭ ਤੋਂ ਉੱਤਮ ਜੂਨ ਬਖਸ਼ੀ। ਗੁਰਬਾਣੀ ਵਿਚ ਇਸ ਜਨਮ ਨੂੰ ਦੁਰਲੱਭ ਕਿਹਾ ਗਿਆ ਹੈ ਅਤੇ ਬਾਕੀ ਸਾਰੀਆਂ ਜੂਨਾਂ ਮਨੁੱਖ ਦੇ ਅਧੀਨ ਦੱਸੀਆਂ ਗਈਆਂ ਹਨ—

**ਅਵਰ ਜੋਨਿ ਤੇਰੀ ਪਨਿਹਾਰੀ॥ਇਸੁ ਧਰਤੀ ਮਹਿ ਤੇਰੀ ਸਿਕਦਾਰੀ॥**

(ਪੰਨਾ ੩੭੪)

ਪਰ ਮਨੁੱਖ ਇਸ ਸੰਸਾਰ 'ਤੇ ਆ ਕੇ ਮੋਹ ਮਾਇਆ ਅਤੇ ਹਉਮੈ ਦੇ ਪ੍ਰਭਾਵ ਕਾਰਨ ਪਸ਼ੂ ਆਦਿ ਜੀਵਾਂ ਨਾਲੋਂ ਵੀ ਗਿਰ ਗਿਆ। ਮਨੁਖ ਨੇ ਆਪਣਾ ਆਪ ਜਤਾਉਣ ਲਈ ਵੰਡੀਆਂ ਪਾ ਲਈਆਂ। ਸਾਂਝੀ ਧਰਤੀ ਦੇ ਕੁਝ ਖਿੱਤੇ ਨੂੰ ਰੋਕ ਕੇ ਦੇਸ਼ ਬਣਾ ਲਿਆ, ਇਕ ਦੇਸ਼ ਦੂਜੇ ਦਾ ਵੈਰੀ ਹੋ ਗਿਆ। ਮਨੁੱਖ ਨੇ ਸਮੁੰਦਰਾਂ ਦੇ ਪਾਣੀ ਵੰਡ ਲਏ। ਭਾਸ਼ਾ, ਰੰਗ, ਨਸਲ ਦੇ ਆਧਾਰ 'ਤੇ ਮਨੁਖਤਾ ਵੰਡੀ ਗਈ। ਫਿਰ ਮਜ਼੍ਹਬਾਂ, ਜਾਤਾਂ, ਗੋਤਾਂ ਦਾ ਚੱਕਰ ਚੱਲਿਆ। ਇਕ ਦੇਸ਼ ਵਾਸੀ ਵੀ ਇਕ ਨ ਰਹੇ, ਉਹ ਅੱਗੋਂ ਪ੍ਰਾਤਾਂ ਵਿਚ ਤੇ ਛੋਟੇ ਛੋਟੇ ਫਿਰਕਿਆਂ ਵਿਚ ਵੰਡੇ ਗਏ। ਭਾਰਤ ਵਿਚ ਮਨੁੱਖ ਨੂੰ ਚਾਰ ਵਰਣਾਂ ਵਿਚ ਵੰਡ ਦਿੱਤਾ ਗਿਆ। ਗੱਲ ਕੀ ਗੁਰਬਾਣੀ ਦੇ ਰਚਨਾ—ਕਾਲ ਤਕ ਮਨੁਖਤਾ ਖੇਰੂੰ ਖੇਰੂੰ ਹੋ

ਚੁੱਕੀ ਸੀ।

ਗੁਰੂ ਨਾਨਕ ਦੇਵ ਜੀ ਨੇ ਮਨੁਖਤਾ ਨੂੰ ਭਰਮ ਭੁਲੇਖਿਆਂ ਵਿਚੋਂ ਕੱਢ ਕੇ, ਮੂਲ ਨਾਲ ਜੋੜ ਕੇ, ਏਕਤਾ ਦੀ ਲੜੀ ਵਿਚ ਪ੍ਰੋਣ ਲਈ ਚਾਰੇ ਦਿਸ਼ਾਵਾਂ ਵਿਚ ਜਾ ਕੇ ਆਪਣੀ ਬਾਣੀ ਦੁਆਰਾ ਉਪਦੇਸ਼ ਦਿੱਤਾ। ਮਨੁਖੀ ਸਾਂਝ ਦਾ ਮੂਲ ਆਧਾਰ ਇਹ ਰੱਖਿਆ ਗਿਆ ਕਿ ਸਭ ਨੂੰ ਪੈਦਾ ਕਰਨ ਵਾਲਾ ਇਕੋ ਹੈ। ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ ਕਿ ਸਭ ਦਾ ਪਿਤਾ ਇਕੋ ਹੈ—

***ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥***

*(ਪੰਨਾ ੬੧੧)*

ਗੁਰੂ ਨਾਨਕ ਦੇਵ ਜੀ ਦਾ ਵੀ ਫੁਰਮਾਨ ਹੈ ਕਿ ਜੋਤ ਸਭ ਵਿਚ ਇਕੋ ਹੀ ਹੈ—

***ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥***

*(ਪੰਨਾ ੧੩)*

ਦੂਜੇ ਨੂੰ ਬੁਰਾ ਭਲਾ ਸਮਝਣ ਨਾਲ ਵੈਰ ਵਿਰੋਧ ਦੀ ਭਾਵਨਾ ਪੈਦਾ ਹੁੰਦੀ ਹੈ ਪਰ ਗੁਰਬਾਣੀ ਕਹਿ ਰਹੀ ਹੈ—

***ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਹਾਰੇ॥***

*(ਪੰਨਾ ੩੮੩)*

ਮਨੁੱਖੀ ਮਨ ਵਿਚੋਂ ਵੈਰ ਵਿਰੋਧ ਜਾਂ ਬਿਗਾਨੇਪਣ ਦੀ ਭਾਵਨਾ ਦੂਰ ਹੋ ਜਾਵੇ ਤਾਂ ਉਸ ਨੂੰ ਕੋਈ ਵੀ ਪਰਾਇਆ ਨਹੀਂ ਜਾਪੇਗਾ, ਸਭ ਆਪਣੇ ਹੀ ਦਿੱਸਣਗੇ, ਜਿਵੇਂ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ—

***ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥***

*(ਪੰਨਾ ੧੨੯੯)*

ਗੁਰੂ ਸਾਹਿਬਾਨ ਦੇ ਸਮੇਂ ਭਾਰਤ ਦੇ ਲੋਕ ਧਾਰਮਿਕ ਤੌਰ 'ਤੇ ਦੋ ਹਿੱਸਿਆਂ ਵਿਚ ਵੰਡੇ ਹੋਏ ਸਨ, ਹਿੰਦੂ ਅਤੇ ਮੁਸਲਮਾਨ। ਦੋਨਾਂ ਦੇ ਆਪਸੀ ਮਤ ਭੇਦ ਮਿਟਾਉਣ ਲਈ ਗੁਰਬਾਣੀ ਵਿਚ ਦੋਨਾਂ ਧਰਮਾਂ ਵਿਚ ਆ ਚੁੱਕੀਆਂ ਬੁਰਾਈਆਂ ਜਾਂ ਦਿਖਾਵੇ ਦਾ ਖੰਡਨ ਕੀਤਾ ਗਿਆ। ਕਿਸੇ ਨੂੰ ਵੀ ਮਾੜਾ ਨਹੀਂ ਕਿਹਾ, ਸਗੋਂ ਪਾਖੰਡ ਅਤੇ ਦਿਖਾਵੇ ਦਾ ਵਿਰੋਧ ਕੀਤਾ ਅਤੇ ਸੱਚ ਦਾ ਉਪਦੇਸ਼ ਦਿੱਤਾ। ਭਗਤ ਕਬੀਰ ਜੀ ਆਪਣੀ ਬਾਣੀ ਵਿਚ ਦੋਨਾਂ ਦੇ ਬਾਹਰੀ ਦਿਖਾਵੇ ਅਤੇ ਕਰਮ ਕਾਂਡਾਂ ਦੀ ਵਿਰੋਧਤਾ ਹੀ ਨਹੀਂ ਕਰਦੇ ਸਗੋਂ ਦੋਨਾਂ ਨੂੰ ਹੀ ਆਪਣੇ ਅਸਲ ਆਸ਼ੇ ਤੋਂ ਖੁੰਝੇ ਦੱਸਦੇ ਹਨ—

***ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥***

**ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ॥**

(ਪੰਨਾ ੬੫੪)

ਗੁਰੂ ਅਮਰਦਾਸ ਜੀ ਵੀ ਹਿੰਦੂ ਮੁਸਲਮਾਨ ਦਾ ਭੇਦ ਮਿਟਾਉਣ ਲਈ ਆਪਣੀ ਬਾਣੀ ਵਿਚ ਇਉਂ ਫੁਰਮਾਉਂਦੇ ਹਨ—

**ਨ ਹਮ ਹਿੰਦੂ ਨ ਮੁਸਲਮਾਨ॥ ਅਲਹ ਰਾਮ ਕੇ ਪਿੰਡੁ ਪਰਾਨ॥**

(ਪੰਨਾ ੧੧੩੬)

ਗੁਰਬਾਣੀ ਵਿਚ ਕਿਸੇ ਵੀ ਧਰਮ ਦੀ ਧਾਰਮਿਕ ਰਹੁ ਰੀਤ ਦਾ ਵਿਰੋਧ ਨਹੀਂ ਕੀਤਾ ਗਿਆ ਸਗੋਂ ਉਸਨੂੰ ਪੂਰਾ ਸਤਿਕਾਰ ਦਿੱਤਾ ਗਿਆ ਹੈ। ਬਾਬਾ ਫਰੀਦ ਜੀ ਇਸਲਾਮੀ ਰਹੁ ਰੀਤ ਅਨੁਸਾਰ ਮੁਸਲਮਾਨ ਨੂੰ ਪੰਜੇ ਵਕਤ ਮਸੀਤ ਨ ਆਉਣ ਲਈ ਤਾੜਨਾ ਕਰਦੇ ਹਨ ਤਾਂ ਇਸ ਬਾਣੀ ਨੂੰ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਕੇ ਸਤਿਕਾਰ ਦਿੱਤਾ ਗਿਆ ਹੈ। ਫਰੀਦ ਜੀ ਲਿਖਦੇ ਹਨ—

**ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥**
**ਕਬ ਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ॥**

(ਪੰਨਾ ੧੩੮੧)

ਉਸ ਸਮੇਂ ਹਿੰਦੂ ਧਰਮ ਵਿਚ ਬਾਹਰੀ ਦਿਖਾਵੇ ਦੀ ਪ੍ਰਧਾਨਤਾ ਸੀ। ਗੁਰੂ ਨਾਨਕ ਦੇਵ ਜੀ ਨੇ ਜਨੇਊ ਦੀ ਮਿਸਾਲ ਦੁਆਰਾ ਦਿਖਾਵੇ ਦਾ ਖੰਡਨ ਕੀਤਾ ਤੇ ਦੱਸਿਆ ਕਿ ਕੇਵਲ ਜਨੇਊ ਪਾ ਕੇ ਕੁਝ ਨਹੀਂ ਹੁੰਦਾ, ਜੇ ਚੰਗੇ ਗੁਣ ਨ ਧਾਰਨ ਕੀਤੇ ਜਾਣ—

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥**
**ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ॥**

(ਪੰਨਾ ੪੭੧)

ਗੁਰਬਾਣੀ ਵਿਚ ਉਸ ਸਮੇਂ ਦੇ ਸਾਰੇ ਹੀ ਧਾਰਮਿਕ ਗ੍ਰੰਥਾਂ ਦਾ ਸਤਿਕਾਰ ਕੀਤਾ ਗਿਆ ਹੈ। ਹਿੰਦੂ ਧਾਰਮਿਕ ਗ੍ਰੰਥਾਂ ਬਾਰੇ ਸੁਖਮਨੀ ਸਾਹਿਬ ਵਿਚ ਉਲੇਖ ਹੈ—

**ਬੇਦ ਪੁਰਾਨ ਸਿੰਮ੍ਰਿਤਿ ਸੁਧਾਖੵਰ॥ ਕੀਨੇ ਰਾਮ ਨਾਮ ਇਕ ਆਖੵਰ॥**
**ਕਿਨਕਾ ਏਕ ਜਿਸੁ ਜੀਅ ਬਸਾਵੈ॥ ਤਾ ਕੀ ਮਹਿਮਾ ਗਨੀ ਨ ਆਵੈ॥**

(ਪੰਨਾ ੨੬੨)

ਭਗਤ ਕਬੀਰ ਜੀ ਵੀ ਹਿੰਦੂ ਅਤੇ ਇਸਲਾਮ ਦੋਨਾਂ ਦੇ ਧਾਰਮਿਕ ਗ੍ਰੰਥਾਂ ਦੇ ਸਤਿਕਾਰ ਵਿਚ ਲਿੱਖਦੇ ਹਨ—

**ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥**

(ਪੰਨਾ ੧੩੫੦)

ਚਾਹੇ ਕੋਈ ਰਾਮ ਦਾ ਨਾਮ ਲਵੇ ਜਾਂ ਖੁਦਾ ਦਾ; ਗੱਲ ਇਕ ਹੀ ਹੈ—

**ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥**
**ਕੋਈ ਸੇਵੈ ਗੁਸਈਆ ਕੋਈ ਅਲਾਹਿ॥**

(ਪੰਨਾ ੮੮੫)

ਜਾਤਾਂ, ਗੋਤਾਂ ਨੂੰ ਵੀ ਗੁਰਬਾਣੀ ਵਿਚ ਵਿਅਰਥ ਦੱਸਿਆ ਗਿਆ ਹੈ ਕਿਉਂਕਿ ਅੱਗੇ ਜਾ ਕੇ ਜਾਤ ਨਹੀਂ, ਕਰਮ ਵੇਖੇ ਜਾਣੇ ਹਨ—

**ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ॥**

(ਪੰਨਾ ੧੦੯੪)

ਗੁਰਬਾਣੀ ਵਿਚ ਭਾਸ਼ਾ ਦਾ ਵੀ ਕੋਈ ਭੇਦ ਨਹੀਂ ਰੱਖਿਆ ਗਿਆ। ਭਾਸ਼ਾ ਮੌਕੇ ਅਨੁਸਾਰ ਵਰਤੀ ਗਈ ਹੈ। ਲੋੜ ਅਨੁਸਾਰ ਪੰਜਾਬੀ ਦੇ ਨਾਲ ਫਾਰਸੀ ਅਤੇ ਸੰਸਕ੍ਰਿਤ ਆਦਿ ਭਾਸ਼ਾਵਾਂ ਦੀ ਵਰਤੋਂ ਵੀ ਕੀਤੀ ਗਈ ਹੈ। ਉੱਚੇ ਨੀਵੇਂ ਦਾ ਭੇਦ ਮਿਟਾ ਕੇ ਗੁਰਬਾਣੀ ਵਿਚ ਉਸ ਸਮੇਂ ਦੇ ਚੌਹਾਂ ਵਰਣਾਂ ਨੂੰ ਇਕੋ ਹੀ ਉਪਦੇਸ਼ ਦਿੱਤਾ ਗਿਆ ਹੈ—

**ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥**

(ਪੰਨਾ ੭੪੭)

ਗੁਰਬਾਣੀ ਦਾ ਉਪਦੇਸ਼ ਕਿਸੇ ਇਕ ਫਿਰਕੇ, ਵਰਣ ਜਾਂ ਮਜ਼੍ਹਬ ਲਈ ਨ ਹੋ ਕੇ ਸਮੁੱਚੀ ਮਨੁਖਤਾ ਲਈ ਹੈ। ਗੁਰੂ ਅਰਜਨ ਦੇਵ ਜੀ ਮਨੁਖ ਨੂੰ ਸਭ ਤੋਂ ਉੱਚਾ ਸੁੱਚਾ ਧਰਮ ਦ੍ਰਿੜ ਕਰਵਾਉਂਦੇ ਹੋਏ ਲਿਖਦੇ ਹਨ—

**ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥**

(ਪੰਨਾ ੨੬੬)

ਇਸ ਸਰਬ ਸ੍ਰੇਸ਼ਟ ਧਰਮ ਦਾ ਉਪਦੇਸ਼ ਕਿਸੇ ਇਕ ਲਈ ਨਹੀਂ ਹੈ, ਇਸ ਨੂੰ ਕੋਈ ਵੀ ਅਪਣਾ ਸਕਦਾ ਹੈ, ਚਾਹੇ ਉਹ ਮੁਸਲਮਾਨ ਹੈ ਜਾਂ ਹਿੰਦੂ, ਉਹ ਅੰਗ੍ਰੇਜ਼ ਹੈ ਜਾਂ ਅਮਰੀਕਨ, ਚਾਹੇ ਉਹ ਮੈਦਾਨਾਂ ਵਿਚ ਵੱਸਦਾ ਹੈ ਜਾਂ ਪਹਾੜਾਂ 'ਤੇ, ਚਾਹੇ ਉਹ ਕਿਸੇ ਜਾਤ ਦਾ ਹੈ, ਚਾਹੇ ਉਹ ਕੋਈ ਬੋਲੀ ਬੋਲਦਾ ਹੈ। ਚਾਹੇ ਉਹ ਅਮੀਰ ਹੈ ਜਾਂ ਗਰੀਬ, ਚਾਹੇ ਉਹ ਗੋਰਾ ਹੈ ਜਾਂ ਕਾਲਾ। ਆਪਣੇ ਇਸ਼ਟ ਦੀ ਆਰਾਧਨਾ ਅਤੇ ਨਿਰਮਲ ਕਰਮ ਕਰਨੇ, ਇਹ ਹੀ ਸਭ ਤੋਂ ਉੱਚਾ ਧਰਮ ਹੈ ਅਤੇ ਇਸ ਨੂੰ ਮਨੁਖਤਾ ਦਾ ਧਰਮ ਕਿਹਾ ਜਾ ਸਕਦਾ ਹੈ।

ਗੁਰੂ ਅਰਜਨ ਦੇਵ ਜੀ ਮਨੁੱਖ ਵਿਚ ਮੰਦੇ ਚੰਗੇ ਦਾ ਭੇਦ ਵੀ ਇਹ ਫੁਰਮਾ ਕੇ ਮਿਟਾਉਂਦੇ ਹਨ ਕਿ ਸਭ ਵਿਚ ਉਹ ਆਪ ਵੱਸਦਾ ਹੈ ਇਸ ਲਈ ਮੰਦਾ ਕਿਸੇ ਨੂੰ ਕਿਹਾ ਹੀ ਨਹੀਂ ਜਾ ਸਕਦਾ—

***ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥***
***ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥***

(ਪੰਨਾ ੧੩੮੧)

ਅਜਿਹਾ ਹੀ ਭਾਵ ਭਗਤ ਕਬੀਰ ਜੀ ਆਪਣੀ ਬਾਣੀ ਵਿਚ ਇਸ ਤਰ੍ਹਾਂ ਪ੍ਰਗਟ ਕਰਦੇ ਹਨ—

***ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥***
***ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥***

(ਪੰਨਾ ੧੩੪੯)

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੀ ਬਾਣੀ ਵਿਚ ਸਮੁੱਚੀ ਮਾਨਸ ਜਾਤ ਨੂੰ ਇਕੋ ਸਮਝਣ ਦਾ ਉਪਦੇਸ਼ ਦਿੱਤਾ—

***ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥***

ਅਰਥਾਤ ਸਮੁਚੀ ਮਨੁਖਤਾ ਇਕ ਹੈ ਅਤੇ ਬਿਨਾਂ ਕਿਸੇ ਵਿਤਕਰੇ ਦੇ ਇਸ ਨੂੰ ਇਕੋ ਸਮਝਣਾ ਚਾਹੀਦਾ ਹੈ।

ਗੁਰਬਾਣੀ ਵਿਚ ਮਾਨਵੀ ਏਕਤਾ ਦਾ ਨਿਰਾ ਉਪਦੇਸ਼ ਹੀ ਨਹੀਂ ਦਿੱਤਾ ਗਿਆ ਸਗੋਂ ਏਕਤਾ ਦਾ ਸਬੂਤ ਵੀ ਦਿੱਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਸਮੇਂ ਸੰਤਾਂ, ਭਗਤਾਂ ਦੀ ਬਾਣੀ ਸ਼ਾਮਲ ਕਰਦੇ ਹੋਏ ਨ ਜਾਤ ਪਾਤ ਦਾ ਭੇਦ ਰੱਖਿਆ, ਨ ਪ੍ਰਾਂਤ ਦਾ, ਨ ਭਾਸ਼ਾ ਦਾ। ਮੁਸਲਮਾਨ ਸੂਫੀ ਸੰਤ ਬਾਬਾ ਫਰੀਦ ਦੀ ਬਾਣੀ ਨੂੰ ਵੀ ਹਿੰਦੂ ਸੰਤਾਂ ਦੀ ਬਾਣੀ ਦੇ ਨਾਲ ਗੁਰੂ ਸਾਹਿਬਾਨ ਦੀ ਬਾਣੀ ਦੇ ਬਰਾਬਰ ਸਨਮਾਨ ਦਿੱਤਾ ਗਿਆ ਹੈ। ਜੁਲਾਹਾ, ਨਾਈ, ਚਮਾਰ ਆਦਿ ਜਾਤਾਂ ਨੂੰ ਉਸ ਸਮੇਂ ਨੀਚ ਸਮਝਿਆ ਜਾਂਦਾ ਸੀ, ਪਰ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਜਾਤਾਂ ਨਾਲ ਸੰਬੰਧਿਤ ਸੰਤਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਕੇ ਦੁਨੀਆਂ ਨੂੰ ਇਹ ਵਿਖਾ ਦਿੱਤਾ ਕਿ ਜਾਤ ਕਰਕੇ ਕੋਈ ਉੱਚਾ ਜਾਂ ਨੀਵਾਂ ਨਹੀਂ ਹੈ। ਕਰਮ ਜਾਂ ਅਮਲ ਬੰਦੇ ਨੂੰ ਉੱਚਾ ਜਾਂ ਨੀਵਾਂ ਬਣਾਉਂਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕੇਵਲ ਪੰਜਾਬ ਦੇ ਗੁਰੂਆਂ, ਸੰਤਾਂ, ਭਗਤਾਂ ਤਕ ਸੀਮਿਤ ਨ ਰੱਖ ਕੇ ਦੂਰ ਦੁਰਾਡੇ ਦੇ ਪ੍ਰਾਤਾਂ ਦੇ ਸੰਤਾਂ ਦੀ ਬਾਣੀ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਗਿਆ।

ਇਸ ਪ੍ਰਕਾਰ ਸਮੁੱਚੀ ਮਨੁਖਤਾ ਨੂੰ ਆਪਣੇ ਘੇਰੇ ਵਿਚ ਲੈ ਕੇ ਗੁਰਬਾਣੀ ਵਿਚ ਗੁਰੂ ਸਾਹਿਬਾਨ ਤੇ ਹੋਰ ਸੰਤਾਂ, ਭਗਤਾਂ ਨੇ ਸਾਰੇ ਭਿੰਨ ਭੇਦ ਮਿਟਾ ਕੇ ਮਨੁਖ ਨੂੰ ਏਕੇ ਦੀ ਲੜੀ ਵਿਚ ਪਰੋਇਆ ਹੈ।

★ ★ ★

# ਹੁਕਮਿ ਮੰਨਿਐ ਹੋਵੈ ਪਰਵਾਣੁ

ਹੁਕਮ ਦਾ ਅਰਥ ਹੈ ਆਗਿਆ ਜਾਂ ਆਦੇਸ਼। ਵੱਡਾ, ਛੋਟੇ ਨੂੰ ਹੁਕਮ ਕਰਦਾ ਹੈ ਤੇ ਛੋਟਾ, ਵੱਡੇ ਨੂੰ ਬੇਨਤੀ। ਸ੍ਰਿਸ਼ਟੀ ਦਾ ਰਚਨਹਾਰ 'ਵਾਹਿਗੁਰੂ' ਸਭ ਤੋਂ ਵੱਡਾ ਹੈ। ਉਸ ਤੋਂ ਵੱਡਾ, ਹੋਰ ਕੋਈ ਨਹੀਂ, ਕਿਉਂਕਿ ਸ੍ਰਿਸ਼ਟੀ ਉਸਦੀ ਰਚਨਾ ਹੈ ਅਤੇ ਰਚਨਾ, ਰਚਨਹਾਰ ਤੋਂ ਵੱਡੀ ਨਹੀਂ ਹੋ ਸਕਦੀ। ਇਸ ਲਈ ਸ੍ਰਿਸ਼ਟੀ ਵਿਚ ਉਸੇ ਦਾ ਹੁਕਮ ਚੱਲਦਾ ਹੈ, ਗੁਰੂ ਅਮਰਦਾਸ ਜੀ ਆਪਣੀ ਬਾਣੀ ਵਿਚ ਫਰਮਾਉਂਦੇ ਹਨ—

***ਆਪੇ ਕਰੇ ਕਰਾਏ ਕਰਤਾ ਜਿਉ ਭਾਵੈ ਤਿਵੈ ਚਲਾਇਦਾ॥***

(ਪੰਨਾ ੧੦੬੧)

'ਹੁਕਮਿ' ਤੋਂ ਭਾਵ ਵਾਹਿਗੁਰੂ ਦਾ ਹੁਕਮ ਹੈ। 'ਮੰਨਿਐ' ਤੋਂ ਭਾਵ ਹੈ ਮੰਨ ਕੇ। 'ਹੋਵੈ ਪਰਵਾਣੁ' ਦਾ ਭਾਵ ਹੈ, ਪਰਵਾਨ ਹੁੰਦਾ ਹੈ। ਅਰਥਾਤ ਵਾਹਿਗੁਰੂ ਦਾ ਹੁਕਮ ਮੰਨਣ ਵਾਲਾ ਮਨੁੱਖ ਹੀ, ਉਸਦੀ ਦਰਗਾਹ ਵਿਚ ਪਰਵਾਨ ਚੜ੍ਹਦਾ ਹੈ।

ਪੰਜਾਬੀ ਵਿਚ ਆਮ ਕਹਾਵਤ ਹੈ, ਕਿ ਉਸਦੇ ਹੁਕਮ ਤੋਂ ਬਿਨਾਂ, ਪੱਤਾ ਨਹੀਂ ਹਿੱਲ ਸਕਦਾ। ਮਨੁੱਖ ਉਸਦੇ ਹੁਕਮ ਨਾਲ ਹੀ, ਦੁਨੀਆਂ 'ਤੇ ਆਉਂਦਾ ਹੈ। ਆਪਣੀ ਮਰਜ਼ੀ ਨਾਲ ਕਦੀ ਕਿਸੇ ਨੇ ਜਨਮ ਲਿਆ ਹੈ? ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ, ਕਿ ਉਸਦੇ ਹੁਕਮ ਨਾਲ ਹੀ ਮਨੁਖ, ਮਾਂ ਦੇ ਪੇਟ ਅੰਦਰ ਨਿੰਮਦਾ ਹੈ, ਅਤੇ ਹੁਕਮ ਨਾਲ ਹੀ ਜੰਮਦਾ ਹੈ—

***ਹੁਕਮੈ ਅੰਦਰਿ ਨਿੰਮਿਆ ਪਿਆਰੇ ਹੁਕਮੈ ਉਦਰਿ ਮਝਾਰਿ॥***
***ਹੁਕਮੈ ਅੰਦਰਿ ਜੰਮਿਆ ਪਿਆਰੇ ਊਧਉ ਸਿਰ ਕੈ ਭਾਰਿ॥***

(ਪੰਨਾ ੬੩੬)

ਮਨੁੱਖ ਸੰਸਾਰ ਤੋਂ ਜਾਂਦਾ ਵੀ ਉਸਦੇ ਹੁਕਮ ਨਾਲ ਹੈ ਅਤੇ ਉਸ ਦੇ ਹੁਕਮ ਨਾਲ ਪਰਮ ਤੱਤ ਵਿਚ ਸਮਾ ਜਾਂਦਾ ਹੈ—

***ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ॥***

(ਪੰਨਾ ੯੪੦)

ਜਿੰਨੀ ਦੇਰ ਇਸ ਸੰਸਾਰ ਵਿਚ ਮਨੁੱਖ ਰਹਿੰਦਾ ਹੈ, ਉਸਦੇ ਹੁਕਮ ਵਿਚ ਹੀ ਰਹਿੰਦਾ ਹੈ। ਮਨੁੱਖ ਜੇ ਆਪਣੀ ਮਰਜ਼ੀ ਨਾਲ ਕੁਝ ਕਰਨਾ ਚਾਹੇ ਤਾਂ ਵੀ ਉਸਦੀ ਮਰਜ਼ੀ ਚੱਲਦੀ ਨਹੀਂ—ਗੁਰੂ ਤੇਗ ਬਹਾਦਰ ਜੀ ਦਾ ਫੁਰਮਾਨ ਹੈ—

**ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥**

(ਪੰਨਾ ੧੪੨੮)

ਬੰਦਾ ਤਾਂ ਕੁਝ ਹੋਰ ਚਾਹੁੰਦਾ ਹੈ, ਪਰ ਹੋਰ ਦਾ ਹੋਰ ਹੀ ਹੋ ਜਾਂਦਾ ਹੈ ਕਿਉਂਕਿ ਹੁੰਦਾ ਉਹ ਹੈ ਜੋ ਵਾਹਿਗੁਰੂ ਨੂੰ ਮਨਜ਼ੂਰ ਹੈ। ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦੀ ਬਾਣੀ ਵਿਚ, ਇਹ ਸਪਸ਼ਟ ਕਰ ਦਿੱਤਾ ਹੈ ਕਿ ਸਭ ਕੋਈ ਉਸਦੇ ਹੁਕਮ ਵਿਚ ਹੈ ਅਤੇ ਕੋਈ ਹੁਕਮ ਤੋਂ ਬਾਹਰ ਨਹੀਂ ਹੈ—

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥**

(ਪੰਨਾ ੧)

ਹੁਣ ਪ੍ਰਸ਼ਨ ਇਹ ਉਠਦਾ ਹੈ ਕਿ ਜੇ ਸਭ ਕੋਈ ਉਸਦੇ ਹੁਕਮ ਵਿਚ ਹੈ ਤਾਂ ਗੁਰਬਾਣੀ ਵਿਚ ਥਾਂ ਪੁਰ ਥਾਂ, ਬੰਦੇ ਨੂੰ, ਉਸ ਵਾਹਿਗੁਰੂ ਦੇ ਭਾਣੇ ਵਿਚ ਚੱਲਣ ਦਾ ਉਪਦੇਸ਼ ਕਿਉਂ ਦਿੱਤਾ ਗਿਆ? ਜਪੁਜੀ ਸਾਹਿਬ ਵਿਚ ਹੀ, ਬੰਦੇ ਨੂੰ ਸਚਿਆਰਾ ਹੋਣ ਲਈ, ਅੰਤੇ ਕੂੜ (ਝੂਠ) ਦੀ ਦੀਵਾਰ ਤੋੜਨ ਲਈ ਇਕੋ ਇਕ ਮਾਰਗ, ਉਸਦੀ ਰਜ਼ਾ ਵਿਚ ਚੱਲਣ ਦਾ ਦੱਸਿਆ ਗਿਆ ਹੈ। ਕਈ ਵਿਅਕਤੀ ਇਥੇ ਭੁਲੇਖਾ ਖਾ ਜਾਂਦੇ ਹਨ। ਉਹ ਕਹਿੰਦੇ ਹਨ ਕਿ "ਇਕ ਪਾਸੇ ਤਾਂ ਬਾਣੀ ਵਿਚ ਕਿਹਾ ਗਿਆ ਹੈ ਕਿ ਹੁਕਮ ਤੋਂ ਬਾਹਰ ਕੋਈ ਹੈ ਈ ਨਹੀਂ ਅਤੇ ਦੂਜੇ ਪਾਸੇ ਹੁਕਮ ਵਿਚ ਆਉਣ ਦਾ ਉਪਦੇਸ਼ ਦਿੱਤਾ ਗਿਆ ਹੈ—ਇਹ ਦੋ ਵਿਰੋਧੀ ਗੱਲਾਂ ਹਨ।" ਇਹ ਭੁੱਲੇਖਾ ਬਾਣੀ ਨੂੰ ਪੂਰੀ ਤਰ੍ਹਾਂ ਨ ਸਮਝਣ ਕਾਰਨ ਪੈਂਦਾ ਹੈ। ਨਹੀਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੧੪੩੦ ਪੰਨਿਆਂ ਵਿਚ ਕੋਈ ਵੀ ਅਜਿਹੀ ਗੱਲ ਨਹੀਂ ਲੱਭ ਸਕਦੀ, ਜੋ ਸਵੈ-ਵਿਰੋਧੀ ਹੋਵੇ। ਸ੍ਰਿਸ਼ਟੀ ਵਿਚ ਹਰ ਕੋਈ ਉਸਦੇ ਹੁਕਮ ਅੰਦਰ ਤਾਂ ਹੈ, ਪਰ ਬੰਦਾ ਹਉਮੈ ਦੇ ਕਾਰਨ ਉਸਦੇ ਹੁਕਮ ਨੂੰ ਸਮਝਦਾ ਨਹੀਂ। ਜਦੋਂ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਸਭ ਕੋਈ ਉਸ ਦੇ ਹੁਕਮ ਦੇ ਅੰਦਰ ਹੈ ਅਤੇ ਕੋਈ ਵੀ ਹੁਕਮ ਤੋਂ ਬਾਹਰ ਨਹੀਂ ਹੈ ਤਾਂ ਨਾਲ ਹੀ ਦੂਜੀ ਤੁਕ ਵਿਚ ਲਿਖਦੇ ਹਨ—

**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥**

(ਪੰਨਾ ੧)

ਅਰਥਾਤ, ਜੇ ਕੋਈ ਉਸਦੇ ਹੁਕਮ ਨੂੰ ਬੁੱਝ ਲਵੇ, ਉਸਦੇ ਹੁਕਮ ਨੂੰ ਸਮਝ ਲਵੇ ਤਾਂ ਫਿਰ ਹਉਮੈ ਦਾ ਪ੍ਰਗਟਾਵਾ ਨਹੀਂ ਕਰਦਾ।

ਹਉਮੈ ਦੇ ਕਾਰਨ ਹੀ ਮਨੁਖ, ਕਰਮਾਂ ਦਾ ਫਲ ਆਪਣੇ ਜ਼ਿੰਮੇ ਲੈ ਲੈਂਦਾ ਹੈ। ਕਈ ਵਿਅਕਤੀ ਆਪਣੇ ਕੀਤੇ ਕਰਮਾਂ ਦੀ ਜ਼ਿੰਮੇਵਾਰੀ, ਆਪਣੇ 'ਤੇ ਨ ਲੈ ਕੇ, ਪ੍ਰਮਾਤਮਾ 'ਤੇ ਸੁੱਟਦੇ ਹੋਏ ਆਪਣੇ ਬੁਰੇ ਕਰਮਾਂ ਨੂੰ ਵੀ ਜਾਇਜ਼ ਕਰਾਰ ਦਿੰਦੇ ਹਨ। ਉਹ ਕਹਿੰਦੇ ਹਨ

ਕਿ 'ਜਦੋਂ ਵਾਹਿਗੁਰੂ ਆਪ ਹੀ ਸਭ ਕੁਝ ਕਰ ਕਰਾ ਰਿਹਾ ਹੈ, ਤਾਂ ਬੁਰੇ ਕਰਮ ਵੀ ਉਸ ਨੇ ਹੀ ਕਰਾਏ ਹਨ, ਇਨ੍ਹਾਂ ਦੇ ਫਲ ਦੇ ਭਾਗੀ ਅਸੀਂ ਕਿਵੇਂ ਹੋਏ?' ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜੋ ਕਰਮ ਮਨੁਖ ਹਉਮੈ ਵਿਚ ਆ ਕੇ ਕਰਦਾ ਹੈ ਜਾਂ ਇਹ ਸਮਝ ਕੇ ਕਰਦਾ ਹੈ ਕਿ ਇਹ "ਮੈਂ ਕਰ ਰਿਹਾ ਹਾਂ", ਉਨ੍ਹਾਂ ਦਾ ਫਲ ਉਸਨੂੰ ਭੁਗਤਣਾ ਹੀ ਪੈਂਦਾ ਹੈ ਕਿਉਂਕਿ ਹਉਮੈ ਵਿਚ ਨ ਭਗਤੀ ਹੋ ਸਕਦੀ ਹੈ ਨ ਪ੍ਰਭੂ ਦੇ ਹੁਕਮ ਦੀ ਸਮਝ ਪੈਂਦੀ ਹੈ। ਗੁਰਬਾਣੀ ਦਾ ਫੁਰਮਾਣ ਹੈ—

***ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ॥***

(ਪੰਨਾ ੫੬੦)

ਜਦੋਂ ਉਹ ਹਉਮੈ ਤਿਆਗ ਦਿੰਦਾ ਹੈ, ਆਪਾ ਮਿਟਾ ਦਿੰਦਾ ਹੈ ਤਾਂ ਕਬੀਰ ਜੀ ਅਨੁਸਾਰ ਉਸਨੂੰ ਫਿਰ ਸਭ ਪਾਸੇ ਪਰਮੇਸ਼ਰ ਹੀ ਦਿਸਦਾ ਹੈ—

***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥***

(ਪੰਨਾ ੧੩੭੫)

ਅਤੇ ਆਪਣੀ ਮਤ ਤਿਆਗ ਕੇ ਪੂਰਨ ਰੂਪ ਵਿਚ ਉਸ ਵਾਹਿਗੁਰੂ ਦੇ ਹੁਕਮ ਨੂੰ ਸਮਝ ਕੇ, ਉਸਦੇ ਭਾਣੇ ਵਿਚ ਚਲਦਾ ਹੈ ਤਾਂ ਉਸ ਵਲੋਂ ਕੀਤਾ ਗਿਆ ਹਰ ਕਰਮ, ਉਸਦਾ ਆਪਣਾ ਕੀਤਾ ਨਹੀਂ, ਸਗੋਂ ਵਾਹਿਗੁਰੂ ਵਲੋਂ ਕਰਵਾਇਆ, ਗਿਣਿਆਂ ਜਾਂਦਾ ਹੈ। ਐਸੀ ਅਵਸਥਾ ਵਿਚ ਮਨੁਖ ਬੁਰੇ ਕਰਮ ਕਰ ਹੀ ਨਹੀਂ ਸਕਦਾ, ਫਿਰ ਉਨ੍ਹਾਂ ਦਾ ਫਲ ਭੋਗਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ।

ਪਰਮਾਤਮਾ ਘਟ ਘਟ ਵਿਚ ਵਸਦਾ ਹੈ, ਪਰ ਹੁਕਮ ਨ ਮੰਨਣ ਕਾਰਨ, ਅੰਦਰ ਵਸਦਾ ਹੋਇਆ ਵੀ ਮਨੁਖ ਨੂੰ ਦੂਰ ਭਾਸਦਾ ਹੈ? ਗੁਰੂ ਅਮਰਦਾਸ ਜੀ, ਆਪਣੀ ਬਾਣੀ ਵਿਚ ਸਪਸ਼ਟ ਕਰਦੇ ਹਨ—

***ਸਭਨਾ ਕਾ ਸਹੁ ਏਕੁ ਹੈ ਸਦ ਹੀ ਰਹੈ ਹਜੂਰਿ॥***
***ਨਾਨਕ ਹੁਕਮੁ ਨ ਮੰਨਈ ਤਾ ਘਰ ਹੀ ਅੰਦਰਿ ਦੂਰਿ॥***

(ਪੰਨਾ ੫੧੦)

ਪਰ ਹਜ਼ੂਰ ਫੁਰਮਾਉਂਦੇ ਹਨ ਕਿ ਹੁਕਮ ਵੀ ਉਹ ਹੀ ਮੰਨ ਸਕਦਾ ਹੈ, ਜਿਸ 'ਤੇ ਉਸਦੀ ਕ੍ਰਿਪਾ ਦ੍ਰਿਸ਼ਟੀ ਹੋਵੇ—

***ਨਦਰਿ ਕਰੇ ਤਾਂ ਭਰਮੁ ਚੁਕਾਏ॥ ਹੁਕਮੈ ਬੂਝੈ ਤਾਂ ਸਾਚਾ ਪਾਏ॥***

(ਪੰਨਾ ੧੧੬੯)

***ਹੁਕਮੁ ਭੀ ਤਿਨ੍ਹਾ ਮਨਾਇਸੀ ਜਿਨ੍ਹ ਕਉ ਨਦਰਿ ਕਰੇਇ॥***

(ਪੰਨਾ ੫੧੦)

ਗੁਰਮਤਿ ਅਨੁਸਾਰ, ਅਕਾਲ ਪੁਰਖ ਨਾਲ ਅਭੇਦ ਹੋਣ ਦਾ ਸਭ ਤੋਂ ਵੱਡਾ ਸਾਧਨ ਸਿਮਰਨ ਦਾ ਹੈ, ਪਰ ਸਿਮਰਨ ਵੀ ਉਹ ਹੀ ਕਰ ਸਕਦਾ ਹੈ, ਜਿਸ ਉਤੇ ਉਹ ਆਪ ਦਇਆਲ ਹੋ ਜਾਵੇ—

***ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ॥***

*(ਪੰਨਾ ੨੬੩)*

ਸੋ ਅਧਿਆਤਮ ਮਾਰਗ 'ਤੇ ਚੱਲਣ ਲਈ, ਅਕਾਲ ਪੁਰਖ ਦੀ ਮਿਹਰ, ਕਿਰਪਾ ਜਾਂ ਦਇਆ ਦੇ ਪਾਤਰ ਹੋਣਾ ਬਹੁਤ ਜ਼ਰੂਰੀ ਹੈ। ਕ੍ਰਿਪਾ ਦ੍ਰਿਸ਼ਟੀ ਕਿਵੇਂ ਹੋਵੇ? ਦਇਆ ਦੇ ਪਾਤਰ ਕਿਵੇਂ ਬਣੀਏਂ? ਮਨੁੱਖ ਦਾ ਅਕਾਲ ਪੁਰਖ ਨਾਲ ਪਿਤਾ ਤੇ ਪੁੱਤਰ ਦਾ ਸੰਬੰਧ ਹੈ। ਕੇਵਲ ਪਰਮ ਪਿਤਾ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ।

***ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥***

*(ਪੰਨਾ ੬੧੧)*

ਦੁਨਿਆਵੀ ਜੀਵਨ ਵਿਚ ਉਹ ਪੁੱਤਰ ਹੀ ਪਿਤਾ ਤੋਂ ਵੱਧ ਪਿਆਰ ਲੈਂਦਾ ਹੈ, ਜੋ ਉਸਦੀ ਆਗਿਆ ਦਾ ਪਾਲਨ ਕਰਦਾ ਹੈ। ਪਿਤਾ ਉਸ ਪੁੱਤਰ ਉੱਤੇ ਦਇਆਲ ਹੋ ਕੇ, ਉਸਨੂੰ ਦੂਜੇ ਪੁੱਤਰ ਨਾਲੋਂ ਵੱਧ ਦੇ ਦਿੰਦਾ ਹੈ, ਜੋ ਪਿਤਾ ਦਾ ਹੁਕਮ ਮੰਨਦਾ ਹੈ। ਜੋ ਪੁੱਤਰ, ਪਿਤਾ ਦੇ ਹੁਕਮ ਤੋਂ ਬਾਹਰਾ ਹੋਵੇ, ਕਈ ਵਾਰ ਉਸਨੂੰ ਪਿਤਾ ਆਪਣੀ ਜਾਇਦਾਦ ਤੋਂ ਵੀ ਬੇਦਖਲ ਕਰ ਦਿੰਦਾ ਹੈ। ਇਸੇ ਤਰ੍ਹਾਂ, ਉਹ ਮਨੁਖ ਹੀ ਪਿਤਾ ਪਰਮੇਸ਼ਰ ਦੀ ਕ੍ਰਿਪਾ ਦਾ ਪਾਤਰ ਬਣ ਸਕਦਾ ਹੈ, ਜੋ ਉਸਦਾ ਹੁਕਮ ਮੰਨਦਾ ਹੈ। ਇਸ ਪ੍ਰਕਾਰ ਹੁਕਮ ਮੰਨਣ ਨਾਲ ਹੀ ਹਰੀ ਨਾਲ ਮੇਲ ਸੰਭਵ ਹੈ ਅਤੇ ਹਉਮੈ ਦੂਰ ਹੋ ਸਕਦੀ ਹੈ—

***ਹੁਕਮੁ ਮੰਨਹਿ ਤਾਂ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ॥ ਰਹਾਉ॥***

*(ਪੰਨਾ ੫੬੦)*

ਵਾਹਿਗੁਰੂ ਦਾ ਨਾਮ, ਮਨ ਵਿਚ ਓਨਾ ਚਿਰ ਨਹੀਂ ਵਸਦਾ, ਜਿੰਨਾ ਚਿਰ ਮਨੁਖ, ਭਾਣਾ ਮੰਨਣਾ ਨਹੀਂ ਸਿੱਖਦਾ। ਗੁਰੂ ਅਮਰਦਾਸ ਜੀ, ਜਦੋਂ ਇਹ ਸੁਆਲ ਕਰਦੇ ਹਨ, ਕਿ ਮੈਂ ਕਿਸ ਦੀ ਸੇਵਾ ਕਰਾਂ ਤਾਂ ਜੋ ਨਾਮ ਮਨ ਵਿਚ ਵੱਸ ਜਾਏ ਤਾਂ ਉੱਤਰ ਮਿਲਦਾ ਹੈ—

***ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ॥***
***ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ॥***

*(ਪੰਨਾ ੩੪)*

ਮਨੁੱਖਾ ਜਨਮ ਵਿਚ ਸੁਖ ਦੁੱਖ ਦੋਨੋਂ ਹੀ ਹਨ, ਕਦੇ ਸੁਖ ਬਹੁਤਾ, ਦੁੱਖ ਥੋੜ੍ਹਾ ਤੇ ਕਦੇ ਦੁੱਖ ਬਹੁਤਾ, ਸੁਖ ਥੋੜ੍ਹਾ, ਅਜਿਹਾ ਮਨੁਖ ਕੋਈ ਵਿਰਲਾ ਹੀ ਹੋਵੇਗਾ, ਜਿਸਦੇ ਜੀਵਨ

ਵਿਚ ਸੁਖ ਹੀ ਸੁਖ ਹੋਣ। ਹਾਂ, ਜਿਸ ਨੇ ਵਾਹਿਗੁਰੂ ਦੇ ਹੁਕਮ ਨੂੰ ਬੁਝ ਲਿਆ ਹੈ, ਸਮਝ ਲਿਆ ਹੈ, ਉਸਨੂੰ ਦੁੱਖ ਮਹਿਸੂਸ ਨਹੀਂ ਹੁੰਦਾ। ਉਹ "ਜੋ ਨਰ ਦੁਖ ਮੈ ਦੁਖ ਨਹੀ ਮਾਨੈ" ਦੇ ਮਹਾਂਵਾਕ ਅਨੁਸਾਰ ਵਾਹਿਗੁਰੂ ਦੇ ਭਾਣੇ ਨੂੰ ਮੰਨਦਾ ਹੋਇਆ, ਦੁੱਖ ਵਿਚ ਵੀ ਸੁਖ ਅਨੁਭਵ ਕਰਦਾ ਹੈ। ਅਜਿਹਾ ਮਨੁਖ, ਜਿਸ ਰੰਗ ਵਿਚ ਵੀ ਵਾਹਿਗੁਰੂ ਉਸਨੂੰ ਰੱਖਦਾ ਹੈ, ਉਸੇ ਵਿਚ ਰਾਜ਼ੀ ਰਹਿੰਦਾ ਹੈ। ਇਹ ਹੀ ਹੁਕਮ ਮੰਨਣ ਦੀ ਅਸਲੀ ਅਵਸਥਾ ਹੈ ਅਤੇ ਅਜਿਹਾ ਮਨੁਖ ਹੀ ਉਸਦੀ ਦਰਗਾਹ ਵਿਚ ਪਰਵਾਨ ਚੜ੍ਹਦਾ ਹੈ।

★ ★ ★

# ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥

ਮਨੁੱਖ ਦੇ ਦੁੱਖ—ਰੋਗ ਦਾ ਮੂਲ ਕਾਰਨ ਅਤੇ ਇਸ ਰੋਗ ਨੂੰ ਕੱਟਣ ਬਾਰੇ ਗੁਰਬਾਣੀ ਵਿਚ ਵਿਸਤਾਰ ਪੂਰਵਕ ਵਰਣਨ ਹੈ। ਗੁਰਮਤਿ ਅਨੁਸਾਰ ਮਨੁਖ ਦੇ ਰੋਗਾਂ ਦਾ ਮੂਲ ਕਾਰਨ ਪਰਮੇਸ਼ਰ ਤੋਂ ਦੂਰ ਜਾਣਾ ਹੈ—

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥***

*(ਪੰਨਾ ੧੩੫)*

ਮਨੁੱਖ ਸੱਚੇ ਪਿਤਾ ਨੂੰ ਭੁਲਾ ਦਿੰਦਾ ਹੈ ਤਾਂ ਉਸਦੇ ਵਿਅਕਤਿਤਵ ਵਿਚੋਂ ਗੁਣ ਨਿਕਲ ਜਾਂਦੇ ਹਨ ਅਤੇ ਔਗੁਣ ਘਰ ਕਰ ਲੈਂਦੇ ਹਨ। ਉਸਦਾ ਜੀਵਨ ਗੁਰਮੁਖ ਵਾਲਾ ਨ ਹੋ ਕੇ ਮਨਮੁਖ ਵਾਲਾ ਹੋ ਜਾਂਦਾ ਹੈ। ਮਨ ਦੇ ਪਿੱਛੇ ਲੱਗ ਕੇ ਉਹ ਜੋ ਕਰਮ ਕਰਦਾ ਹੈ, ਉਹ ਕਰਮ ਦੁੱਖਾਂ ਦਾ ਕਾਰਨ ਬਣਦੇ ਹਨ ਅਤੇ ਦੁੱਖ ਹੀ ਰੋਗ ਵਿਚ ਬਦਲ ਜਾਂਦੇ ਹਨ, ਰੋਗੀ ਅਸੀਂ ਉਸ ਨੂੰ ਕਹਿੰਦੇ ਹਾਂ ਜਿਸਦਾ ਮਨ ਜਾਂ ਸਰੀਰ ਚੜ੍ਹਦੀ ਕਲਾ ਵਿਚ ਨ ਹੋਵੇ। ਇਸ ਸੰਸਾਰ 'ਤੇ ਜੋ ਵੀ ਪ੍ਰਾਣੀ ਆਇਆ ਹੈ ਉਹ ਦੁੱਖ—ਰੋਗ ਤੋਂ ਬੱਚ ਨਹੀਂ ਸਕਿਆ। ਗੁਰਬਾਣੀ ਵਿਚ ਫੁਰਮਾਣ ਹੈ

***ਜੋ ਜਨਮੇ ਸੇ ਰੋਗਿ ਵਿਆਪੇ॥*** *(ਪੰਨਾ ੩੫੨)*

ਗੁਰੂ ਅਰਜਨ ਦੇਵ ਜੀ ਭੈਰਉ ਰਾਗ ਵਿਚ ਫੁਰਮਾਉਂਦੇ ਹਨ—

***ਜੋ ਜੋ ਦੀਸੈ ਸੋ ਸੋ ਰੋਗੀ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥***

*(ਪੰਨਾ ੧੧੪੦)*

ਬਾਬਾ ਫਰੀਦ ਜੀ ਦਾ ਕਥਨ ਹੈ ਕਿ ਇਸ ਜਗਤ ਵਿਚ ਹਰ ਕੋਈ ਦੁਖੀ ਹੈ—

***ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥***

*(ਪੰਨਾ ੧੩੮੨)*

ਭਾਵ ਦੁੱਖ ਅਤੇ ਰੋਗਾਂ ਦੀ ਅੱਗ, ਘਰ ਘਰ ਵਿਚ ਲੱਗੀ ਹੋਈ ਹੈ। ਦੁਖ ਅਤੇ ਰੋਗ ਦੋਨਾਂ ਵਿਚ ਬਹੁਤ ਗੂੜ੍ਹਾ ਸੰਬੰਧ ਹੈ। ਜੋ ਮਨੁਖ ਦੁਖੀ ਰਹਿੰਦਾ ਹੈ ਉਸ ਨੂੰ ਕੋਈ ਨ ਕੋਈ ਬੀਮਾਰੀ ਜ਼ਰੂਰ ਲੱਗ ਜਾਂਦੀ ਹੈ ਅਤੇ ਜੋ ਬੀਮਾਰ ਹੈ, ਉਹ ਦੁਖੀ ਤਾਂ ਹੁੰਦਾ ਹੀ ਹੈ। ਇਸੇ ਲਈ ਗੁਰਬਾਣੀ ਵਿਚ ਦੁੱਖ ਅਤੇ ਰੋਗ ਦਾ ਜ਼ਿਕਰ ਬਹੁਤ ਵਾਰ ਇਕੱਠਾ ਹੀ ਹੋਇਆ ਹੈ ਜਿਵੇਂ—

***ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥***

(ਪੰਨਾ ੯੨੨)

ਅਤੇ

***ਦੂਖ ਰੋਗ ਬਿਨਸੈ ਭੈ ਭਰਮ॥*** (ਪੰਨਾ ੨੯੬)

ਜਿੰਨੀ ਦੇਰ ਰੋਗ ਦੂਰ ਨਹੀਂ ਹੁੰਦਾ ਉਨੀ ਦੇਰ ਦੁੱਖ ਮਿਟ ਨਹੀਂ ਸਕਦੇ। ਗੁਰੂ ਅਰਜਨ ਦੇਵ ਜੀ ਇਸ ਤਥ ਨੂੰ ਇਨ੍ਹਾਂ ਤੁਕਾਂ ਵਿਚ ਪ੍ਰਗਟ ਕਰਦੇ ਹਨ—

***ਬਿਨੁ ਖਾਏ ਬੂਝੈ ਨਹੀ ਭੂਖ॥ ਰੋਗੁ ਜਾਇ ਤਾਂ ਉਤਰਹਿ ਦੂਖ॥***

(ਪੰਨਾ ੧੧੪੯)

ਇਸ ਲਈ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਰੋਗਾਂ ਦੀ ਨਵਿਰਤੀ ਜ਼ਰੂਰੀ ਹੈ। ਇਹ ਰੋਗ ਮਨੁਖ ਦੇ ਇਸ ਵਡਮੁੱਲੇ ਜੀਵਨ ਨੂੰ ਘੁਣ ਵਾਂਗ ਖਾ ਜਾਂਦੇ ਹਨ ਅਤੇ ਜਿਸ ਮੰਤਵ ਲਈ ਇਹ ਹੀਰੇ ਜੈਸਾ ਜਨਮ ਮਿਲਿਆ ਸੀ, ਉਹ ਪੂਰਾ ਨਹੀਂ ਹੁੰਦਾ ਅਤੇ ਮਨੁੱਖ ਆਪਣੇ ਹੱਥੋਂ ਇਕ ਸੁਨਹਿਰੀ ਮੌਕਾ ਅਜਾਈਂ ਗੁਆ ਦਿੰਦਾ ਹੈ।

ਰੋਗ ਦੂਰ ਕਰਨ ਲਈ ਇਹ ਜ਼ਰੂਰੀ ਹੈ ਕਿ ਡਾਕਟਰ ਪਹਿਲਾਂ ਰੋਗ ਨੂੰ ਸਮਝੇ ਅਤੇ ਫਿਰ ਠੀਕ ਦੁਆਈ ਦੇਵੇ ਅਰਥਾਤ ਰੋਗ ਅਤੇ ਦਾਰੂ ਦੋਨਾਂ ਦੀ ਪਛਾਣ ਜ਼ਰੂਰੀ ਹੈ। ਗੁਰੂ ਅੰਗਦ ਦੇਵ ਜੀ ਇਕ ਚੰਗੇ ਵੈਦ ਦੀ ਪਛਾਣ ਇਨ੍ਹਾਂ ਤੁਕਾਂ ਵਿਚ ਦੱਸਦੇ ਹਨ—

***ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ॥***
***ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ॥***

(ਪੰਨਾ ੧੪੮)

ਇਲਾਜ ਦੀਆਂ ਇਸ ਸਮੇਂ ਬਹੁਤ ਪ੍ਰਕਾਰ ਦੀਆਂ ਪ੍ਰਣਾਲੀਆਂ ਪ੍ਰਚਲਿਤ ਹਨ। ਇਥੇ ਉਨ੍ਹਾਂ ਦੇ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ ਕੇਵਲ ਇੰਨਾ ਕਹਿ ਦੇਣਾ ਕਾਫੀ ਹੈ ਕਿ ਇਨ੍ਹਾਂ ਸਾਰੀਆਂ ਪ੍ਰਣਾਲੀਆਂ ਨੇ ਮਨੁਖ ਦੀ ਪੀੜਾ ਨੂੰ ਘਟਾਉਣ ਵਿਚ ਹਿੱਸਾ ਪਾਇਆ ਹੈ, ਪਰ ਉਸ ਨੂੰ ਪੂਰਨ ਰੂਪ ਵਿਚ ਅਰੋਗ ਨਹੀਂ ਕਰ ਸਕੀਆਂ। ਕਈ ਪ੍ਰਕਾਰ ਦੇ ਸਰੀਰਕ ਟੈਸਟ ਕਰਵਾ ਕੇ ਰੋਗ ਦੀ ਪਛਾਣ ਤਾਂ ਕਰ ਲਈ ਜਾਂਦੀ ਹੈ ਪਰ ਰੋਗ ਉਠਿਆ ਕਿਥੋਂ, ਅਰਥਾਤ ਕਲੇਜੇ ਦੀ ਕਰਕ ਨੂੰ ਸਮਝਣ ਤੋਂ ਇਹ ਅਸਮਰਥ ਹਨ—

***ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥***
***ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥***

(ਪੰਨਾ ੧੨੭੯)

ਰੋਗ ਦੀਆ ਇਨ੍ਹਾਂ ਪ੍ਰਣਾਲੀਆਂ ਵਿਚ ਰੋਗ ਦਾ ਇਲਾਜ ਉਦੋਂ ਹੋ ਸਕਦਾ ਹੈ

ਜਦੋਂ ਰੋਗ ਸਰੀਰ ਤੇ ਪ੍ਰਗਟ ਹੋ ਜਾਵੇ, ਪਰ ਗੁਰਬਾਣੀ ਰੋਗ ਦੇ ਸਰੀਰ ਵਿਚ ਪੈਦਾ ਹੋਣ ਤੋਂ ਪਹਿਲਾਂ ਉਸਦੇ ਕਾਰਨਾਂ ਨੂੰ ਦੂਰ ਕਰਨ 'ਤੇ ਬਲ ਦਿੰਦੀ ਹੈ।

ਮੋਟੇ ਤੌਰ 'ਤੇ ਮਨੁੱਖ ਨੂੰ ਦੋ ਪ੍ਰਕਾਰ ਦੇ ਰੋਗ ਲਗਦੇ ਹਨ, ਸਰੀਰਕ ਤੇ ਮਾਨਸਿਕ। ਇਨ੍ਹਾਂ ਦੋਨਾਂ ਨੂੰ ਇਕ ਦੂਜੇ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ। ਬਹੁਤੇ ਸਰੀਰਕ ਰੋਗਾਂ ਦੀ ਜੜ ਮਾਨਸਿਕ ਰੋਗ ਹੀ ਹੁੰਦੇ ਹਨ। ਜੇ ਮਨ ਬੀਮਾਰ ਹੈ, ਢਹਿੰਦੀ ਕਲਾ ਵਿਚ ਹੈ ਤਾਂ ਉਹ ਸਰੀਰ ਨੂੰ ਵੀ ਲੈ ਕੇ ਬਹਿ ਜਾਂਦਾ ਹੈ। ਡਾਵਾਂਡੋਲ ਮਨ ਵਾਲੇ ਵਿਅਕਤੀ ਦਾ ਸਰੀਰ ਵੀ ਡਾਵਾਂਡੋਲ ਹੋ ਜਾਂਦਾ ਹੈ। ਮਨ, ਸਰੀਰ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ, ਇਸ ਨੂੰ ਇਕ ਉਦਾਹਰਣ ਨਾਲ ਹੋਰ ਸਪਸ਼ਟ ਕੀਤਾ ਜਾ ਸਕਦਾ ਹੈ। ਛੋਟੇ ਬੱਚੇ ਨੂੰ ਜੇ ਜ਼ਬਰਦਸਤੀ ਮਾਂ ਤੋਂ ਵੱਖ ਰੱਖਿਆ ਜਾਵੇ ਤਾਂ ਇਹ ਵੇਖਣ ਵਿਚ ਆਇਆ ਹੈ ਕਿ ਉਹ ਰੋ ਰੋ ਕੇ ਬੁਖਾਰ ਚੜ੍ਹਾ ਲੈਂਦਾ ਹੈ। ਕਈ ਵਾਰ ਕਿਸੇ ਖਾਸ ਡਰ ਦੇ ਕਾਰਨ ਵੀ ਬੁਖਾਰ ਚੜ੍ਹ ਜਾਂਦਾ ਹੈ। ਇਸ ਲਈ ਸਰੀਰ ਨੂੰ ਰੋਗ ਰਹਿਤ ਕਰਨ ਲਈ ਮਨ ਨੂੰ ਅਰੋਗ ਕਰਨਾ ਜ਼ਰੂਰੀ ਹੈ। ਭਾਵੇਂ ਅੰਗ੍ਰੇਜ਼ੀ ਦੀ ਕਹਾਵਤ ਹੈ ਕਿ ਸਵੱਸਥ ਸਰੀਰ ਵਿਚ ਸਵੱਸਥ ਮਨ ਹੁੰਦਾ ਹੈ, ਪਰ ਸਾਡੇ ਵਿਚਾਰ ਵਿਚ, ਇਸ ਦੇ ਉਲਟ ਜੇ ਮਨ ਸਵੱਸਥ ਹੋਵੇਗਾ ਤਾਂ ਸਰੀਰ ਅਰੋਗ ਹੋ ਸਕਦਾ ਹੈ। ਜਿਸ ਵਿਅਕਤੀ ਦਾ ਮਨ ਉਤੇ ਕਾਬੂ ਹੈ, ਉਸਨੂੰ ਛੇਤੀ ਬੀਮਾਰੀ ਨਹੀਂ ਲੱਗਦੀ। ਸੁਣਨ ਵਿਚ ਆਉਂਦਾ ਹੈ ਕਿ ਕਈ ਸੰਤ, ਮਹਾਂਪੁਰਸ਼, ਬ੍ਰਹਮ ਗਿਆਨੀ ਸਾਰੀ ਜ਼ਿੰਦਗੀ ਵਿਚ ਕਦੀ ਬੀਮਾਰ ਨਹੀਂ ਹੋਏ, ਕਾਰਨ ਇਹ ਹੈ ਕਿ ਉਨ੍ਹਾਂ ਦਾ ਮਨ ਸਵੱਸਥ ਹੈ, ਅਡੋਲ ਹੈ, ਸਹਿਜ ਅਵਸਥਾ ਵਿਚ ਹੈ। ਨ ਉਨ੍ਹਾਂ ਨੂੰ ਸੁਖ ਪੋਂਹਦਾ ਹੈ ਨ ਦੁੱਖ, ਨ ਧਨ ਦਾ ਲਾਲਚ, ਨ ਰੋਟੀ ਦੀ ਚਿੰਤਾ। ਇਸਦੇ ਉਲਟ ਕਮਜ਼ੋਰ ਮਨ ਵਾਲੇ ਵਿਅਕਤੀ ਨੂੰ ਕੋਈ ਨ ਕੋਈ ਰੋਗ ਲੱਗਾ ਹੀ ਰਹਿੰਦਾ ਹੈ, ਰੋਗ ਪ੍ਰਗਟ ਨ ਵੀ ਹੋਇਆ ਹੋਵੇ ਤਾਂ ਵੀ ਉਹ ਮਹਿਸੂਸ ਇੰਜ ਕਰਦਾ ਹੈ ਜਿਵੇਂ ਉਹ ਬੀਮਾਰ ਹੈ।

ਮਨ ਦੀ ਡਾਵਾਂਡੋਲ ਅਵਸਥਾ ਦੇ ਦੋ ਮੁੱਖ ਕਾਰਨ ਹਨ : ਤਣਾਓ ਅਤੇ ਢਹਿੰਦੀ ਰੁਚੀ। ਤਣਾਓ ਲਈ ਚਿੰਤਾ, ਕ੍ਰੋਧ, ਹਉਮੈ, ਲੋਭ, ਸਹਸਾ, ਈਰਖਾ, ਨਫਰਤ, ਬਦਲੇ ਦੀ ਭਾਵਨਾ, ਵੈਰ ਵਿਰੋਧ ਦੀ ਭਾਵਨਾ ਆਦਿ ਜ਼ਿੰਮੇਵਾਰ ਹਨ। ਨਿਰਾਸਤਾ ਅਤੇ ਡਰ ਦੇ ਕਾਰਨ ਮਨ ਢਹਿੰਦੀ ਕਲਾ ਵਿਚ ਚਲਾ ਜਾਂਦਾ ਹੈ। ਮਨ 'ਤੇ ਤਣਾਓ ਰਹਿਣ ਨਾਲ ਖੂਨ ਦਾ ਦਬਾਅ ਵੱਧ ਜਾਂਦਾ ਹੈ, ਜੋ ਅੱਗੋਂ ਦਿਲ ਦੀ ਬੀਮਾਰੀ ਅਤੇ ਹੋਰ ਕਈ ਬਿਮਾਰੀਆਂ ਨੂੰ ਜਨਮ ਦਿੰਦਾ ਹੈ। ਮਨ ਦੀ ਢਹਿੰਦੀ ਕਲਾ ਵਿਚ ਖੂਨ ਦਾ ਦਬਾਓ ਘੱਟ ਜਾਂਦਾ ਹੈ ਜਿਸਨੂੰ ਅੰਗ੍ਰੇਜ਼ੀ ਵਿਚ ਡਿਪਰੈਸ਼ਨ ਕਹਿੰਦੇ ਹਨ ਅਤੇ ਇਸ ਤੋਂ ਹੋਰ ਕਈ ਰੋਗ ਪੈਦਾ ਹੋ ਜਾਂਦੇ ਹਨ। ਇਨ੍ਹਾਂ ਰੋਗਾਂ ਤੋਂ ਬਚਨ ਲਈ ਮਨ ਦੀਆਂ ਉਪ੍ਰੋਕਤ ਕਮਜ਼ੋਰੀਆਂ ਦੂਰ ਕਰਨੀਆਂ ਜ਼ਰੂਰੀ ਹਨ। ਗੁਰਬਾਣੀ, ਇਨ੍ਹਾਂ ਕਮਜ਼ੋਰੀਆਂ ਤੋਂ ਮਨ ਨੂੰ ਮੁਕਤ ਕਰਨ ਲਈ

ਮਨੁਖ ਨੂੰ ਨਿੱਗਰ ਸੇਧ ਬਖਸ਼ਦੀ ਹੈ। ਇਨ੍ਹਾਂ ਉਤੇ ਅਲੱਗ ਅਲੱਗ ਵਿਚਾਰ ਕਰਨੀ ਉਚਿਤ ਹੈ।

**ਚਿੰਤਾ :**

ਚਿੰਤਾ ਇੰਨੀ ਭਿਆਨਕ ਬਿਮਾਰੀ ਹੈ ਕਿ ਇਸਨੂੰ ਚਿਖਾ ਬਰਾਬਰ ਕਿਹਾ ਜਾਂਦਾ ਹੈ। ਚਿੰਤਾ ਉਸਨੂੰ ਸਤਾਉਂਦੀ ਹੈ ਜੋ ਸਤਿਗੁਰੂ ਦੀ ਸ਼ਰਣ ਨਹੀਂ ਆਇਆ, ਜਿਸਨੇ ਆਪਣੇ ਆਪ ਨੂੰ ਸੱਚੇ ਪਾਤਸ਼ਾਹ ਦੇ ਸਪੁਰਦ ਨਹੀਂ ਕੀਤਾ। ਜੇ ਅਜਿਹਾ ਕੀਤਾ ਹੋਵੇ ਤਾਂ ਚਿੰਤਾ ਆਪ ਨੂੰ ਨਹੀਂ ਹੁੰਦੀ, ਪ੍ਰਮਾਤਮਾ ਨੂੰ ਹੁੰਦੀ ਹੈ। ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ—

***ਨ ਕਰਿ ਚਿੰਤ ਚਿੰਤਾ ਹੈ ਕਰਤੇ॥***
***ਹਰਿ ਦੇਵੈ ਜਲਿ ਥਲਿ ਜੰਤਾ ਸਭ ਤੈ॥***

*(ਪੰਨਾ ੧੦੭੦)*

ਚਿੰਤਾ ਤੋਂ ਛੁੱਟਕਾਰਾ ਪਾਉਣ ਲਈ ਗੁਰਬਾਣੀ ਵਿਚ ਥਾਂ ਥਾਂ ਮਨੁਖ ਨੂੰ ਸਮਝਾਇਆ ਗਿਆ ਹੈ ਕਿ ਚਿੰਤਾ ਤਾਂ ਕੀਤੀ ਜਾਏ ਜੇ ਕੋਈ ਅਣਹੋਣੀ ਹੋ ਰਹੀ ਹੋਵੇ, ਹੋ ਤਾਂ ਸਭ ਕੁਝ ਵਾਹਿਗੁਰੂ ਦੇ ਹੁਕਮ ਵਿਚ ਰਿਹਾ ਹੈ, ਫਿਰ ਚਿੰਤਾ ਕਾਹਦੀ। ਗੁਰ ਸ਼ਬਦ ਦਾ ਆਸਰਾ ਅਤੇ ਨਾਮ ਸਿਮਰਨ ਹੀ ਚਿੰਤਾ ਨੂੰ ਮਿਟਾ ਸਕਦੇ ਹਨ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ—

***ਗੁਰ ਕਾ ਸਬਦੁ ਰਾਖੁ ਮਨ ਮਾਹਿ॥ ਨਾਮੁ ਸਿਮਰਿ ਚਿੰਤਾ ਸਭ ਜਾਹਿ॥***

*(ਪੰਨਾ ੧੮੨)*

**ਕ੍ਰੋਧ :**

ਕ੍ਰੋਧ ਵੀ ਇਕ ਐਸਾ ਰੋਗ ਹੈ ਜੋ ਮਨੁੱਖ ਦੇ ਸਰੀਰ ਨੂੰ ਗਾਲ ਦਿੰਦਾ ਹੈ। ਯਥਾ:

***ਕਾਮੁ ਕ੍ਰੋਧੁ ਕਾਇਆ ਕਉ ਗਾਲੈ॥ ਜਿਉ ਕੰਚਨ ਸੋਹਾਗਾ ਢਾਲੈ॥***

*(ਪੰਨਾ ੯੩੨)*

ਗੁਰਬਾਣੀ ਵਿਚ ਕ੍ਰੋਧ ਨੂੰ ਚੰਡਾਲ ਕਿਹਾ ਗਿਆ ਹੈ ਤੇ ਕ੍ਰੋਧ ਦਾ ਸੰਗ ਕਰਨ ਤੋਂ ਵਰਜਿਆ ਗਿਆ ਹੈ—

***ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ॥***

*(ਪੰਨਾ ੪੦)*

ਕ੍ਰੋਧ ਨੂੰ ਜਲਾਉਣ ਲਈ ਵੀ ਗੁਰ ਸ਼ਬਦ ਸਹਾਈ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਆਸਾ ਰਾਗ ਵਿਚ ਫੁਰਮਾਉਂਦੇ ਹਨ—

***ਸਤਿਗੁਰ ਸਬਦਿ ਕਰੋਧੁ ਜਲਾਵੈ॥*** *(ਪੰਨਾ ੪੧੧)*

**ਹਉਮੈ :**

ਹਉਮੈ ਮਨੁਖ ਨੂੰ ਲੱਗਾ ਹੋਇਆ ਤੀਜਾ ਵੱਡਾ ਰੋਗ ਹੈ। ਗੁਰਬਾਣੀ ਵਿਚ ਇਸ ਨੂੰ ਦੀਰਘ ਰੋਗ ਕਿਹਾ ਗਿਆ ਹੈ। ਹਉਮੈ ਦਾ ਰੋਗ ਉਨ੍ਹਾਂ ਨੂੰ ਲੱਗਦਾ ਹੈ ਜਿਨ੍ਹਾਂ ਨੇ ਗੁਰੂ ਸ਼ਬਦ ਦਾ ਆਸਰਾ ਨਹੀਂ ਲਿਆ। ਗੁਰੂ ਅਰਜਨ ਦੇਵ ਜੀ ਅਨੁਸਾਰ ਗੁਰੂ ਸ਼ਬਦ ਹੀ ਹਉਮੈ ਦੀ ਮੈਲ ਨੂੰ ਧੋ ਸਕਦਾ ਹੈ—

***ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ॥ ਹਉਮੈ ਮੈਲੁ ਗੁਰ ਸਬਦੇ ਧੋਵੈ॥***

*(ਪੰਨਾ ੧੨੧)*

ਗੁਰ ਸ਼ਬਦ ਦੁਆਰਾ ਗੁਰੂ ਦੀ ਮਿਹਰ ਨਾਲ ਹਉਮੈ ਰੋਗ ਕੱਟਿਆ ਜਾਵੇ ਤਾਂ ਮਨੁੱਖ ਸਦਾ ਲਈ ਅਰੋਗ ਹੋ ਜਾਂਦਾ ਹੈ—

***ਜਿਸੁ ਗੁਰ ਪ੍ਰਸਾਦਿ ਤੂਟੈ ਹਉ ਰੋਗੁ॥ ਨਾਨਕ ਸੋ ਜਨੁ ਸਦਾ ਅਰੋਗੁ॥***

*(ਪੰਨਾ ੨੮੨)*

ਹਉਮੈ ਦੇ ਉਲਟ, ਬਾਣੀ ਵਿਚ ਨਿਮਰਤਾ ਜਾਂ ਹਲੀਮੀ ਧਾਰਨ ਕਰਨ ਦਾ ਉਪਦੇਸ਼ ਹੈ। ਗੁਰੂ ਨਾਨਕ ਦੇਵ ਜੀ ਨੇ ਨਿਮਰਤਾ ਨੂੰ ਗੁਣਾਂ ਅਤੇ ਚੰਗਿਆਈਆਂ ਦਾ ਤੱਤ ਫੁਰਮਾਇਆ ਹੈ—

***ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥***

*(ਪੰਨਾ ੪੭੦)*

**ਲੋਭ :**

ਲੋਭ, ਲਾਲਚ ਜਾਂ ਤ੍ਰਿਸ਼ਨਾ ਵੀ ਮਨੁਖ ਨੂੰ ਰੋਗੀ ਬਣਾ ਦਿੰਦੇ ਹਨ। ਉਹ ਧਨ ਦੌਲਤ ਜਾਇਦਾਦ ਇਕੱਠੀ ਕਰਨ ਦੇ ਯਤਨ ਵਿਚ, ਜੇ ਅਸਫ਼ਲ ਹੋ ਜਾਂਦਾ ਹੈ ਤਾਂ ਦੁਖੀ ਹੁੰਦਾ ਹੈ ਜੇ ਇਕੱਠੀ ਕਰ ਲੈਂਦਾ ਹੈ ਤਾਂ ਤ੍ਰਿਸ਼ਨਾ ਹੋਰ ਵੱਧ ਜਾਂਦੀ ਹੈ—

***ਸਹਸ ਖਟੇ ਲਖ ਕਉ ਉਠਿ ਧਾਵੈ॥*** *(ਪੰਨਾ ੨੭੮)*

ਵਾਲੀ ਸਥਿਤੀ ਬਣ ਜਾਂਦੀ ਹੈ ਤੇ ਇਸ ਤ੍ਰਿਸ਼ਨਾ ਦਾ ਕੋਈ ਅੰਤ ਨਹੀਂ ਹੁੰਦਾ। ਗੁਰੂ ਅਮਰਦਾਸ ਜੀ ਅਨੁਸਾਰ ਤ੍ਰਿਸ਼ਨਾ ਇਸ ਸੰਸਾਰ ਵਿਚ ਵੱਡਾ ਰੋਗ ਹੈ—

***ਇਹ ਸਭ ਜਗਤੁ ਮਿਟੀ ਕਾ ਪੁਤਲਾ ਜੋਗੀ***
***ਇਸੁ ਮਹਿ ਰੋਗੁ ਵਡਾ ਤ੍ਰਿਸਨਾ ਮਾਇਆ॥***

*(ਪੰਨਾ ੯੦੯)*

ਲੋਭ ਲਾਲਚ ਨੂੰ ਛੱਡਣ ਲਈ ਗੁਰਬਾਣੀ ਵਿਚ ਥਾਂ ਥਾਂ ਉਪਦੇਸ਼ ਹਨ, ਯਥਾ—

***ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ॥***

*(ਪੰਨਾ ੪੧੯)*

ਲੋਭ ਲਾਲਚ ਤੋਂ ਛੁਟਕਾਰਾ ਤਾਂ ਹੀ ਮਿਲ ਸਕਦਾ ਹੈ ਜੇ ਮਨ ਵਿਚ ਸਬਰ, ਸੰਤੋਖ ਹੋਵੇ। ਨਾਮ ਦਾ ਸਿਮਰਨ ਕਰਨ ਨਾਲ ਅਤੇ ਅਕਾਲ ਪੁਰਖ ਦੇ ਗੁਣ ਗਾਉਣ ਨਾਲ ਮਨ ਵਿਚ ਸੰਤੋਖ ਪੈਦਾ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਅਨੁਸਾਰ ਕੋਟ ਯਤਨ ਕਰਨ 'ਤੇ ਵੀ ਸੰਤੋਖ ਨਹੀਂ ਮਿਲਦਾ ਅਤੇ ਹਰੀ ਦੇ ਗੁਣ ਗਾਉਣ ਨਾਲ ਮਨ ਤ੍ਰਿਪਤ ਹੋ ਜਾਂਦਾ ਹੈ—

***ਕੋਟਿ ਜਤਨ ਸੰਤੋਖੁ ਨ ਪਾਇਆ॥ ਮਨੁ ਤ੍ਰਿਪਤਾਨਾ ਹਰਿ ਗੁਣ ਗਾਇਆ॥***

(ਪੰਨਾ ੮੦੪)

**ਦੁਬਿਧਾ :**

ਦੁਬਿਧਾ, ਭ੍ਰਮ ਅਤੇ ਸਹਸਾ ਵੀ ਮਨੁਖ ਨੂੰ ਦੁਖੀ ਕਰਦੇ ਹਨ, ਪਰ ਜਿਸਦੇ ਮਨ ਵਿਚ ਠਾਕੁਰ ਵੱਸਿਆ ਹੋਵੇ ਉਸਨੂੰ ਇਹ ਦੁਖੀ ਨਹੀਂ ਕਰ ਸਕਦੇ ਕਿਉਂਕਿ ਜਿਸ ਨੇ ਉਸ ਪ੍ਰਮਾਤਮਾ ਦਾ ਆਸਰਾ ਲਿਆ ਹੈ ਉਸਨੂੰ ਕੋਈ ਭ੍ਰਮ ਜਾਂ ਸਹਸਾ ਨਹੀਂ ਲੱਗਦਾ—

***ਜਾ ਕੈ ਹਿਰਦੈ ਠਾਕੁਰੁ ਹੋਇ। ਤਾ ਕਉ ਸਹਸਾ ਨਾਹੀ ਕੋਇ॥***

(ਪੰਨਾ ੧੮੮)

ਗੁਰੂ ਅਮਰਦਾਸ ਜੀ ਵੀ ਫੁਰਮਾਉਂਦੇ ਹਨ ਕਿ ਗੁਰੂ ਕਾ ਸ਼ਬਦ ਭ੍ਰਮ ਨੂੰ ਕੱਟ ਸਕਦਾ ਹੈ—

***ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਆਇ॥***

(ਪੰਨਾ ੭੫੬)

**ਭੈ :**

ਭੈ ਜਾਂ ਡਰ ਕਾਰਨ ਵੀ ਮਨੁਖ ਰੋਗੀ ਹੋ ਜਾਂਦਾ ਹੈ। ਗੁਰਬਾਣੀ ਇਸ ਡਰ ਨੂੰ ਦੂਰ ਕਰਨ ਲਈ ਮਨੁਖ ਨੂੰ ਉਪਦੇਸ਼ ਦਿੰਦੀ ਹੈ ਕਿ ਨ ਕਿਸੇ ਤੋਂ ਡਰਨਾ ਹੈ ਅਤੇ ਨ ਕਿਸੇ ਨੂੰ ਡਰਾਉਣਾ ਹੈ। ਡਰ ਕੇਵਲ ਸੱਚੇ ਪਿਤਾ ਦਾ ਹੋਣਾ ਚਾਹੀਦਾ ਹੈ ਕਿਉਂਕਿ ਉਸਦੇ ਭੈ ਤੋਂ ਬਿਨਾ ਭਗਤੀ ਨਹੀਂ ਹੋ ਸਕਦੀ। ਸਾਰੇ ਡਰ ਦੂਰ ਕਰਨ ਲਈ ਉਸ ਨਿਰਭਉ ਨੂੰ ਯਾਦ ਕਰਨਾ ਜ਼ਰੂਰੀ ਹੈ—

***ਨਿਰਭਉ ਜਪੈ ਸਗਲ ਭਉ ਮਿਟੈ॥ ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ॥***

(ਪੰਨਾ ੨੯੩)

**ਨਿਰਾਸਤਾ :**

ਨਿਰਾਸਤਾ ਮਨੁੱਖ ਨੂੰ ਢਹਿੰਦੀ ਕਲਾ ਵਿਚ ਲੈ ਜਾਂਦੀ ਹੈ ਤੇ ਉਸਦੇ ਮਨ ਵਿਚ ਕਈ ਪ੍ਰਕਾਰ ਦੀਆਂ ਗੁੰਝਲਾਂ ਪੈਦਾ ਹੋ ਜਾਂਦੀਆਂ ਹਨ ਜੋ ਉਸਨੂੰ ਰੋਗੀ ਬਣਾ ਦਿੰਦੀਆਂ ਹਨ। ਨਿਰਾਸਤਾ ਉਦੋਂ ਹੁੰਦੀ ਹੈ ਜਦੋਂ ਅਸੀਂ ਜਿੰਨੇ ਜੋਗੇ ਹਾਂ,

ਉਸ ਤੋਂ ਵੱਡੀ ਆਸ ਰੱਖਦੇ ਹਾਂ। ਗੁਰਬਾਣੀ ਵਿਚ ਦੁਨਿਆਵੀ ਵਸਤਾਂ ਦੀ ਆਸਾ ਮਨਸਾ ਤਿਆਗਣ ਦਾ ਹੁਕਮ ਹੈ ਕਿਉਂਕਿ ਪ੍ਰਮਾਤਮਾ ਆਪ ਜਾਣਦਾ ਹੈ ਕਿ ਮਨੁਖ ਕਿੰਨੇ ਦਾ ਹੱਕਦਾਰ ਹੈ। ਜੇ ਕਦੀ ਕੋਈ ਆਸ ਉਸਨੇ ਪੂਰੀ ਨਹੀਂ ਕੀਤੀ ਤਾਂ ਮਨੁੱਖ ਨੂੰ ਉਸ ਤੋਂ ਬੇਮੁਖ ਨਹੀਂ ਹੋ ਜਾਣਾ ਚਾਹੀਦਾ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਮਨੁਖ ਇਕ ਵਸਤੂ ਨ ਮਿਲਣ 'ਤੇ ਨਿਰਾਸ ਹੋ ਜਾਂਦਾ ਹੈ, ਇਸ ਤਰ੍ਹਾਂ ਆਪਣਾ ਵਿਸ਼ਵਾਸ਼ ਗੁਆ ਲੈਂਦਾ ਹੈ—

***ਦਸ ਬਸਤੂ ਲੇ ਪਾਛੈ ਪਾਵੈ॥ ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥***
***ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥ ਤਉ ਮੂੜਾ ਕਹੁ ਕਹਾ ਕਰੇਇ॥***

(ਪੰਨਾ ੨੬੮)

ਗੁਰਬਾਣੀ ਵਿਚ ਨਿਰਾਸਤਾ ਦੀ ਥਾਂ ਮਨੁਖ ਨੂੰ ਉੱਦਮ ਕਰਨ ਦਾ ਉਪਦੇਸ਼ ਹੈ ਅਤੇ ਉਸ ਉੱਦਮ ਦੇ ਫਲ ਦੀ ਆਸ ਨ ਰੱਖ ਕੇ ਵਾਹਿਗੁਰੂ ਉਤੇ ਭਰੋਸਾ ਰੱਖਣ ਦਾ ਹੁਕਮ ਹੈ। ਗੁਰੂ ਰਾਮਦਾਸ ਜੀ ਆਸ, ਪਿਆਸ ਛੱਡ ਕੇ ਰਾਮ ਨਾਲ ਲਿਵ ਲਾਉਣ ਦਾ ਉਪਦੇਸ਼ ਦੇ ਰਹੇ ਹਨ—

***ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ॥***
***ਤਜਿ ਪਿਆਸ ਆਸ ਰਾਮ ਲਿਵ ਲਾਵੈ॥***
***ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ॥***

(ਪੰਨਾ ੧੪੪)

ਉਪਰੋਕਤ ਵਿਚਾਰ ਤੋਂ ਇਹ ਸਪਸ਼ਟ ਹੈ ਕਿ ਜਦੋਂ ਮਨੁਖ ਪ੍ਰਮਾਤਮਾ ਨੂੰ ਭੁੱਲ ਕੇ ਦੁਨਿਆਵੀ ਰਸਾਂ ਦੇ ਭੋਗ ਵਿਚ ਲੱਗ ਜਾਂਦਾ ਹੈ ਤਾਂ ਦੁਖੀ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ—

***ਖਸਮੁ ਵਿਸਾਰਿ ਕੀਏ ਰਸ ਭੋਗ॥ ਤਾਂ ਤਨਿ ਉਠਿ ਖਲੋਏ ਰੋਗ॥***

(ਪੰਨਾ ੧੨੫੬)

ਇਨ੍ਹਾਂ ਦੁਨਿਆਵੀ ਸੁਆਦਾਂ ਦੀ ਥਾਂ ਜੇ ਹਰਿ ਰਸ ਲੈਣ ਦੀ ਜੁਗਤ ਆ ਜਾਵੇ ਤਾਂ ਰੋਗ ਲੱਗਦਾ ਹੀ ਨਹੀਂ ਕਿਉਂਕਿ ਜੋ ਇਸ ਰਸ ਨਾਲ ਇਕ ਵਾਰ ਤ੍ਰਿਪਤ ਹੋ ਗਿਆ ਉਸਨੂੰ ਹੋਰ ਕੋਈ ਤ੍ਰਿਸ਼ਨਾ ਨਹੀਂ ਰਹਿ ਜਾਂਦੀ ਅਤੇ ਇਹ ਰਸ ਹੀ ਸਭ ਰਸਾਂ ਤੋਂ ਮਿੱਠਾ ਹੈ—

***ਅਵਰਿ ਸਾਦ ਚਖਿ ਸਗਲੇ ਦੇਖੇ ਮਨ ਹਰਿ ਰਸੁ ਸਭ ਤੇ ਮੀਠਾ ਜੀਉ॥***

(ਪੰਨਾ ੧੦੦)

ਇਹ ਜੁਗਤ, ਗੁਰ ਸ਼ਬਦ ਨਾਲ ਪਿਆਰ ਪਾਉਣ ਨਾਲ, ਨਾਮ ਸਿਮਰਨ ਨਾਲ, ਸਤਿ ਸੰਗਤ ਕਰਨ ਨਾਲ ਆ ਸਕਦੀ ਹੈ। ਪਰ ਇਹ ਸਾਰੇ ਯਤਨ ਵੀ ਤਾਂ ਹੀ ਸਫਲ ਹੋ ਸਕਦੇ ਹਨ ਜੇ ਪ੍ਰਭੂ ਦੀ ਕਿਰਪਾ ਹੋਵੇ। ਜੇ ਉਸਦੀ ਦਇਆ ਹੋ ਜਾਵੇ ਤਾਂ ਉਹ ਸਾਰੇ ਰੋਗਾਂ ਤੋਂ ਬਚਾ ਲੈਂਦਾ ਹੈ।

***ਪਾਰਬ੍ਰਹਮਿ ਜਿਸੁ ਕੀਨੀ ਦਇਆ॥ ਬਾਹ ਪਕੜਿ ਰੋਗਹੁ ਕਢਿ ਲਇਆ॥***

*(ਪੰਨਾ ੧੧੪੧)*

ਪਾਰਬ੍ਰਹਮ ਦੀ ਕਿਰਪਾ ਦੇ ਪਾਤਰ ਬਣਨ ਲਈ ਅਤੇ ਰੋਗਾਂ ਤੋਂ ਮੁਕਤ ਹੋਣ ਲਈ ਇਹ ਅਰਦਾਸ ਸਦਾ ਕਰਨੀ ਹੈ—

***ਰੋਗੀ ਕਾ ਪ੍ਰਭ ਖੰਡਹੁ ਰੋਗੁ॥ ਦੁਖੀਏ ਕਾ ਮਿਟਾਵਹੁ ਪ੍ਰਭ ਸੋਗੁ॥***

*(ਪੰਨਾ ੧੧੪੬)*

★ ★ ★

# ਬਾਹਰਹੁ ਨਿਰਮਲ ਜੀਅਹੁ ਤ ਮੈਲੇ

ਮਨੁਖ ਦੇ ਜੀਵਨ ਵਿਚ ਦਿਖਾਵਾ ਪ੍ਰਧਾਨ ਹੈ। ਉਹ ਜੋ ਕੁਝ ਹੋਣ ਦਾ ਬਾਹਰੋਂ ਦਿਖਾਵਾ ਕਰਦਾ ਹੈ, ਅੰਦਰੋਂ ਉਹ ਨਹੀਂ ਹੈ। ਜੋ ਬਾਹਰੋਂ ਸੰਤ ਹੋਣ ਦਾ ਦਿਖਾਵਾ ਕਰਦਾ ਹੈ, ਜ਼ਰੂਰੀ ਨਹੀਂ ਉਹ ਸੰਤ ਹੋਵੇ। ਅਜਿਹੇ ਭੇਖੀਆਂ ਬਾਰੇ ਕਬੀਰ ਜੀ ਲਿਖਦੇ ਹਨ—

***ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥***
***ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ॥***
***ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥***

(ਪੰਨਾ ੪੭੬)

ਮਨੁਖਾ ਜੀਵਨ ਦੇ ਹਰ ਖੇਤਰ ਵਿਚ ਦਿਖਾਵਾ ਹੈ। ਜੇ ਵਾਹਿਗੁਰੂ ਦੀ ਬਖਸ਼ਿਸ਼ ਨਾਲ ਉਸਨੂੰ ਸੁੰਦਰ ਸੁਡੋਲ ਸਰੀਰ ਮਿਲਿਆ ਹੈ ਤਾਂ ਉਹ ਉਸਦਾ ਵਿਖਾਵਾ ਕਰਦਾ ਹੈ, ਜੇ ਧਨਵਾਨ ਹੈ ਤਾਂ ਧਨ ਦਾ ਵਿਖਾਵਾ ਕਰਦਾ ਹੈ, ਜੇ ਉਸ ਪਾਸ ਗਿਆਨ ਹੈ ਤਾਂ ਗਿਆਨ ਦਾ ਦਿਖਾਵਾ ਕਰਦਾ ਹੈ, ਇਥੋਂ ਤਕ ਕਿ ਧਰਮ ਵਿਚ ਵੀ ਵਿਖਾਵਾ ਹੈ। ਕਈ ਵਾਰ ਅਸੀਂ ਪਾਠ ਵੀ ਵਿਖਾਵੇ ਲਈ ਕਰਦੇ ਹਾਂ, ਕਈ ਵਾਰ ਗੁਰਦੁਆਰੇ ਵੀ ਵਿਖਾਵੇ ਲਈ ਜਾਂਦੇ ਹਾਂ ਤਾਂ ਜੋ ਲੋਕ ਸਾਨੂੰ ਧਰਮੀ ਆਖਣ। ਇਹ ਦੁਨੀਆਂ ਨੂੰ ਹੀ ਨਹੀਂ ਸਗੋਂ ਆਪਣੇ ਆਪ ਨੂੰ ਵੀ ਧੋਖਾ ਦੇਣ ਵਾਲੀ ਗੱਲ ਹੈ। ਇਹ ਧਾਰਮਿਕ ਪਾਖੰਡ ਜਾਂ ਵਿਖਾਵਾ ਗੁਰੂ ਕਾਲ ਵਿਚ ਵੀ ਪ੍ਰਚਲਿਤ ਸੀ। ਇਸੇ ਲਈ ਗੁਰਬਾਣੀ ਵਿਚ ਗੁਰੂ ਸਾਹਿਬਾਂ ਅਤੇ ਸੰਤ ਕਵੀਆਂ ਨੇ ਬਾਹਰੀ ਵਿਖਾਵੇ ਦਾ ਥਾਂ ਪਰ ਥਾਂ ਖੰਡਨ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਵਾਰ ਆਸਾ ਵਿਚ ਧਾਰਮਿਕ ਰਸਮਾਂ ਰੀਤਾਂ ਦਾ ਵਿਰੋਧ ਕਰਕੇ ਅਸਲ ਗੁਣਾਂ ਨੂੰ ਗ੍ਰਹਿਣ ਕਰਨ ਦਾ ਉਪਦੇਸ਼ ਦਿੱਤਾ ਹੈ। ਗੁਰੂ ਅਮਰਦਾਸ ਜੀ ਅਧਿਆਤਮ ਕਰਮਾਂ ਦੀ ਵਿਫੱਲਤਾ ਇਸ ਤਰ੍ਹਾਂ ਪ੍ਰਗਟ ਕਰਦੇ ਹਨ—

***ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ॥***
***ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬ ਹੀ ਪਾਇ॥***

(ਪੰਨਾ ੩੩)

ਕਬੀਰ ਜੀ ਜਪ, ਤਪ, ਸੰਜਮ, ਵਰਤ, ਇਸ਼ਨਾਨ ਆਦਿ ਨੂੰ ਵਿਅਰਥ ਦੱਸਦੇ ਹਨ, ਜਿੰਨਾ ਚਿਰ ਭਗਤੀ ਦੀ ਜੁਗਤ ਨਹੀਂ ਸਿਖੀ, ਯਥਾ—

***ਕਿਆ ਜਪੁ ਕਿਆ ਤਪੁ ਸੰਜਮੋ ਕਿਆ ਬਰਤੁ ਕਿਆ ਇਸਨਾਨੁ॥***
***ਜਬ ਲਗ ਜੁਗਤਿ ਨ ਜਾਨੀਐ ਭਾਉ ਭਗਤਿ ਭਗਵਾਨ॥***

*(ਪੰਨਾ ੩੩੭)*

ਭਗਤ ਤ੍ਰਿਲੋਚਨ ਜੀ ਉਦਾਸੀ ਭੇਖ ਧਾਰੀਆਂ ਨੂੰ ਅੰਦਰ ਦੀ ਮੈਲ ਉਤਾਰਨ ਦਾ ਉਪਦੇਸ਼ ਦਿੰਦੇ ਹੋਏ ਲਿਖਦੇ ਹਨ—

***ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ॥***
***ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨਾ ਕਾਹੇ ਭਇਆ ਸੰਨਿਆਸੀ॥***

*(ਪੰਨਾ ੫੨੫)*

ਮਨੁੱਖ ਆਪਣੇ ਸਰੀਰ ਨੂੰ ਧੋ ਸਵਾਰ ਕੇ ਸੁੰਦਰ ਕੱਪੜੇ ਪਾ ਕੇ ਸਮਝਦਾ ਹੈ ਕਿ ਉਹ ਨਿਰਮਲ ਹੋ ਗਿਆ, ਪਰ ਅੰਦਰ ਦੀ ਮੈਲ ਵੱਲ ਉਸਦਾ ਧਿਆਨ ਹੀ ਨਹੀਂ ਜਾਂਦਾ। ਗੁਰੂ ਅਰਜਨ ਦੇਵ ਜੀ ਅਜਿਹੇ ਮਨੁੱਖ ਬਾਰੇ, ਜਿਸ ਦੇ ਅੰਦਰ ਹਉਮੈ ਅਤੇ ਦੁਬਿਧਾ ਹੈ, ਫੁਰਮਾਉਂਦੇ ਹਨ—

***ਦੇਹੀ ਧੋਇ ਨ ਉਤਰੈ ਮੈਲੁ॥ ਹਉਮੈ ਬਿਆਪੈ ਦੁਬਿਧਾ ਫੈਲੁ॥***

*(ਪੰਨਾ ੮੯੩)*

ਅਜਿਹਾ ਮਨੁੱਖ ਬਾਹਰੋਂ ਤਾਂ ਨਿਰਮਲ ਦਿਸਦਾ ਹੈ ਪਰ ਅੰਦਰ ਮੈਲ ਹੋਣ ਕਾਰਨ ਸੱਚੀ ਦਰਗਾਹ ਵਿਚ ਪਰਵਾਨ ਨਹੀਂ ਹੁੰਦਾ, ਯਥਾ—

***ਅੰਤਰੁ ਮੈਲਾ ਬਾਹਰੁ ਨਿਤ ਧੋਵੈ॥ ਸਾਚੀ ਦਰਗਹਿ ਅਪਨੀ ਪਤਿ ਖੋਵੈ॥***

*(ਪੰਨਾ ੧੧੫੧)*

ਜੋ ਬਾਹਰੋਂ ਨਿਰਮਲ ਦਿਸਦੇ ਹਨ ਪਰ ਅੰਦਰ ਹਉਮੈ, ਲੋਭ, ਕ੍ਰੋਧ, ਈਰਖਾ, ਵੈਰ, ਵਿਰੋਧ, ਨਿੰਦਾ, ਚੁਗਲੀ, ਕਪਟ, ਧੋਖਾ, ਫਰੇਬ ਹੈ, ਗੁਰੂ ਅਮਰਦਾਸ ਜੀ ਅਨੁਸਾਰ ਉਨ੍ਹਾਂ ਨੇ ਆਪਣੀ ਜ਼ਿੰਦਗੀ ਜੂਏ ਵਿਚ ਗੁਆ ਦਿੱਤੀ ਹੈ—

***ਬਾਹਰਹੁ ਨਿਰਮਲ ਜੀਅਹੁ ਤ ਮੈਲੇ॥ ਤਿਨੀ ਜਨਮੁ ਜੂਐ ਹਾਰਿਆ॥***

*(ਪੰਨਾ ੯੧੯)*

ਮਨੁੱਖ ਆਪਣੇ ਬਾਹਰਲੇ ਰੂਪ ਨੂੰ ਸਵਾਰ ਸ਼ਿੰਗਾਰ ਕੇ ਦੁਨੀਆਂ ਦੇ ਲੋਕਾਂ ਨੂੰ ਤਾਂ ਰੀਝਾਅ ਸਕਦਾ ਹੈ ਪਰ ਪ੍ਰਭੂ ਪਰਮੇਸ਼ਰ ਨੂੰ ਰੀਝਾਉਣ ਲਈ ਅੰਤਰ ਆਤਮਾ ਨੂੰ ਸਵਾਰਨ ਸ਼ਿੰਗਾਰਨ ਦੀ ਲੋੜ ਹੈ। ਜਿਵੇਂ ਜੇ ਕੋਈ ਮਨੁੱਖ ਮੈਲਾ ਕੁਚੈਲਾ ਬਣਿਆਂ ਹੋਵੇ ਤਾਂ ਦੁਨੀਆਂ ਦੇ ਲੋਕ ਉਸ ਦੇ ਕੋਲ ਨਹੀਂ ਖੜੋਂਦੇ, ਕਹਿੰਦੇ ਹਨ ਉਸ ਤੋਂ ਬੋ ਆਉਂਦੀ ਹੈ। ਇਸੇ ਤਰ੍ਹਾਂ ਜਿਸ ਮਨੁੱਖ ਦੇ ਅੰਦਰ ਮੈਲ ਹੈ, ਪ੍ਰਮਾਤਮਾ ਉਸ ਤੋਂ ਦੂਰ ਰਹਿੰਦਾ ਹੈ। ਅੰਦਰ ਦੀ ਮੈਲ ਕਿਵੇਂ ਧੋਤੀ ਜਾਏ? ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਇਹ

ਮੈਲ ਕਰੋੜਾਂ ਤੀਰਥਾਂ ਦੇ ਇਸ਼ਨਾਨ ਨਾਲ ਨਹੀਂ ਸਗੋਂ ਸਾਧ ਸੰਗਤ ਵਿਚ ਹਰਿ ਜਸ ਕਰਨ ਨਾਲ ਧੋਤੀ ਜਾ ਸਕਦੀ ਹੈ—

***ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ॥***
***ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ॥***

(ਪੰਨਾ ੭੪੭)

ਹਰੀ ਦਾ ਨਾਮ ਹੀ ਇਸ ਮੈਲ ਨੂੰ ਧੋ ਸਕਦਾ ਹੈ ਕਿਉਂਕਿ ਉਸ ਨਾਲੋਂ ਲਿਵ ਟੁੱਟਣ ਕਰਕੇ ਹੀ ਤ੍ਰਿਸ਼ਨਾ, ਮਾਇਆ ਆਦਿ ਦੀ ਮੈਲ ਲੱਗਦੀ ਹੈ।

***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥***

(ਪੰਨਾ ੯੨੧)

ਮਨ ਦੀ ਮੈਲ ਕਿਉਂਕਿ ਪ੍ਰਮਾਤਮਾ ਤੋਂ ਵਿਛੋੜੇ ਕਾਰਨ ਲੱਗਦੀ ਹੈ ਇਸ ਲਈ ਉਸਦੇ ਮਿਲਾਪ ਨਾਲ ਹੀ ਦੂਰ ਹੋ ਸਕਦੀ ਹੈ। ਭਾ. ਵੀਰ ਸਿੰਘ ਜੀ ਆਪਣੀ ਇਕ ਰੁਬਾਈ ਵਿਚ ਕੋਲੇ ਦੀ ਉਦਾਹਰਣ ਦੁਆਰਾ ਇਸ ਮੈਲ ਨੂੰ ਉਤਾਰਨ ਦੀ ਜੁਗਤ ਦੱਸਦੇ ਹਨ, ਆਪ ਲਿਖਦੇ ਹਨ:—

***ਸਾਬਨ ਲਾ ਲਾ ਧੋਤਾ ਕੋਲਾ, ਦੁੱਧ ਦਹੀਂ ਵਿਚ ਪਾਇਆ।***
***ਖੁੰਭ ਚਾੜ੍ਹ, ਰੰਗਣ ਭੀ ਧਰਿਆ, ਰੰਗ ਨ ਏਸ ਵਟਾਇਆ।***
***ਵਿਛੜ ਕੇ ਕਾਲਖ ਸੀ ਆਈ, ਬਿਨ ਮਿਲਿਆ ਨਹੀਂ ਲਹਿੰਦੀ।***
***ਅੰਗ ਅੱਗ ਦੇ ਲਾ ਕੇ ਵੇਖੋ, ਚੜ੍ਹਦਾ ਰੂਪ ਸਵਾਇਆ।***

ਜਿਸ ਤਰ੍ਹਾਂ ਕੋਲੇ ਦੀ ਕਾਲਖ ਓਨੀ ਦੇਰ ਦੂਰ ਨਹੀਂ ਹੁੰਦੀ ਜਿੰਨੀ ਦੇਰ ਉਸ ਨੂੰ ਉਸਦੇ ਸੋਮੇ (ਅੱਗ) ਨਾਲ ਨਹੀਂ ਮਿਲਾਇਆ ਜਾਂਦਾ, ਇਸੇ ਤਰ੍ਹਾਂ ਮਨੁੱਖੀ—ਆਤਮਾ ਦੀ ਮੈਲ ਵੀ ਉਸਦੇ ਸੋਮੇ ਪਰਮਾਤਮਾ ਨਾਲ ਮਿਲ ਕੇ ਦੂਰ ਹੋ ਸਕਦੀ ਹੈ। ਗੁਰੂ ਨਾਨਕ ਦੇਵ ਜੀ ਪ੍ਰਮਾਤਮਾ ਦੇ ਨਾਮ ਦੇ ਰੰਗ ਨਾਲ ਹੀ ਆਤਮਾ ਦੀ ਮੈਲ ਨੂੰ ਧੋਣ ਦਾ ਹੁਕਮ ਕਰਦੇ ਹਨ—

***ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥***

(ਪੰਨਾ ੪)

ਸਤਿ ਸੰਗਤ, ਹਰਿ ਜਸ, ਨਾਮ ਸਿਮਰਨ ਸੇਵਾ ਦੁਆਰਾ ਆਤਮਾ ਨੂੰ ਨਿਰਮਲ ਕਰਨ ਦਾ ਉਪਰਾਲਾ ਕਰਨਾ ਚਾਹੀਦਾ ਹੈ। ਹਉਮੈ ਛੱਡ ਕੇ ਨਾਮ ਧਿਆਉਣ ਨਾਲ ਹੀ ਅੰਦਰੋਂ ਅਤੇ ਬਾਹਰੋਂ ਨਿਰਮਲ ਹੋਇਆ ਜਾ ਸਕਦਾ ਹੈ—

***ਜਿਨੀ ਗੁਰਮੁਖਿ ਨਾਮੁ ਧਿਆਇਆ ਵਿਚਹੁ ਆਪੁ ਗਵਾਇ॥***
***ਓਇ ਅੰਦਰਹੁ ਬਾਹਰਹੁ ਨਿਰਮਲੇ ਸਚੇ ਸਚਿ ਸਮਾਇ॥*** (ਪੰਨਾ ੨੪)

★ ★ ★

# ਮਾਗਨਾ ਮਾਗਨੁ ਨੀਕਾ

ਇਸ ਪਦਾਰਥਵਾਦੀ ਯੁਗ ਵਿਚ ਮਨੁਖ ਦੀਆਂ ਲੋੜਾਂ ਬੇਅੰਤ ਹਨ। ਉਹ ਆਪਣਾ ਸਾਰਾ ਜੀਵਨ ਇਨ੍ਹਾਂ ਲੋੜਾਂ ਨੂੰ ਪੂਰਾ ਕਰਨ ਲਈ ਸੰਘਰਸ਼ ਕਰਦਾ ਰਹਿੰਦਾ ਹੈ। ਕਈ ਵਾਰ ਆਪਣਾ ਘਰ ਬਾਰ ਛੱਡ ਕੇ, ਪਰਿਵਾਰ ਦੇ ਸੁਖ ਤਿਆਗ ਕੇ, ਵਧੇਰੇ ਸੁਖ ਦੇ ਲੋਭ ਵਿਚ ਵਿਦੇਸ਼ਾਂ ਵਿਚ ਰਿਜ਼ਕ ਲੱਭਦਾ ਫਿਰਦਾ ਹੈ। ਅੱਸੀ ਨੱਬੇ ਸਾਲ ਦੇ ਜੀਵਨ ਵਿਚ ਕੀਤੇ ਅਜਿਹੇ ਸੰਘਰਸ਼ ਪਿੱਛੋਂ ਕੀਤੀਆਂ ਪ੍ਰਾਪਤੀਆਂ ਨਾਲ ਵੀ ਉਹ ਤ੍ਰਿਪਤ ਜਾਂ ਸੰਤੁਸ਼ਟ ਨਹੀਂ ਹੁੰਦਾ, ਤ੍ਰਿਸ਼ਨਾ ਉਸੇ ਤਰ੍ਹਾਂ ਬਣੀ ਰਹਿੰਦੀ ਹੈ। ਗੁਰਵਾਕ ਹੈ—

***ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥ ੧॥ ਰਹਾਉ***
***ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥ ਪਰੈ ਪਰੈ ਹੀ ਕਉ ਲੁਝੀ ਹੇ॥***

*(ਪੰਨਾ ੨੧੩)*

ਮਾਇਕ ਲੋੜਾਂ ਜਿਵੇਂ ਜਿਵੇਂ ਪੂਰੀਆਂ ਹੁੰਦੀਆਂ ਹਨ, ਉਨ੍ਹਾਂ ਦੀ ਤ੍ਰਿਸ਼ਨਾ ਸਗੋਂ ਹੋਰ ਵਧਦੀ ਜਾਂਦੀ ਹੈ। ਜੋ ਇਕ ਹਜ਼ਾਰ ਇਕੱਠਾ ਕਰ ਲੈਂਦਾ ਹੈ ਉਹ ਇਕ ਲੱਖ ਨੂੰ ਲੋਚਦਾ ਹੈ, ਜਿਸ ਦੇ ਪਾਸ ਸਕੂਟਰ ਹੈ ਉਹ ਕਾਰ ਲਈ ਤਾਂਘਦਾ ਹੈ। ਗੁਰੂ ਅਰਜਨ ਦੇਵ ਜੀ ਮਨੁੱਖ ਦੀ ਇਸ ਬਿਰਤੀ ਦਾ ਵਰਣਨ ਸੁਖਮਨੀ ਸਾਹਿਬ ਵਿਚ ਇਉਂ ਕਰਦੇ ਹਨ—

***ਸਹਸ ਖਟੇ ਲਖ ਕਉ ਉਠਿ ਧਾਵੈ॥***
***ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥***

*(ਪੰਨਾ ੨੭੮)*

ਇਹ ਵਡਮੁੱਲਾ ਮਨੁਖਾ ਜਨਮ ਜਿਸ ਵਿਸ਼ੇਸ਼ ਮੰਤਵ ਲਈ ਮਿਲਿਆ ਸੀ, ਉਸਨੂੰ ਭੁੱਲ ਕੇ ਮਨੁਖ ਇਸ ਨੂੰ ਅਜਿਹੀਆਂ ਲੋੜਾਂ ਪੂਰੀਆਂ ਕਰਨ ਲਈ ਲਗਾ ਦਿੰਦਾ ਹੈ, ਜਿਨ੍ਹਾਂ ਦੀ ਚਿੰਤਾ ਕਰਨ ਦੀ ਇਸ ਨੂੰ ਲੋੜ ਨਹੀਂ ਸੀ। ਜਿਸ ਨੇ ਇਹ ਜੀਵਨ ਦਿੱਤਾ ਹੈ, ਉਸ ਨੇ ਰਿਜ਼ਕ ਵੀ ਨਾਲ ਹੀ ਪੈਦਾ ਕੀਤਾ ਹੈ। ਪੰਛੀ, ਬੱਚੇ ਦੇ ਕੇ ਸੈਂਕੜੇ ਮੀਲ ਉਡ ਕੇ ਆ ਜਾਂਦੇ ਹਨ ਤੇ ਪਿੱਛੇ ਬੱਚਿਆ ਨੂੰ ਕੌਣ ਖਵਾਉਂਦਾ ਹੈ—

***ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥***
***ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨ ਕਰਿਆ॥***

*(ਪੰਨਾ ੧੦)*

ਜੀਵ ਚਾਹੇ ਪੱਥਰਾਂ ਵਿਚ ਹਨ ਚਾਹੇ ਪਾਣੀ ਵਿਚ, ਸਭ ਲਈ ਰਿਜ਼ਕ ਉਥੇ ਹੀ ਪੈਦਾ ਕੀਤਾ ਹੈ। ਉਸ ਦਾ ਨਾਮ ਹੀ 'ਦਾਤਾ' ਹੈ ਤੇ ਉਹ ਦੇਈ ਜਾ ਰਿਹਾ ਹੈ, ਲੈਣ ਵਾਲਾ ਭਾਵੇਂ ਥੱਕ ਜਾਏ—

***ਦੇਦਾ ਦੇ ਲੈਦੇ ਥਕ ਪਾਹਿ॥*** (ਪੰਨਾ ੨)

ਉਹ ਤਾਂ ਬਿਨਾਂ ਮੰਗੇ ਹੀ ਦੇਈ ਜਾ ਰਿਹਾ ਹੈ। ਇਹ ਜੀਵਨ, ਕੀ ਉਸਨੇ ਮੰਗਿਆਂ ਦਿੱਤਾ ਹੈ? ਹਵਾ, ਪਾਣੀ ਕੀ ਉਸ ਨੇ ਮੰਗਿਆਂ ਦਿੱਤੇ ਹਨ? ਨਹੀਂ, ਉਸਦਾ ਸੁਭਾਅ ਹੀ ਦਇਆਲੂ ਹੈ ਤੇ ਉਹ ਬਖਸ਼ਿਸ਼ਾਂ ਕਰੀ ਜਾਂਦਾ ਹੈ। ਮਾਂ ਦੇ ਪੇਟ ਵਿਚ ਬੱਚੇ ਦੀ ਰੱਖਿਆ ਉਹ (ਪਰਮ ਪਿਤਾ) ਆਪ ਹੀ ਕਰਦਾ ਹੈ। ਮਨੁੱਖ, ਬੱਚੇ ਦੀ ਖੁਰਾਕ ਦਾ ਉਥੇ ਕੋਈ ਸਾਧਨ ਨਹੀਂ ਬਣਾ ਸਕਦਾ। ਅਨੰਦੁ ਸਾਹਿਬ ਦੀ ਬਾਣੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਉਸ ਦਾਤੇ ਨੂੰ ਸਦਾ ਯਾਦ ਰੱਖਣ ਦਾ ਉਪਦੇਸ਼ ਦਿੰਦੇ ਹੋਏ ਲਿਖਦੇ ਹਨ—

***ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ॥***
***ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ ਪਹੁਚਾਵਏ॥***
(ਪੰਨਾ ੯੨੦)

ਪਰ ਇਸਦਾ ਇਹ ਮਤਲਬ ਵੀ ਨਹੀਂ ਕਿ ਦੁਨਿਆਵੀ ਖਾਹਿਸ਼ਾਂ ਦੀ ਪੂਰਤੀ ਲਈ ਉੱਦਮ ਕਰਨ ਦੀ ਲੋੜ ਨਹੀਂ, ਉੱਦਮ ਜ਼ਰੂਰ ਕਰਨਾ ਹੈ ਪਰ ਇਸ ਉੱਦਮ ਨੂੰ ਪਹਿਲ ਨਹੀਂ ਦੇਣੀ ਕਿਉਂਕਿ ਗੁਰਬਾਣੀ ਸਪਸ਼ਟ ਦੱਸ ਰਹੀ ਹੈ ਕਿ—

***ਸਗਲ ਉਦਮ ਮਹਿ ਉਦਮੁ ਭਲਾ॥ ਹਰਿ ਕਾ ਨਾਮੁ ਜਪਹੁ ਜੀਅ ਸਦਾ॥***
(ਪੰਨਾ ੨੬੬)

ਉੱਦਮ ਦੇ ਨਾਲ ਨਾਲ ਮਨੁੱਖ ਆਪਣੇ ਮਨ ਦੀ ਕਾਮਨਾ ਆਪਣੇ ਇਸ਼ਟ ਅੱਗੇ ਵੀ ਅਰਦਾਸ ਦੇ ਰੂਪ ਵਿਚ ਜ਼ਰੂਰ ਰੱਖਦਾ ਹੈ। ਉਹ ਅਕਾਲ ਪੁਰਖ ਪਾਸੋਂ ਦੁਨਿਆਵੀ ਚੀਜ਼ਾਂ ਹੀ ਬਾਰ ਬਾਰ ਮੰਗੀ ਜਾਂਦਾ ਹੈ। ਜੇ ਨਿਤਨੇਮ ਕਰਕੇ ਅਰਦਾਸ ਕਰਦਾ ਹੈ, ਤਾਂ ਵੀ ਪੁੱਤਰ ਦੀ ਦਾਤ, ਧਨ ਦੌਲਤ ਵਿਚ ਵਾਧਾ, ਕਾਰੋਬਾਰ ਵਿਚ ਤਰੱਕੀ, ਦੇਹ ਅਰੋਗਤਾ, ਦੀਰਘ ਆਯੂ, ਘਰ ਵਿਚ ਸੁਖ, ਸ਼ਾਂਤੀ, ਇਤਫਾਕ ਦੇ ਨਾਲ ਨਾਲ ਘਰ ਦੀਆਂ ਛੋਟੀਆਂ ਮੋਟੀਆਂ ਚੀਜ਼ਾਂ ਵੀ ਮੰਗ ਲੈਂਦਾ ਹੈ। ਜੇ ਪਾਠ ਦਾ ਭੋਗ ਪੁਆਉਂਦਾ ਹੈ ਤਾਂ ਵੀ ਅਜਿਹੀਆਂ ਚੀਜ਼ਾਂ ਲਈ ਅਰਦਾਸ ਕੀਤੀ ਜਾਂਦੀ ਹੈ। ਕੋਈ ਦੁਨਿਆਵੀ ਆਸ ਮਨ ਵਿਚ ਰੱਖ ਕੇ ਹੀ, ਆਮ ਤੌਰ 'ਤੇ ਪਾਠ ਕਰਵਾਏ ਜਾਂਦੇ ਹਨ। ਅਜਿਹਾ ਇਸ ਲਈ ਹੁੰਦਾ ਹੈ ਕਿ ਮਨੁੱਖ ਨੇ ਆਪ ਪਾਠ ਸੁਣ ਕੇ, ਮਨ ਵਿਚ ਨਹੀਂ ਵਸਾਇਆ ਹੁੰਦਾ। ਕਈ ਤਾਂ ਧਾਰਮਿਕ ਸਥਾਨ 'ਤੇ ਕੇਵਲ ਮਾਇਆ ਭੇਜ ਦਿੰਦੇ ਹਨ ਤੇ ਆਪਣੀ ਆਸ ਮੁਰਾਦ ਲਿਖ ਭੇਜਦੇ ਹਨ, ਉਥੇ ਆਪੇ ਹੀ ਭੋਗ ਉਪਰੰਤ ਅਰਦਾਸ ਹੋ ਜਾਂਦੀ ਹੈ। ਜੇ ਬਾਣੀ ਨੂੰ

ਸੁਣਿਆਂ, ਪੜ੍ਹਿਆ, ਵਿਚਾਰਿਆ ਹੁੰਦਾ ਤਾਂ ਅਜਿਹੀਆਂ ਨਿਗੂਣੀਆਂ ਚੀਜ਼ਾਂ ਲਈ ਮੰਗ ਨ ਕੀਤੀ ਜਾਂਦੀ, ਕਿਉਂਕਿ ਇਹ ਝੂਠੀਆਂ ਮੰਗਾਂ ਹਨ, ਜਿਵੇਂ ਗੁਰਵਾਕ ਹੈ—

***ਝੂਠਾ ਮੰਗਣੁ ਜੇ ਕੋਈ ਮਾਂਗੈ॥ ਤਿਸ ਕਉ ਮਰਤੇ ਘੜੀ ਨ ਲਾਗੈ॥***

(ਪੰਨਾ ੧੦੯)

ਜੋ ਚੀਜ਼ਾਂ ਘੜੀ ਪਲ ਦੀ ਖੁਸ਼ੀ ਹੀ ਦੇ ਸਕਦੀਆਂ ਹਨ, ਥਿਰ ਨਹੀਂ ਹਨ, ਉਨ੍ਹਾਂ ਨੂੰ ਮੰਗਣਾ ਬੇਅਰਥ ਹੈ। ਕਬੀਰ ਜੀ ਵੀ ਲਿਖਦੇ ਹਨ ਕਿ ਕੀ ਮੰਗਿਆ ਜਾਏ, ਕੁਝ ਥਿਰ ਨਹੀਂ ਹੈ—

***ਕਿਆ ਮਾਗਉ ਕਿਛੁ ਥਿਰੁ ਨ ਰਹਾਈ॥*** (ਪੰਨਾ ੪੮੧)

ਹੁਣ ਪ੍ਰਸ਼ਨ ਇਹ ਉੱਠਦਾ ਹੈ ਕਿ ਉਸ ਤੋਂ ਫਿਰ ਮੰਗਣਾ ਕੀ ਹੈ? ਕੀ ਅਜਿਹੀਆਂ ਚੀਜ਼ਾਂ ਹੀ ਮੰਗਣੀਆਂ ਹਨ ਜੋ ਦੁੱਖਾਂ ਦਾ ਕਾਰਨ ਹਨ? ਨਹੀਂ ਗੁਰੂ ਅਰਜਨ ਦੇਵ ਜੀ ਸੇਧ ਦੇ ਰਹੇ ਹਨ—

***ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥***
***ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥***

(ਪੰਨਾ ੯੫੮॥)

ਪ੍ਰਭੂ ਦਾ ਨਾਮ ਹੀ ਸੰਤੋਖ ਦੇ ਸਕਦਾ ਹੈ ਅਤੇ ਮਨ ਦੀ ਭੁੱਖ ਉਤਰ ਸਕਦੀ ਹੈ, ਕਿਉਂਕਿ ਇਸ ਭੁੱਖ ਦੇ ਤ੍ਰਿਪਤ ਹੋਣ ਨਾਲ ਸਾਰੀਆਂ ਦੁਨਿਆਵੀ ਭੁੱਖਾਂ ਮਿਟ ਜਾਂਦੀਆਂ ਹਨ ਅਤੇ ਮਨੁਖ ਸਦਾ ਸਦਾ ਲਈ ਤ੍ਰਿਪਤ ਹੋ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾ ਪੁਰਖ ਪਾਸੋਂ ਆਪਣੀ ਬਾਣੀ ਵਿਚ ਅਜਿਹੀ ਹੀ ਮੰਗ ਕਰਦੇ ਹਨ—

***ਕਰਤਾ ਤੂ ਮੇਰਾ ਜਜਮਾਨੁ॥***
***ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ॥***

(ਪੰਨਾ ੧੩੨੯)

ਉਪਰੋਕਤ ਵਿਚਾਰ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਦੁਨਿਆਵੀ ਵਸਤਾਂ ਸਦਾ ਰਹਿਣ ਵਾਲਾ ਸੁਖ ਨਹੀਂ ਦੇ ਸਕਦੀਆਂ, ਇਨ੍ਹਾਂ ਤੋਂ ਅਸਥਾਈ ਸੁਖ ਹੀ ਮਿਲ ਸਕਦਾ ਹੈ ਕਿਉਂਕਿ ਇਹ ਥਿਰ ਨਹੀਂ ਹਨ। ਇਸ ਲਈ ਆਪਣੇ ਇਸ਼ਟ ਤੋਂ ਸਦਾ ਨਾਮ ਦੀ ਦਾਤ ਮੰਗਣੀ ਹੈ ਅਤੇ ਅਕਾਲ ਪੁਰਖ ਦੇ ਗੁਣ ਗਾਉਣ ਦੀ ਬਖਸ਼ਿਸ਼ ਦੀ ਮੰਗ ਕਰਨੀ ਹੈ—

***ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ॥***

(ਪੰਨਾ ੧੦੧੮)

★ ★ ★

# ਪ੍ਰਭੂ-ਕਿਰਪਾ

ਸਿਰਜਨਹਾਰ ਬੇਅੰਤ ਹੈ ਤੇ ਬੇਅੰਤ ਹੈ ਉਸ ਦੀ ਰਚਨਾ। ਉਹ ਜਨਮ ਦਾਤਾ ਵੀ ਹੈ ਤੇ ਪਾਲਣਹਾਰ ਵੀ। ਉਹ ਆਪ ਹੀ ਸ੍ਰਿਸ਼ਟੀ ਦੇ ਰੂਪ ਵਿਚ, ਆਪਣਾ ਪਸਾਰਾ ਕਰਦਾ ਹੈ ਤੇ ਆਪ ਹੀ, ਆਪਣੀ ਮਰਜ਼ੀ ਨਾਲ ਇਸ ਨੂੰ ਸਮੇਟ ਲੈਂਦਾ ਹੈ। ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਦੀ ਬਾਣੀ ਵਿਚ ਫਰਮਾਉਂਦੇ ਹਨ—

***ਕਈ ਬਾਰ ਪਸਰਿਓ ਪਾਸਾਰ॥ ਸਦਾ ਸਦਾ ਇਕੁ ਏਕੰਕਾਰ॥***

(ਪੰਨਾ ੨੭੬)

ਉਹ ਨਿਰਗੁਣ ਵੀ ਹੈ ਤੇ ਸਰਗੁਣ ਵੀ, ਉਸ ਦੀ ਹੋਂਦ ਕਦੇ ਮਿੱਟਦੀ ਨਹੀਂ, ਉਹ ਜੁਗਾਂ ਜੁਗਾਂਤਰਾਂ ਤੋਂ ਹੈ ਅਤੇ ਹਮੇਸ਼ਾ ਰਹੇਗਾ, ਉਹ ਜਨਮ ਮਰਨ ਤੋਂ ਰਹਿਤ ਹੈ, ਸ੍ਰਿਸ਼ਟੀ ਦੇ ਕਣ ਕਣ ਵਿਚ ਵਿਆਪਕ ਹੈ ਅਤੇ ਘਟ ਘਟ ਦੀਆਂ ਜਾਣਨਹਾਰ ਹੈ। ਗੁਰਬਾਣੀ ਵਿਚ ਅਕਾਲ ਪੁਰਖ ਦੇ ਅਜਿਹੇ ਸਰੂਪ ਦਾ ਵਰਣਨ, ਯਥਾ ਸਥਾਨ ਕੀਤਾ ਗਿਆ ਹੈ। ਹਰ ਇਕ ਧਰਮ ਦੇ ਧਾਰਮਿਕ ਗ੍ਰੰਥਾਂ ਵਿਚ ਉਸ ਦੀਆਂ ਸਿਫਤਾਂ ਦੇ ਭੰਡਾਰ ਭਰੇ ਪਏ ਹਨ, ਕਿਉਂਕਿ ਉਹ ਹੈ ਹੀ ਗੁਣਾਂ ਦਾ ਖਜ਼ਾਨਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਪ੍ਰਮੁਖ ਬਾਣੀ ਜਪੁਜੀ ਸਾਹਿਬ ਦੇ ਆਰੰਭ ਵਿਚ ਅਕਾਲ ਪੁਰਖ ਦਾ ਸਰੂਪ ਤੇ ਉਸ ਦੇ ਗੁਣਾਂ ਦਾ ਵਰਣਨ ਕੀਤਾ ਹੈ ਤੇ ਇਸੇ ਬਾਣੀ ਦੀ ੨੪ਵੀਂ ਪਉੜੀ ਵਿਚ ਉਸ ਦੀ ਵਡਿਆਈ ਦੱਸਦੇ ਹੋਏ ਲਿਖਿਆ ਹੈ ਕਿ ਉਹ ਇੰਨਾ ਵੱਡਾ ਹੈ ਕਿ ਉਸ ਨੂੰ ਉਹ ਹੀ ਜਾਣ ਸਕਦਾ ਹੈ, ਜੋ ਉਸ ਜਿੰਨਾ ਵੱਡਾ ਹੋਵੇ—

***ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥***

(ਪੰਨਾ ੫)

ਸਾਰੇ ਧਾਰਮਿਕ ਆਗੂਆਂ ਨੇ ਆਪੋ ਆਪਣੀ ਬੁਧ ਅਨੁਸਾਰ ਉਸ ਦੀਆਂ ਸਿਫਤਾਂ ਬਿਆਨ ਕੀਤੀਆਂ ਹਨ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ:—

***ਆਪੁ ਆਪਨੀ ਬੁਧਿ ਹੈ ਜੇਤੀ॥ ਬਰਨਤ ਭਿੰਨ ਭਿੰਨ ਤੋਹਿ ਤੇਤੀ॥***

(ਪੰਨਾ ੧੦)

ਗੁਰੂ ਨਾਨਕ ਦੇਵ ਜੀ ਅਨੁਸਾਰ ਨਾ ਉਸ ਦੀਆਂ ਸਿਫਤਾਂ ਦਾ ਕੋਈ ਅੰਤ ਹੈ ਨ ਹੀ ਸਿਫਤਾਂ ਨੂੰ ਵਰਣਨ ਕਰਨ ਵਾਲਿਆਂ ਦਾ—

***ਅੰਤ ਨ ਸਿਫਤੀ ਕਹਣਿ ਨ ਅੰਤੁ॥*** (ਪੰਨਾ ੫)

ਉਸ ਦੀਆਂ ਬੇਅੰਤ ਸਿਫਤਾਂ ਵਿਚੋਂ, ਸਭ ਤੋਂ ਵੱਡੀ ਸਿਫਤ ਹੈ—ਉਸ ਦਾ ਦਇਆਲੂ, ਕਿਰਪਾਲੂ ਹੋਣਾ। ਗੁਰਬਾਣੀ ਵਿਚ ਉਸ ਨੂੰ ਦਇਆਲ, ਕਿਰਪਾਲ, ਬਖਸ਼ੰਦ, ਮਿਹਰਵਾਨ ਆਦਿ ਨਾਵਾਂ ਨਾਲ ਯਾਦ ਕੀਤਾ ਗਿਆ ਹੈ, ਜਿਵੇਂ—

***ਪ੍ਰਭ ਬਖਸੰਦ ਦੀਨ ਦਇਆਲ॥ ਭਗਤਿ ਵਛਲ ਸਦਾ ਕਿਰਪਾਲ॥*** (ਪੰਨਾ ੨੯੦)

ਅਤੇ

***ਗੋਪਾਲ ਦਾਮੋਦਰ ਦੀਨ ਦਇਆਲ॥ ਦੁਖ ਭੰਜਨ ਪੂਜਨ ਕਿਰਪਾਲ॥*** (ਪੰਨਾ ੨੯੫)

ਉਸਨੂੰ ਇਕੋ ਤੁਕ ਵਿਚ ਬਾਰ-ਬਾਰ ਮਿਹਰਵਾਨ ਕਹਿੰਦੇ ਹੋਏ, ਉਸ ਦੇ ਇਸ ਵਿਸ਼ੇਸ਼ ਗੁਣ ਨੂੰ ਇਉਂ ਪ੍ਰਗਟ ਕੀਤਾ ਗਿਆ ਹੈ—

***ਮਿਹਰਵਾਨੁ ਸਾਹਿਬੁ ਮਿਹਰਵਾਨੁ॥ ਸਾਹਿਬੁ ਮੇਰਾ ਮਿਹਰਵਾਨੁ॥*** (ਪੰਨਾ ੭੨੪)

ਦਇਆਲੂ ਉਹ ਹੀ ਹੋ ਸਕਦਾ ਹੈ, ਜਿਸ ਦੇ ਪਾਸ ਦੇਣ ਲਈ ਕੁਝ ਹੋਵੇ। ਜੋ ਅਕਾਲ ਪੁਰਖ ਕੁੱਲ ਦਾ ਮਾਲਕ ਹੈ, ਸਰਬ ਜੀਆਂ ਦਾ ਦਾਤਾ ਹੈ। ਉਸ ਦੇ ਭੰਡਾਰ ਕਦੇ ਮੁੱਕਦੇ ਨਹੀਂ, ਉਹ ਮਿਹਰਾਂ ਦਾ ਸਾਈਂ, ਮਿਹਰਾਂ ਕਰੀ ਜਾਂਦਾ ਹੈ।

ਉਸ ਦੀਆਂ ਬਖਸ਼ਿਸ਼ਾਂ ਵੀ ਅਨੇਕ ਹਨ। ਇਨ੍ਹਾਂ ਬਖਸ਼ਿਸ਼ਾਂ ਵਿਚੋਂ ਸਭ ਤੋਂ ਵੱਡੀ ਬਖਸ਼ਿਸ਼ ਹੈ ਸ੍ਰਿਸ਼ਟੀ ਦੀ ਰਚਨਾ। ਜਿਸ ਤਰ੍ਹਾਂ ਉਹ ਆਪ ਅਨੰਤ ਹੈ, ਇਸੇ ਤਰ੍ਹਾਂ ਉਸ ਦੀ ਸ੍ਰਿਸ਼ਟੀ ਵੀ ਅਨੰਤ ਹੈ। ਸ੍ਰਿਸ਼ਟੀ ਦੀ ਰਚਨਾ ਉਸ ਨੇ ਅਨੇਕ ਪ੍ਰਕਾਰ ਕੀਤੀ ਹੈ। ਗੁਰੂ ਗੋਬਿੰਦ ਸਿੰਘ ਜੀ ਅਗਲੀਆਂ ਤੁਕਾਂ ਵਿਚ, ਸ੍ਰਿਸ਼ਟੀ-ਰਚਨਾ ਦੇ ਅਲਖ ਹੋਣ ਬਾਰੇ ਇਉਂ ਲਿਖਦੇ ਹਨ—

***ਤੁਮਰਾ ਲਖਾ ਨ ਜਾਇ ਪਸਾਰਾ॥ ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥*** (ਪੰਨਾ ੧੦)

ਅਤੇ

***ਅੰਡਜ ਜੇਰਜ ਸੇਤਜ ਕੀਨੀ॥ ਉਤਭੁਜ ਖਾਨਿ ਬਹੁਰ ਰਚਿ ਦੀਨੀ॥*** (ਪੰਨਾ ੧੦)

ਅੰਡਜ, ਜੇਰਜ, ਸੇਤਜ ਤੇ ਉਤਭੁਜ, ਚਾਰ ਪ੍ਰਕਾਰ ਦੇ ਸੋਮਿਆਂ ਤੋਂ ਪੈਦਾ ਹੋਏ ੮੪ ਲੱਖ ਜੀਵਾਂ ਵਿਚੋਂ ਮਨੁੱਖ, ਉਸ ਦੀ ਸਭ ਤੋਂ ਉਤਕ੍ਰਿਸ਼ਟ ਰਚਨਾ ਹੈ। ਗੁਰਬਾਣੀ ਵਿਚ ਇਸ ਜਨਮ ਨੂੰ ਹੀਰੇ ਜੈਸਾ ਜਨਮ ਕਿਹਾ ਹੈ ਅਤੇ ਮਨੁੱਖਾ ਦੇਹੀ ਨੂੰ ਦੁਰਲੱਭ, ਬਿਆਨ

ਕੀਤਾ ਗਿਆ ਹੈ, ਜਿਸ ਨੂੰ ਦੇਵਤੇ ਵੀ ਤਰਸਦੇ ਹਨ। ਇਹ ਦੁਰਲੱਭ ਜਨਮ, ਪ੍ਰਭੂ ਦੀ ਕ੍ਰਿਪਾ ਤੋਂ ਬਿਨਾ ਨਹੀਂ ਮਿਲਦਾ। ਉਸ ਦੀ ਕ੍ਰਿਪਾ ਤੋਂ ਬਿਨਾ ਜੀਵ ਕੀੜੇ ਮਕੌੜਿਆਂ ਦੀਆਂ ਜੂਨਾਂ ਵਿਚ ਭਾਉਂਦਾ ਫਿਰਦਾ ਹੈ। ਪਰ ਜਦੋਂ ਪ੍ਰਮਾਤਮਾ ਦੀ ਮਿਹਰ ਹੋ ਜਾਂਦੀ ਹੈ, ਮਨੁੱਖਾ ਜਨਮ ਮਿਲ ਜਾਂਦਾ ਹੈ, ਤਾਂ ਇਸ ਜਾਮੇ ਵਿਚ, ਮਨੁਖ ਨੂੰ ਗੁਰੂ ਅਰਜਨ ਦੇਵ ਜੀ, ਉਸ ਪ੍ਰਭੂ ਦੀ ਭਗਤੀ ਕਰਨ ਲਈ ਪ੍ਰੇਰਦੇ ਹਨ, ਜਿਸ ਦੀ ਕ੍ਰਿਪਾ ਨਾਲ ਇਹ ਜਨਮ ਮਿਲਿਆ ਹੈ—

***ਜਹ ਪ੍ਰਸਾਦਿ ਪਾਈ ਦੁਲਭ ਦੇਹ॥ ਨਾਨਕ ਤਾ ਕੀ ਭਗਤਿ ਕਰੇਹ॥***

(ਪੰਨਾ ੨੭੦)

ਅਤੇ

***ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ॥***
***ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ॥***

(ਪੰਨਾ ੨੭੦)

ਪ੍ਰਭੂ ਪ੍ਰਮਾਤਮਾ ਨੇ ਜੀਵ ਨੂੰ, ਮਨੁਖਾ ਜਨਮ ਦੇ ਕੇ ਹੀ ਬੱਸ ਨਹੀਂ ਕੀਤੀ, ਉਸ ਨੇ ਆਪਣੇ ਸੁਭਾਅ ਅਨੁਸਾਰ ਮਨੁੱਖ ਲਈ ਮਿਹਰਾਂ ਦੇ ਭੰਡਾਰ ਲਗਾ ਦਿੱਤੇ। ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ ਸਾਹਿਬ' ਦੀ ਚੌਥੀ ਤੇ ਛੇਵੀਂ ਅਸਟਪਦੀ ਵਿਚ, ਮਨੁਖ ਉਤੇ ਉਸ ਦੀਆਂ ਮਿਹਰਾਂ ਦਾ ਬੜੇ ਵਿਸਥਾਰ ਨਾਲ ਵਰਣਨ ਕੀਤਾ ਹੈ। ਬਾਲ ਅਵਸਥਾ ਵਿਚ ਉਸ ਲਈ ਦੁੱਧ ਦਾ ਪ੍ਰਬੰਧ ਕੀਤਾ ਹੈ ਤਾਂ ਜੁਆਨੀ ਵਿਚ ਭੋਜਨ, ਸੁਖ ਅਤੇ ਸੁਧ ਬੁਧ ਬਖਸ਼ੀ ਹੈ। ਜਿਥੇ ਉਸ ਨੇ ਮਨੁਖ ਨੂੰ ਆਰੋਗ ਕੰਚਨ ਦੇਹੀ ਦਿੱਤੀ ਹੈ, ਉਥੇ ਪਹਿਨਣ ਲਈ ਰੇਸ਼ਮ, ਖਾਣ ਲਈ ਛੱਤੀ ਪ੍ਰਕਾਰ ਦੇ ਭੋਜਨ ਅਤੇ ਰਹਿਣ ਲਈ ਸੁੰਦਰ ਮਕਾਨ ਵੀ ਬਖਸ਼ੇ ਹਨ, ਸੀਤਲ ਜਲ ਅਤੇ ਅਮੋਲਕ ਪਵਨ ਵੀ ਉਸੇ ਦੀਆਂ ਬਖਸ਼ਿਸ਼ਾਂ ਹਨ—

***ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ॥ ਸੁਖਦਾਈ ਪਵਨੁ ਪਾਵਕੁ ਅਮੁਲਾ॥***

(ਪੰਨਾ ੨੬੭)

ਅਕਾਲ ਪੁਰਖ ਭਾਵੇਂ ਦਇਆਲੂ ਹੈ, ਪਰ ਉਸ ਦੀ ਦਇਆ ਦ੍ਰਿਸ਼ਟੀ ਸਭ ਉਤੇ ਇਕੋ ਜਿਹੀ ਨਹੀਂ ਹੈ, ਇਹ ਮਨੁਖ ਦੇ ਕਰਮਾਂ ਅਨੁਸਾਰ ਵੱਧ ਘੱਟ ਹੋ ਸਕਦੀ ਹੈ। ਗੁਰੂ ਅਮਰਦਾਸ ਜੀ ਆਪਣੀ ਬਾਣੀ ਵਿਚ ਫੁਰਮਾਉਂਦੇ ਹਨ—

***ਸਭਨਾ ਉਪਰਿ ਨਦਰਿ ਪ੍ਰਭ ਤੇਰੀ॥ ਕਿਸੈ ਥੋੜੀ ਕਿਸੈ ਹੈ ਘਣੇਰੀ॥***

(ਪੰਨਾ ੧੧੯)

ਸਾਰੇ ਮਨੁਖ ਇਕੋ ਜਿਹੇ ਨਹੀਂ ਹਨ, ਜਿਥੇ —

***ਕਈ ਕੋਟਿ ਹੋਏ ਪੂਜਾਰੀ॥ ਕਈ ਕੋਟਿ ਆਚਾਰ ਬਿਉਹਾਰੀ॥***

*(ਪੰਨਾ ੨੭੫)*

ਹਨ, ਉਥੇ—

***ਕਈ ਕੋਟਿ ਭਏ ਅਭਿਮਾਨੀ॥ ਕਈ ਕੋਟਿ ਅੰਧ ਅਗਿਆਨੀ॥***

*(ਪੰਨਾ ੨੭੫)*

ਵੀ ਹਨ। ਗੁਰੂ ਨਾਨਕ ਦੇਵ ਜੀ ਨੇ ਵੀ, 'ਜਪੁ ਜੀ ਸਾਹਿਬ' ਦੀਆਂ ਅਸੰਖ ਵਾਲੀਆਂ ਪਉੜੀਆਂ ਵਿਚ, ਮਨੁਖ ਦੀਆਂ ਭਿੰਨ ਭਿੰਨ ਬਿਰਤੀਆਂ ਦਾ ਵਰਣਨ ਕੀਤਾ ਹੈ। ਜਿਥੇ ਵਾਹਿਗੁਰੂ ਨੇ ਮਨੁਖ ਨੂੰ ਆਪਣੀ ਕਿਰਪਾ ਦੁਆਰਾ ਬਾਦਸ਼ਾਹੀਆਂ ਬਖਸ਼ੀਆਂ ਹਨ ਉਥੇ—

***ਕੇਤਿਆ ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ ਦਾਤਾਰ॥***

*(ਪੰਨਾ ੫)*

ਦੇ ਮਹਾਂਵਾਕ ਅਨੁਸਾਰ, ਕਿੰਨੇ ਹੀ ਲੋਕ, ਦੁੱਖ ਅਤੇ ਭੁੱਖ ਵਿਚ ਗ੍ਰਸੇ ਹੋਏ ਹਨ। ਅਜਿਹੇ ਅਭਾਗੇ ਮਨੁਖ, ਆਪਣੇ ਪਿਛਲੇ ਜਨਮਾਂ ਦੇ ਸੰਸਕਾਰਾਂ ਦੇ ਪ੍ਰਭਾਵ ਕਾਰਨ ਜਾਂ ਇਸ ਜਨਮ ਵਿਚ ਕੀਤੇ ਕੁਕਰਮਾਂ ਕਾਰਨ, ਪ੍ਰਮਾਤਮਾ ਦੀ ਕਿਰਪਾ ਦੇ ਪਾਤਰ ਨਹੀਂ ਬਣ ਸਕੇ। ਉਸ ਦੀ ਕਿਰਪਾ ਤੋਂ ਬਿਨਾਂ ਮਨੁਖ ਦੀ ਕੋਈ ਬਾਤ ਨਹੀਂ ਪੁੱਛਦਾ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ—

***ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥***

*(ਪੰਨਾ ੨)*

ਅਕਾਲ ਪੁਰਖ ਦੀ ਮਿਹਰ ਤੋਂ ਬਿਨਾਂ ਮਨੁਖ ਦਾ ਜੀਵਨ ਇਕ ਪਲ ਵੀ ਅੱਗੇ ਨਹੀਂ ਤੁਰ ਸਕਦਾ। ਜੇ ਨਦਰ ਹੋ ਜਾਵੇ ਤਾਂ ਲਹਿਰਾਂ ਬਹਿਰਾਂ ਹੋ ਜਾਂਦੀਆਂ ਹਨ—

***ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ॥***
***ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ॥***

*(ਪੰਨਾ ੧੪੯)*

ਉਹ ਦਇਆਲ ਹੋ ਜਾਵੇ ਤਾਂ ਕੋਈ ਝੋਰਾ ਨਹੀਂ ਰਹਿ ਜਾਂਦਾ ਤੇ ਨ ਹੀ ਜਮਾਂ ਦਾ ਡਰ ਪੋਂਹਦਾ ਹੈ, ਉਹ ਨੀਚੋਂ ਊਚ ਕਰ ਦਿੰਦਾ ਹੈ ਤੇ ਕਾਗਹੁੰ ਹੰਸ ਬਣਾ ਦਿੰਦਾ ਹੈ ਤੇ ਸਾਰੇ ਕਾਰਜ ਸਵਾਰ ਦਿੰਦਾ ਹੈ। ਜਿਵੇਂ ਬਾਣੀ ਵਿਚ ਫੁਰਮਾਨ ਹੈ—

***ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ॥***

*(ਪੰਨਾ ੪੪)*

ਸਤਿਗੁਰੂ ਦੀ ਮਿਹਰ ਨਾਲ, ਮਨੁਖ ਦੇ ਇਸ ਜਨਮ ਦੇ ਭਾਵੇਂ ਸਾਰੇ ਕਾਰਜ ਰਾਸ ਆ

ਜਾਣ ਪਰ ਗੁਰਮਤਿ ਅਨੁਸਾਰ ਮਨੁਖ ਦਾ ਅਸਲ ਕਾਰਜ ਤਾਂ—

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***

(ਪੰਨਾ ੧੨)

ਅਨੁਸਾਰ ਗੋਬਿੰਦ ਨੂੰ ਮਿਲਣਾ ਹੈ। ਗੋਬਿੰਦ ਨੂੰ ਮਿਲਣ ਦੀ ਜੁਗਤ, ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ, ਸੋਰਠ ਰਾਗ—ਆਪਣੀ ਬਾਣੀ ਵਿਚ ਦੱਸਦੇ ਹਨ ਕਿ ਜੋ ਮਨੱਖ, ਦੁੱਖ ਵਿਚ ਦੁੱਖ ਮਹਿਸੂਸ ਨ ਕਰੇ, ਸੁਖ, ਸਨੇਹ ਅਤੇ ਭੈ ਤੋਂ ਨਿਰਲੇਪ ਰਹੇ, ਸੋਨਾ ਤੇ ਮਿੱਟੀ ਇਕ ਸਮਾਨ ਸਮਝੇ, ਅਰਥਾਤ ਲੋਭ, ਮੋਹ, ਅਭਿਮਾਨ, ਹਰਖ, ਸੋਗ, ਮਾਨ, ਅਪਮਾਨ, ਆਸਾ, ਮਨਸਾ ਅਤੇ ਕਾਮ ਕ੍ਰੋਧ ਤੋਂ ਰਹਿਤ ਹੋਵੇ, ਉਸ ਦੇ ਹਿਰਦੇ ਵਿਚ ਬ੍ਰਹਮ ਦਾ ਨਿਵਾਸ ਹੋ ਸਕਦਾ ਹੈ। ਪਰ ਇਹ ਜੁਗਤ ਵੀ ਉਹ ਹੀ ਸਮਝ ਸਕਦਾ ਹੈ ਜਿਸ ਉਤੇ ਵਾਹਿਗੁਰੂ ਦੀ ਕ੍ਰਿਪਾ ਹੋ ਜਾਵੇ—

***ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥***
***ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗ ਪਾਨੀ॥***

(ਪੰਨਾ ੬੩੪)

ਇਸ ਜੁਗਤ 'ਤੇ ਚੱਲਣ ਲਈ ਪ੍ਰਮਾਤਮਾ ਦੀ ਭਗਤੀ ਵਿਚ ਲੀਨ ਹੋਣਾ ਜ਼ਰੂਰੀ ਹੈ। ਪਰ ਭਗਤੀ ਵੀ ਉਸ ਦੀ ਕ੍ਰਿਪਾ ਤੋਂ ਬਿਨਾਂ ਨਹੀਂ ਹੋ ਸਕਦੀ। ਗੁਰੂ ਅਰਜਨ ਦੇਵ ਜੀ 'ਸੁਖਮਨੀ ਸਾਹਿਬ' ਵਿਚ ਫੁਰਮਾਉਂਦੇ ਹਨ—

***ਕਰ ਕਿਰਪਾ ਜਿਸੁ ਅਪਨੀ ਭਗਤਿ ਦੇਇ॥ ਨਾਨਕ ਤੇ ਜਨ ਨਾਮਿ ਮਿਲੇਇ॥***

(ਪੰਨਾ ੨੭੭)

ਅਤੇ ਜੋ ਇਸ ਮਾਰਗ 'ਤੇ ਇਕ ਵਾਰ ਚੱਲ ਪੈਂਦੇ ਹਨ, ਉਨ੍ਹਾਂ 'ਤੇ ਕ੍ਰਿਪਾ ਪ੍ਰਭੂ ਆਪ ਕਰਦਾ ਹੈ, ਆਪਣੇ ਭਗਤਾਂ ਦੀ ਆਪ ਪੈਜ ਰੱਖਦਾ ਹੈ, ਜਿਵੇਂ ਫੁਰਮਾਨ ਹੈ—

***ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ ਧਾਰਿ॥***

(੫ ਪੰਨਾ ੪੬)

ਇਸ ਮਾਰਗ 'ਤੇ ਚੱਲਣ ਵਾਲੇ ਜਗਿਆਸੂ ਲਈ ਨਾਮ, ਸਭ ਤੋਂ ਉੱਤਮ ਵਸਤੂ ਹੈ। ਇਸ ਨਾਮ ਨੂੰ ਭਾਵੇਂ ਹਰ ਕੋਈ ਲੋਚਦਾ ਹੈ ਪਰ ਮਿਲਦਾ ਉਸ ਨੂੰ ਹੈ ਜਿਸ ਉਤੇ ਮਿਹਰ ਹੁੰਦੀ ਹੈ—

***ਸਭ ਨਾਵੈ ਨੋ ਲੋਚਦੀ ਜਿਸੁ ਕ੍ਰਿਪਾ ਕਰੇ ਸੋ ਪਾਏ॥***

(ਪੰਨਾ ੪੨੭)

ਨਾਮ, ਮਨ ਵਿਚ ਤਾਂ ਹੀ ਵੱਸ ਸਕਦਾ ਹੈ ਜੇ ਮਨ ਨਿਰਮਲ ਹੋਵੇਗਾ, ਮਨ ਨਿਰਮਲ ਪ੍ਰਭੂ ਦੀ ਕਿਰਪਾ ਨਾਲ ਹੋਣਾ ਹੈ—

***ਨਦਰੀ ਇਹੁ ਮਨੁ ਵਸਿ ਆਵੈ ਨਦਰੀ ਮਨੁ ਨਿਰਮਲੁ ਹੋਇ॥***

(ਪੰਨਾ ੫੫੮)

ਮਨ ਨੂੰ ਨਿਰਮਲ ਕਰਨ ਲਈ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਕਾਰਾਂ ਨੂੰ ਦੂਰ ਕਰਨਾ ਜ਼ਰੂਰੀ ਹੈ। ਗੁਰਬਾਣੀ ਅਨੁਸਾਰ, ਇਨ੍ਹਾਂ ਵਿਕਾਰਾਂ ਤੋਂ ਛੁਟਕਾਰਾ ਵੀ ਪ੍ਰਭੂ ਦੀ ਕਿਰਪਾ ਤੋਂ ਬਿਨਾ ਨਹੀਂ ਪਾਇਆ ਜਾ ਸਕਦਾ ਜਿਵੇਂ ਮੋਹ ਬਾਰੇ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ—

***ਨਦਰਿ ਕਰੇ ਤਾ ਏਹੁ ਮੋਹੁ ਜਾਇ॥ ਨਾਨਕ ਹਰਿ ਸਿਉ ਰਹੈ ਸਮਾਇ॥***

(ਪੰਨਾ ੩੫੬)

ਵਿਕਾਰਾਂ ਤੋਂ ਮਨ ਨੂੰ ਨਿਰਮਲ ਕਰਨ ਲਈ, ਸਤਿ ਸੰਗਤ ਸਹਾਈ ਹੁੰਦੀ ਹੈ। ਪਰ ਕੀ ਸਤਿ ਸੰਗਤ ਉਸ ਦੀ ਮਿਹਰ ਤੋਂ ਬਿਨਾਂ ਹੋ ਸਕਦੀ ਹੈ? ਨਹੀਂ। ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ—

***ਕਰਮੁ ਹੋਵੈ ਸਤਸੰਗਿ ਮਿਲਾਏ॥*** (ਪੰਨਾ ੧੫੮)

ਸਤਿ ਸੰਗਤ ਵਿਚ ਹਰਿ ਜਸ ਕੀਤਾ ਜਾਂਦਾ ਹੈ, ਉਸ ਦੇ ਗੁਣ ਗਾਏ ਜਾਂਦੇ ਹਨ, ਪਰ ਬਾਣੀ ਫੁਰਮਾ ਰਹੀ ਹੈ ਕਿ ਉਸ ਦੇ ਗੁਣ ਵੀ, ਉਸ ਦੀ ਕਿਰਪਾ ਤੋਂ ਬਿਨਾਂ ਨਹੀਂ ਗਾਏ ਜਾ ਸਕਦੇ—

***ਤੁਮ੍ਰੀ ਕ੍ਰਿਪਾ ਤੇ ਗੁਨ ਗਾਵੈ॥***
***ਨਾਨਕ ਧਿਆਇ ਧਿਆਇ ਪ੍ਰਭ ਕਉ ਨਮਸਕਾਰੇ॥***

(ਪੰਨਾ ੩੭੯)

ਗੁਰਬਾਣੀ ਅਨੁਸਾਰ ਸਿਮਰਨ ਅਤੇ ਸੇਵਾ, ਭਗਤੀ ਦੇ ਦੋ ਜ਼ਰੂਰੀ ਅੰਗ ਹਨ, ਪਰ ਪ੍ਰਭੂ ਦੀ ਕਿਰਪਾ ਤੋਂ ਬਿਨਾਂ ਮਨੁਖ, ਨਾ ਸਿਮਰਨ ਕਰ ਸਕਦਾ ਹੈ ਨਾ ਸੇਵਾ—

***ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ॥***

(ਪੰਨਾ ੨੬੩)

ਅਤੇ

***ਨਦਰੀ ਸਤਗੁਰੁ ਸੇਵੀਐ ਨਦਰੀ ਸੇਵਾ ਹੋਇ॥***

(ਪੰਨਾ ੫੫੮)

ਭਗਤੀ ਮਾਰਗ 'ਤੇ ਚੱਲਦੇ ਹੋਏ ਜਗਿਆਸੂ ਲਈ, ਪ੍ਰਭੂ ਦੀ ਰਜ਼ਾ ਵਿਚ ਰਹਿਣਾ ਬਹੁਤ ਜ਼ਰੂਰੀ ਹੈ। ਬਾਣੀ ਕਹਿ ਰਹੀ ਹੈ ਕਿ ਆਪਣਾ ਭਾਣਾ ਵੀ ਉਹ ਆਪ ਹੀ ਮਨਵਾਉਂਦਾ ਹੈ—

***ਤੇਰਾ ਭਾਣਾ ਤੂਹੇ ਮਨਾਇਹਿ ਜਿਸ ਨੋ ਹੋਹਿ ਦਇਆਲਾ॥***

(ਪੰਨਾ ੭੪੭)

ਗੁਰਮਤਿ ਅਨੁਸਾਰ ਹਰੇਕ ਮਨੁਖ ਦਾ ਅੱਗੇ ਜਾ ਕੇ ਲੇਖਾ ਹੋਣਾ ਹੈ। ਪਰ, ਜਿਸ ਉਤੇ ਉਸਦੀ ਬਖਸ਼ਿਸ਼ ਹੋ ਜਾਵੇ, ਉਸ ਦਾ ਲੇਖਾ ਵੀ ਨਹੀਂ ਗਿਣਿਆਂ ਜਾਂਦਾ—

***ਜਾ ਕਉ ਅਪੁਨੀ ਕਰੈ ਬਖਸੀਸ॥ ਤਾ ਕਾ ਲੇਖਾ ਨ ਗਨੈ ਜਗਦੀਸ॥***

(ਪੰਨਾ ੨੭੭)

ਮਨੁਖਾ ਜਨਮ ਦਾ ਜੋ ਮੂਲ ਉਦੇਸ਼ ਹੈ, ਗੋਬਿੰਦ ਨੂੰ ਮਿਲਣਾ, ਇਸ ਦੀ ਪ੍ਰਾਪਤੀ ਵੀ ਉਸਦੀ ਮਿਹਰ ਤੋਂ ਬਿਨਾ ਨਹੀਂ ਹੁੰਦੀ। ਗੁਰੂ ਅਮਰਦਾਸ ਜੀ ਪ੍ਰਸ਼ਨ ਕਰਦੇ ਹਨ ਕਿ ਕੋਈ ਮੁਕਤੀ ਪ੍ਰਾਪਤ ਕਰਨ ਲਈ ਕੀ ਕਰੇ? ਅਤੇ ਅਗਲੀ ਤੁਕ ਵਿਚ ਆਪ ਹੀ ਉੱਤਰ ਦਿੰਦੇ ਹਨ ਕਿ ਜਿਸ ਉਤੇ ਕਿਰਪਾ ਹੋ ਜਾਵੇ, ਉਹ ਹੀ ਮੁਕਤ ਹੈ—

***ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ॥***
***ਸੋਈ ਮੁਕਤਿ ਜਾ ਕਉ ਕਿਰਪਾ ਹੋਇ॥***

(ਪੰਨਾ ੧੨੬੧)

ਇਸ ਸਾਰੀ ਵਿਚਾਰ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਪ੍ਰਭੂ ਦੀ ਕਿਰਪਾ ਤੋਂ ਬਿਨਾ ਮਨੁਖ ਨਾ ਇਸ ਜੀਵਨ ਵਿਚ ਕੁਝ ਕਰ ਸਕਦਾ ਹੈ ਅਤੇ ਨ ਅਗਲਾ ਜਨਮ ਸਵਾਰ ਸਕਦਾ ਹੈ। ਪਰ ਇਸ ਤੋਂ ਇਹ ਵੀ ਸਿੱਟਾ ਨਹੀਂ ਕੱਢਿਆ ਜਾ ਸਕਦਾ ਕਿ ਜੇ ਉਸ ਦੀ ਮਿਹਰ ਤੋਂ ਬਿਨਾਂ ਮਨੁਖ ਕੁਝ ਕਰ ਹੀ ਨਹੀਂ ਸਕਦਾ, ਤਾਂ ਉਹ ਹੱਥ 'ਤੇ ਹੱਥ ਰੱਖ ਕੇ ਹੀ ਬੈਠ ਜਾਵੇ। ਉੱਦਮ ਕਰਨਾ ਮਨੁਖ ਦਾ ਫਰਜ਼ ਹੈ, ਭਾਵੇਂ ਫਲ ਉਸ ਦੀ ਕਿਰਪਾ ਤੋਂ ਬਿਨਾ ਨਹੀਂ ਮਿਲ ਸਕਦਾ—

***ਉਦਮੁ ਕਰਉ ਦਰਸਨੁ ਪੇਖਨ ਕੌ ਕਰਮਿ ਪਰਾਪਤਿ ਹੋਇ॥੨॥***

(ਪੰਨਾ ੧੨੨੩)

ਮਨੁਖ ਫਿਰ ਕੀ ਕਰੇ? ਤਾਂ ਜੋ ਸੱਚੇ ਪਾਤਸ਼ਾਹ ਦੀ ਉਸ ਉਤੇ ਨਦਰ ਹੋ ਜਾਵੇ। ਸਿਮਰਨ ਅਤੇ ਸੇਵਾ ਦੇ ਮਾਰਗ 'ਤੇ ਚੱਲਦੇ ਹੋਏ ਉਸ ਦੀ ਕਿਰਪਾ ਦੇ ਪਾਤਰ ਬਣਨ ਲਈ, ਸਦਾ ਉਸ ਅੱਗੇ ਅਰਦਾਸ ਕਰਨੀ ਹੈ—

***ਕਿਰਪਾ ਕਰਹੁ ਦੀਨ ਕੇ ਦਾਤੇ॥ ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ॥***
***ਮਾਟੀ ਕਾ ਕਿਆ ਧੋਪੈ ਸੁਆਮੀ॥ ਮਾਣਸ ਕੀ ਗਤਿ ਏਹੀ॥ ੨॥***

(ਪੰਨਾ ੮੮੨)

★ ★ ★

# ਪੂਰਬਲੇ ਲੇਖ

ਭਾਰਤੀ ਫਿਲਾਸਫੀ ਅਨੁਸਾਰ ਅਸੀਂ ਆਵਾਗਉਣ ਦੇ ਸਿਧਾਂਤ ਨੂੰ ਮੰਨਦੇ ਹਾਂ ਜਿਸ ਦਾ ਭਾਵ ਹੈ ਕਿ ਆਤਮਾ ਇਕ ਸਰੀਰ ਤੋਂ ਦੂਜੇ ਸਰੀਰ ਵਿਚ ਪਰਵੇਸ਼ ਕਰਦੀ ਹੋਈ ਜਨਮ ਮਰਨ ਦੇ ਚੱਕਰ ਵਿਚ ਪਈ ਰਹਿੰਦੀ ਹੈ ਅਤੇ ਵੱਖ ਵੱਖ ਜੂਨਾਂ ਦੀ ਗਿਣਤੀ ੮੪ ਲੱਖ ਦੱਸੀ ਗਈ ਹੈ। ਗੁਰਮਤਿ ਵਿਚ ਵੀ ਆਵਾਗਉਣ ਦੇ ਸਿੱਧਾਂਤ ਨੂੰ ਮੰਨਦੇ ਹੋਏ ਗੁਰੂ ਸਾਹਿਬਾਨ ਨੇ ੮੪ ਲੱਖ ਜੂਨਾਂ ਦਾ ਜ਼ਿਕਰ ਬਾਣੀ ਵਿਚ ਕੀਤਾ ਹੈ ਅਤੇ ਇਨ੍ਹਾਂ ਵਿਚੋਂ ਸਭ ਤੋਂ ਵੱਧ ਵਡਿਆਈ ਮਨੁਖ ਨੂੰ ਮਿਲੀ ਦੱਸੀ ਹੈ—

***ਲਖ ਚਉਰਾਸੀਹ ਜੋਨਿ ਸਬਾਈ॥***
***ਮਾਣਸ ਕਉ ਪ੍ਰਭਿ ਦੀਈ ਵਡਿਆਈ॥***
***ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥***

*(ਪੰਨਾ ੧੦੭੫)*

ਭਾਵ ਜੋ ਮਨੁੱਖ ਇਸ ਮੌਕੇ ਤੋਂ ਵੀ ਖੁੰਝ ਜਾਏ, ਉਸਨੂੰ ਫਿਰ ੮੪ ਲੱਖ ਜੂਨਾਂ ਦੇ ਚੱਕਰ ਵਿਚ ਪੈਣਾ ਪੈਂਦਾ ਹੈ। ਇਸ ਦਾ ਮਤਲਬ ਇਹ ਹੋਇਆ ਕਿ ਮਨੁੱਖ ਜਨਮ ਮਰਨ ਤੋਂ ਛੁਟਕਾਰਾ ਪਾਉਣ ਲਈ ਯਤਨ ਕਰ ਸਕਦਾ ਹੈ। ਇਹ ਯਤਨ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਮਨੁਖ ਕਰਮ ਕਰਨ ਲਈ ਸੁਤੰਤਰ ਹੈ। ਗੁਰਮਤਿ ਅਨੁਸਾਰ, ਮਨੁੱਖ ਸੰਸਾਰ ਦੀ ਇਸ ਕਰਮ ਭੂਮੀ ਵਿਚ ਜੇਹੋ ਜਿਹਾ ਬੀਜ ਬੀਜੇਗਾ, ਉਹੋ ਜਿਹਾ ਫਲ ਪ੍ਰਾਪਤ ਕਰੇਗਾ—

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥*** *(ਪੰਨਾ ੧੩੪)*

ਗੁਰਬਾਣੀ ਵਿਚ ਚੰਗਾ ਫਲ ਪ੍ਰਾਪਤ ਕਰਨ ਲਈ ਮਨੁੱਖ ਨੂੰ ਇਸ ਧਰਤੀ ਨੂੰ ਤਿਆਰ ਕਰਨ, ਬੀਜ ਬੀਜਣ ਬਾਰੇ ਸੇਧ ਵੀ ਦਿੱਤੀ ਗਈ ਹੈ—

***ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥***
***ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥***

*(ਪੰਨਾ ੫੯੫)*

ਦੂਜੇ ਪਾਸੇ ਗੁਰਬਾਣੀ ਵਿਚ ਇਹ ਵੀ ਫੁਰਮਾਨ ਹੈ ਕਿ ਮਨੁੱਖ ਦੇ ਆਪਣੇ ਵੱਸ ਵਿਚ ਕੁਝ ਨਹੀਂ ਹੈ —

**ਜਿਤੁ ਜਿਤੁ ਲਾਏ ਤਿਤੁ ਤਿਤੁ ਲਾਗੇ ਕਿਆ ਕੋ ਕਰੈ ਪਰਾਨੀ॥**

(ਪੰਨਾ ੪੦੩)

ਅਤੇ ਪ੍ਰਾਣੀ ਤੋਂ ਕਰਮ ਵੀ ਉਹ ਆਪ ਹੀ ਕਰਾਉਂਦਾ ਹੈ—

**ਕਰਮ ਸੁਕਰਮ ਕਰਾਏ ਆਪੇ ਇਸੁ ਜੰਤੈ ਵਸਿ ਕਿਛੁ ਨਾਹਿ॥**

(ਪੰਨਾ ੭੭)

ਜਿਸ ਤਰ੍ਹਾਂ ਕਰਤਾ ਪੁਰਖ ਦਾ ਹੁਕਮ ਹੁੰਦਾ ਹੈ ਜਾਂ ਜੋ ਧੁਰੋਂ ਲਿਖਿਆ ਹੁੰਦਾ ਹੈ ਉਸ ਅਨੁਸਾਰ ਮਨੁਖ ਕਰਮ ਕਰਦਾ ਹੈ—

**ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ**
**ਜੇਹਾ ਤੁਧੁ ਧੁਰਿ ਲਿਖਿ ਪਾਇਆ॥**

(ਪੰਨਾ ੭੩੬)

ਇਸ ਤਰ੍ਹਾਂ ਮਨੁੱਖ ਨੂੰ ਗੁਰਬਾਣੀ ਵਿਚ ਬੇਬਸ ਵੀ ਲਿਖਿਆ ਗਿਆ ਹੈ ਕਿ ਆਪ ਕੁਝ ਨਹੀਂ ਕਰ ਸਕਦਾ ਜੋ ਅਕਾਲ ਪੁਰਖ ਕਰਾਉਂਦਾ ਹੈ ਉਹ ਹੀ ਕਰਦਾ ਹੈ ਅਤੇ ਉਸਨੂੰ ਉਸ ਵਲੋਂ ਕੀਤੇ ਕਰਮਾਂ ਦੇ ਫਲ ਦਾ ਭਾਗੀ ਵੀ ਲਿਖਿਆ ਹੈ—

**ਲਬੁ ਲੋਭੁ ਜੇ ਕੂੜੁ ਕਮਾਵੈ॥ ਆਪਣਾ ਕੀਤਾ ਆਪੇ ਪਾਵੈ॥**

(ਪੰਨਾ ੧੪੧੧)

ਜੇ ਉਹ ਕਰਮ ਆਪਣੀ ਮਰਜ਼ੀ ਨਾਲ ਨਹੀਂ ਕਰ ਸਕਦਾ ਤਾਂ ਉਸ ਨੂੰ ਕਰਮਾਂ ਦੇ ਫਲ ਦਾ ਭਾਗੀ ਕਿਉਂ ਬਣਾਇਆ ਜਾਂਦਾ ਹੈ?

ਗੁਰਬਾਣੀ ਵਿਚ ਦੋ ਪ੍ਰਕਾਰ ਦੇ ਮਨੁੱਖਾਂ ਦਾ ਜ਼ਿਕਰ ਹੈ, ਇਕ ਗੁਰਮੁਖ ਤੇ ਇਕ ਮਨਮੁਖ। ਗੁਰਮੁਖ, ਗੁਰੂ ਦੀ ਸ਼ਰਣ ਵਿਚ ਆ ਕੇ ਗੁਰੂ ਦੀ ਰਜ਼ਾ ਵਿਚ ਰਹਿੰਦਾ ਹੈ, ਆਪਾ ਗੁਰੂ ਅੱਗੇ ਅਰਪਨ ਕਰ ਦਿੰਦਾ ਹੈ ਅਤੇ ਉਹ ਗੁਰੂ ਦੇ ਹੁਕਮ ਵਿਚ ਰਹਿੰਦਾ ਹੋਇਆ ਸਬਰ ਸ਼ੁਕਰ ਦਾ ਜੀਵਨ ਬਤੀਤ ਕਰਦਾ ਹੈ। ਉਹ ਜੋ ਕਰਮ ਕਰਦਾ ਹੈ, ਉਨ੍ਹਾਂ ਵਿਚ ਲਬ ਲੋਭ ਹੰਕਾਰ ਨਹੀਂ ਹੁੰਦਾ। ਉਹ ਬੁਰਾ ਕਰਮ ਕਰ ਹੀ ਨਹੀਂ ਸਕਦਾ। ਮਨਮੁਖ ਕਾਮ ਵੱਸ ਜੇ ਕੋਈ ਕੁਕਰਮ ਕਰਦਾ ਹੈ, ਕ੍ਰੋਧ ਵੱਸ ਜੇ ਹਿੰਸਾ ਕਰਦਾ ਹੈ ਤਾਂ ਇਨ੍ਹਾਂ ਦਾ ਫਲ ਉਸ ਨੂੰ ਭੁਗਤਣਾ ਪੈਂਦਾ ਹੈ। ਇਹ ਕਰਮ, ਕਰਤੇ ਵਲੋਂ ਕਰਵਾਏ ਨਹੀਂ ਗਿਣੇ ਜਾ ਸਕਦੇ ਹਨ, ਕਿਉਂਕਿ ਉਹ ਅਜੇ ਕਰਤਾ ਪੁਰਖ ਦੇ ਹੁਕਮ ਵਿਚ ਹੀ ਨਹੀਂ ਆਇਆ, ਮਨ ਦਾ ਹੁਕਮ ਮੰਨ ਕੇ ਕਰਮ ਕਰਦਾ ਹੈ। ਉਸ ਦੇ ਕੀਤੇ ਕਰਮਾਂ ਦਾ ਫਲ ਉਸਨੂੰ ਭੋਗਣਾ ਪੈਂਦਾ ਹੈ।

ਸਾਧਾਰਣ ਗੱਲ ਬਾਤ ਵਿਚ ਅਸੀਂ ਆਮ ਕਹਿ ਦਿੰਦੇ ਹਾਂ ਕਿ ਜਿਹੋ ਜਿਹਾ ਕੋਈ ਕਰਮ ਕਰਦਾ ਹੈ, ਉਹੋ ਜਿਹਾ ਭਰਦਾ ਹੈ। ਗੁਰਬਾਣੀ ਵਿਚ ਵੀ ਕਈ ਥਾਂ ਉਲੇਖ ਹੈ, ਜੋ ਪੂਰਬਲੇ ਕਰਮ ਹਨ ਉਸੇ ਅਨੁਸਾਰ ਲੇਖ ਲਿਖੇ ਜਾਂਦੇ ਹਨ ਜਿਵੇਂ—

***ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਜੀਉ॥***

(ਪੰਨਾ ੬੮੯)

ਲੇਖ ਤਾਂ ਧੁਰੋਂ ਲਿਖੇ ਜਾਂਦੇ ਹਨ, ਪਰ ਕੀ ਇਹ ਲੇਖ ਭੋਗਣੇ ਪੈਂਦੇ ਹਨ ਜਾਂ ਮਿਟ ਵੀ ਸਕਦੇ ਹਨ? ਗੁਰਬਾਣੀ ਕਹਿ ਰਹੀ ਹੈ ਕਿ ਇਹ ਭੋਗਣੇ ਪੈਂਦੇ ਹਨ, ਕੋਈ ਮੇਟ ਨਹੀਂ ਸਕਦਾ—

***ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰੁ॥***

(ਪੰਨਾ ੨੭)

ਇਸ ਤੋਂ ਸਾਧਾਰਣ ਮਨੁਖ ਦੇ ਮਨ ਵਿਚ ਇਹ ਵਿਚਾਰ ਆਉਂਦਾ ਹੈ ਕਿ ਜੇ ਲੇਖ ਮਿਟ ਨਹੀਂ ਸਕਦੇ ਤਾਂ ਗੁਰਬਾਣੀ ਵਿਚ ਮਨੁੱਖ ਨੂੰ ਜੋ ਇਸ ਜਨਮ ਵਿਚ ਭਜਨ ਬੰਦਗੀ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ ਉਸਦਾ ਕੀ ਲਾਭ? ਇਹ ਠੀਕ ਹੈ ਕਿ ਪੂਰਬਲੇ ਲੇਖ ਬਿਲਕੁਲ ਮਿਟਦੇ ਨਹੀਂ ਪਰ ਭਜਨ ਬੰਦਗੀ ਸਤਿਸੰਗਤ ਦੁਆਰਾ ਫਿੱਕੇ ਪੈ ਜਾਂਦੇ ਹਨ।

ਇਕ ਰਾਜੇ ਨੇ ਆਪਣੇ ਪੂਰਬਲੇ ਲੇਖਾਂ ਅਨੁਸਾਰ ੪੦ ਸਾਲ ਦਰਿਦਰ ਭੋਗਣਾ ਸੀ. ਪਰ ਮਨੁਖ ਜਨਮ ਵਿਚ ਕੀਤੀ ਸਤਿ ਸੰਗਤ ਕਾਰਨ, ਉਸਨੇ ਸੁਪਨੇ ਵਿਚ ੪੦ ਪਲਾਂ ਵਿਚ ਇਹ ਗਰੀਬੀ ਭੋਗ ਲਈ। ਭਗਤ ਰਵਿਦਾਸ ਜੀ ਦਾ ਫੁਰਮਾਨ ਹੈ—

***ਨਰਪਤ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥***
***ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥***

(ਪੰਨਾ ੬੫੭)

ਜੇ ਕਿਸੇ ਉਤੇ ਵਾਹਿਗੁਰੂ ਦੀ ਕਿਰਪਾ ਹੋ ਜਾਵੇ ਅਤੇ ਸਤਿਗੁਰੂ ਦਾ ਮਿਲਾਪ ਪ੍ਰਾਪਤ ਹੋ ਜਾਵੇ ਤਾਂ ਪਿਛਲਾ ਸਾਰਾ ਲੇਖਾ ਹੀ ਨਿਬੜ ਜਾਂਦਾ ਹੈ—

***ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ ਤਿਨ੍ ਕਾ ਲੇਖਾ ਨਿਬੜਿਆ॥***

(ਪੰਨਾ ੪੩੫)

ਕਈ ਇਸ ਜਨਮ ਦਾ ਲਾਹਾ ਲੈਂਦੇ ਹੋਏ ਚੰਗੇ ਕਰਮਾਂ ਦੁਆਰਾ ਕੁਝ ਖੱਟ ਕੇ ਜਾਂਦੇ ਹਨ ਅਤੇ ਕਈ ਮੂਲ ਵੀ ਗੁਆ ਜਾਂਦੇ ਹਨ—

***ਕੇਈ ਲਾਹਾ ਲੈ ਚਲੇ ਇਕਿ ਚਲੇ ਮੂਲੁ ਗਵਾਇ॥***

(ਪੰਨਾ ੧੨੩੮)

ਅਤੇ ਜਦੋਂ ਕਦੀ ਧਰਮ ਰਾਏ ਲੇਖਾ ਕਰਦਾ ਹੈ ਤਾਂ—

***ਧਰਮ ਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ॥***

(ਪੰਨਾ ੧੧੦੪)

ਅਜਿਹੇ ਮਨੁਖ ਆਪਣੇ ਕਰਮਾਂ ਦਾ ਦੋਸ਼ ਆਪਣੇ ਉਤੇ ਨ ਲੈ ਕੇ ਰੱਬ ਨੂੰ ਕੋਸਦੇ ਹਨ ਕਿ ਉਸਨੇ ਸਾਡੇ ਭਾਗਾਂ ਵਿਚ ਦੁੱਖ ਹੀ ਲਿਖੇ ਹਨ। ਗੁਰੂ ਨਾਨਕ ਦੇਵ ਜੀ ਅਜਿਹੇ ਮਨੁੱਖ ਨੂੰ ਸੁਚੇਤ ਕਰਦੇ ਹਨ—

**ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥**

(ਪੰਨਾ ੪੩੩)

ਜਨਮਾਂ ਜਨਮਾਤਰਾਂ ਤੋਂ ਜੀਵ ਆਤਮਾ ਦੇ ਨਾਲ ਤੁਰੇ ਆਉਂਦੇ ਸੰਕਾਰਾਂ ਦੀ ਮੈਲ ਨੂੰ ਧੋਣ ਦਾ ਇਕੋ ਹੀ ਤਰੀਕਾ ਹੈ—

**ਅਹਿਨਿਸਿ ਨਾਮੁ ਜਪਹੁ ਰੇ ਪ੍ਰਾਣੀ ਮੈਲੇ ਹਛੇ ਹੋਹੀ॥**

(ਪੰਨਾ ੧੨੫੪)

★ ★ ★

# ਗੁਰਬਾਣੀ ਵਿਚ ਨਿਰਵੈਰਤਾ ਦਾ ਸੰਕਲਪ

ਨਿਰਵੈਰਤਾ ਦਾ ਭਾਵ ਹੈ ਕਿਸੇ ਪ੍ਰਤਿ ਵੈਰ—ਭਾਵ ਨਾ ਹੋਣਾ। ਗੁਰਬਾਣੀ ਵਿਚ ਸਮੁਚੀ ਮਨੁਖਤਾ ਨੂੰ ਵੈਰ ਵਿਰੋਧ ਛੱਡਣ ਅਤੇ ਮਿਤਰਤਾ ਅਤੇ ਪਿਆਰ ਦਾ ਸੁਨੇਹਾ ਦਿੱਤਾ ਗਿਆ ਹੈ। ਡਾ. ਇਕਬਾਲ ਦੇ ਸ਼ਬਦਾਂ ਵਿਚ—

**"ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰਖਨਾ।"**

ਕੋਈ ਵੀ ਧਰਮ ਮਨੁਖ ਨੂੰ ਵੈਰ ਨਹੀਂ ਸਿਖਾਉਂਦਾ ਸਗੋਂ ਨਿਰਵੈਰਤਾ ਦਾ ਉਪਦੇਸ਼ ਦਿੰਦਾ ਹੈ, ਪਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ, ਵਿਸ਼ੇਸ਼ ਕਰਕੇ ਸਨੇਹ, ਪਿਆਰ ਅਤੇ ਮਿਤਰਤਾ ਦੇ ਭਾਵਾਂ ਨਾਲ ਓਤ ਪੋਤ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਉਚਾਰਣ ਕੀਤੇ ਮੂਲ ਮੰਤਰ ਨਾਲ ਕੀਤਾ ਗਿਆ ਹੈ, ਜਿਸ ਵਿਚ ਗੁਰੂ ਜੀ ਨੇ ਵਾਹਿਗੁਰੂ ਨੂੰ ਨਿਰਭਉ ਅਤੇ ਨਿਰਵੈਰ ਦਰਸਾਇਆ ਹੈ। ਉਹ ਅਕਾਲ ਪੁਰਖ ਇਕੋ ਹੈ ਅਤੇ ਉਸਦੇ ਬਰਾਬਰ ਦੂਜਾ ਕੋਈ ਹੈ ਹੀ ਨਹੀਂ।

***ਸਭ ਜੁਗ ਮਹਿ ਸਾਚਾ ਏਕੋ ਸੋਈ॥ ਸਭ ਮਹਿ ਸਚੁ ਦੂਜਾ ਨਹੀ ਕੋਈ॥***

(ਪੰਨਾ ੮੮੦)

ਉਹ ਸਭ ਦਾ ਜਨਮ ਦਾਤਾ ਹੈ, ਸਭ ਦਾ ਪਾਲਣਹਾਰਾ ਹੈ, ਇਸ ਲਹੀ ਉਹ ਸਭ ਦੀ ਰੱਖਿਆ ਕਰਦਾ ਹੈ, ਸਭ ਉਤੇ ਦਇਆ ਕਰਦਾ ਹੈ, ਉਸ ਲਈ ਸਭ ਸਮਾਨ ਹਨ ਤੇ ਉਸ ਦਾ ਕਿਸੇ ਨਾਲ ਵੀ ਵੈਰ ਨਹੀਂ ਹੈ।

ਗੁਰਬਾਣੀ ਵਿਚ ਕੇਵਲ ਪ੍ਰਮਾਤਮਾ ਨੂੰ ਹੀ ਨਿਰਵੈਰ ਨਹੀਂ ਦਰਸਾਇਆ ਗਿਆ ਸਗੋਂ ਉਸ ਦੀ ਭਗਤੀ ਕਰਕੇ ਪਰਮ ਪਦ ਨੂੰ ਪ੍ਰਾਪਤ ਕਰਨ ਵਾਲੇ ਮਹਾਂ ਪੁਰਖਾਂ, ਸੰਤਾਂ, ਭਗਤਾਂ ਨੂੰ ਵੀ ਨਿਰਵੈਰ ਕਿਹਾ ਗਿਆ ਹੈ। ਜਿਨ੍ਹਾਂ ਗੁਰਮੁਖ ਪਿਆਰਿਆਂ ਨੇ ਨਾਮ ਸਿਮਰਨ ਦੁਆਰਾ ਆਪਣੇ ਮਨ ਨੂੰ ਨਿਰਮਲ ਕਰ ਲਿਆ ਹੈ, ਉਹ ਵੀ ਨਿਰਵੈਰ ਹੋ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿਚ ਅਕਾਲ ਪੁਰਖ ਨੂੰ ਨਿਰਮਲ ਦਰਸਾਉਂਦੇ ਹੋਏ, ਉਸ ਦੇ ਸੰਤਾਂ ਨੂੰ ਵੀ ਨਿਰਮਲ ਅਰਥਾਤ ਵੈਰ ਤੋਂ ਪਾਕਿ ਦੱਸਦੇ ਹਨ—

***ਤੂੰ ਨਿਰਵੈਰੁ ਸੰਤ ਤੇਰੇ ਨਿਰਮਲ॥ ਜਿਨ ਦੇਖੇ ਸਭ ਉਤਰਹਿ ਕਲਮਲ॥***

(ਪੰਨਾ ੧੦੮)

ਇਸੇ ਤਰ੍ਹਾਂ ਗੁਰੂ ਜੀ ਭੈਰਉ ਰਾਗ ਦੀ ਆਪਣੀ ਬਾਣੀ ਵਿਚ ਰੱਬ ਦੇ ਭਗਤਾਂ ਨੂੰ ਵੀ ਨਿਰਵੈਰ ਦੱਸਦੇ ਹਨ—

***ਪਾਰਬ੍ਰਹਮ ਕੇ ਭਗਤ ਨਿਰਵੈਰ॥ ਸੋ ਨਿਸਤਰੈ ਜੋ ਪੂਜੈ ਪੈਰ॥***

*(ਪੰਨਾ ੧੧੮੫)*

ਸੰਤ, ਭਗਤ ਨਿਰਵੈਰ ਹਨ ਕਿਉਂਕਿ ਨਿਰਮਲ ਹਨ, ਕੋਈ ਭੈ ਨਹੀਂ, ਕੋਈ ਸ਼ਰੀਕਾ ਨਹੀਂ, ਈਰਖਾ ਨਹੀਂ, ਸਵਾਰਥ ਨਹੀਂ, ਹਉਮੈ ਨਹੀਂ, ਲੋਭ ਨਹੀਂ। ਇਹ ਸਾਰੇ ਭਾਵ ਵੈਰ ਨੂੰ ਜਨਮ ਦਿੰਦੇ ਹਨ। ਜਿਥੇ ਭੈ ਹੈ ਉਥੇ ਵੈਰ ਉਪਜਦਾ ਹੈ। ਸੱਪ ਤੋਂ ਮਨੁੱਖ ਡਰਦਾ ਹੈ, ਜਿਥੇ ਸੱਪ ਦਿਸ ਜਾਏ ਉਸ ਨੂੰ ਮਾਰਨ ਲਈ ਦੌੜਦਾ ਹੈ। ਸੱਪ ਨਾਲ ਮਨੁਖ ਦਾ ਵੈਰ ਉਸ ਦੇ ਡਰ ਕਾਰਨ ਹੈ। ਜਿਸ ਤੋਂ ਮਨੁੱਖ ਨੂੰ ਭੈ ਹੁੰਦਾ ਹੈ, ਉਸਦਾ ਵੈਰੀ ਬਣ ਜਾਂਦਾ ਹੈ ਅਤੇ ਜੋ ਨਿਰਭਉ ਹੈ ਉਸ ਦਾ ਕਿਸੇ ਨਾਲ ਵੈਰ ਨਹੀਂ ਹੁੰਦਾ, ਉਹ ਨਿਰਵੈਰ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਮੂਲ ਮੰਤਰ ਵਿਚ ਨਿਰਵੈਰ ਨੂੰ 'ਨਿਰਭਉ' ਤੋਂ ਬਾਅਦ ਗਿਣਦੇ ਹਨ ਕਿਉਂਕਿ ਜੋ ਨਿਰਭਉ ਹੈ ਉਹ ਆਪੇ ਹੀ ਨਿਰਵੈਰ ਹੋ ਜਾਂਦਾ ਹੈ ਅਤੇ ਨਾ ਕਿਸੇ ਦਾ ਭੈ ਮੰਨਦਾ ਹੈ—

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥***

*(ਪੰਨਾ ੧੪੨੭)*

ਅਤੇ ਬਾਣੀ ਵਿਚ ਇਸ ਭੈ ਨੂੰ ਦੂਰ ਕਰਨ ਦਾ ਸਾਧਨ ਵੀ ਦੱਸਿਆ ਗਿਆ ਹੈ—

***ਨਿਰਭਉ ਜਪੈ ਸਗਲ ਭਉ ਮਿਟੈ॥ ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ॥***

*(ਗਉੜੀ ੫ ਪੰਨਾ ੨੯੩)*

ਨਿਰਭਉ ਵਾਹਿਗੁਰੂ ਦਾ ਜਾਪ ਕਰਨ ਨਾਲ ਸਭ ਭਉ ਮਿਟ ਜਾਂਦੇ ਹਨ ਅਤੇ ਭਉ ਖਤਮ ਹੋਣ ਨਾਲ ਨਿਰਵੈਰਤਾ ਆਉਂਦੀ ਹੈ। ਨਿਰਭਉ ਹੋਣਾ ਅੰਦਰਲਾ ਗੁਣ ਹੈ ਤੇ ਨਿਰਵੈਰ ਹੋਣਾ ਬਾਹਰਲਾ। ਜਿਉਂ ਜਿਉਂ ਅਸੀਂ ਅੰਦਰੋਂ ਨਿਰਭਉ ਹੁੰਦੇ ਜਾਵਾਂਗੇ ਤਿਉਂ ਤਿਉਂ ਬਾਹਰੋਂ ਨਿਰਵੈਰ ਹੁੰਦੇ ਜਾਵਾਂਗੇ।

ਭੈ ਤੋਂ ਬਿਨਾਂ ਮਨੁੱਖ ਦੇ ਮਨ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਪੰਜ ਵਿਕਾਰਾਂ ਨੇ ਗ੍ਰਸਿਆ ਹੋਇਆ ਹੈ। ਜਿੰਨੀ ਉਸ ਉਤੇ ਇਨ੍ਹਾਂ ਵਿਕਾਰਾਂ ਦੀ ਪਕੜ ਮਜ਼ਬੂਤ ਹੁੰਦੀ ਹੈ ਓਨਾ ਹੀ ਉਹ ਪ੍ਰਮਾਤਮਾ ਤੋਂ ਦੂਰ ਹੋ ਕੇ, ਨਿਰਵੈਰਤਾ ਛੱਡ ਕੇ, ਵੈਰ ਭਾਵਨਾ ਵਿਚ ਡੁੱਬਦਾ ਜਾਂਦਾ ਹੈ। ਇਹ ਪੰਜ ਵਿਕਾਰ ਅਤੇ ਈਰਖਾ, ਚੁਗਲੀ, ਨਿੰਦਿਆ, ਸਵਾਰਥ ਆਦਿ ਮਨੁੱਖੀ ਸ਼ਖਸੀਅਤ ਦੇ ਔਗੁਣ ਹਨ ਅਤੇ ਇਨ੍ਹਾਂ ਔਗੁਣਾਂ ਨੂੰ ਗੁਰਬਾਣੀ ਮਨੁੱਖ ਦੇ ਗਲ ਦੀ ਫਾਹੀ ਦੱਸਦੀ ਹੈ—

***ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥***

*(ਪੰਨਾ ੫੯੫)*

ਅਤੇ ਗੁਰਬਾਣੀ ਇਨ੍ਹਾਂ ਔਗੁਣਾਂ ਦਾ ਤਿਆਗ ਕਰਕੇ ਗੁਣ ਗ੍ਰਹਿਣ ਕਰਨ ਲਈ ਮਨੁੱਖ ਨੂੰ ਪ੍ਰੇਰਦੀ ਹੈ—

***ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥***

*(ਪੰਨਾ ੪੧੮)*

ਇਨ੍ਹਾਂ ਔਗੁਣਾਂ ਨੂੰ ਦੂਰ ਕਰਕੇ ਮਨ ਨੂੰ ਨਿਰਮਲ ਅਤੇ ਨਿਰਵੈਰ ਕਿਵੇਂ ਕਰਨਾ ਹੈ, ਗੁਰਬਾਣੀ ਸੇਧ ਦੇ ਰਹੀ ਹੈ—

***ਅਉਗਣੀ ਭਰਿਆ ਸਰੀਰੁ ਹੈ ਕਿਉ ਸੰਤਹੁ ਨਿਰਮਲੁ ਹੋਇ॥***
***ਗੁਰਮੁਖਿ ਗੁਣ ਵੇਹਾਝੀਅਹਿ ਮਲੁ ਹਉਮੈ ਕਢੈ ਧੋਇ॥***

*(ਪੰਨਾ ੩੧੧)*

ਇਨ੍ਹਾਂ ਵਿਕਾਰਾਂ ਦੀ ਮੈਲ ਜਿਸ ਮਨੁੱਖ ਦੇ ਮਨ ਨੂੰ ਲੱਗੀ ਹੋਈ ਹੈ, ਉਸ ਨੂੰ ਮਨਮੁਖ ਅਤੇ ਜਿਸ ਨੇ ਇਨ੍ਹਾਂ ਤੋਂ ਉਪਰ ਉੱਠ ਕੇ ਸਤ, ਸੰਤੋਖ, ਦਇਆ, ਧਰਮ, ਸੇਵਾ, ਨਿਮਰਤਾ, ਸੱਚ ਆਦਿ ਗੁਣ ਧਾਰਨ ਕਰ ਲਏ ਹਨ, ਉਸਨੂੰ ਗੁਰਬਾਣੀ ਵਿਚ ਗੁਰਮੁਖ ਕਿਹਾ ਗਿਆ ਹੈ। ਮਨਮੁਖ ਤੋਂ ਗੁਰਮੁਖ ਬਣਨ ਲਈ ਵੈਰ ਵਿਰੋਧ ਮਿਟਾਉਣ ਦਾ ਰਸਤਾ ਗੁਰਬਾਣੀ ਦੱਸ ਰਹੀ ਹੈ ਕਿ ਜੋ ਮਨੁਖ ਹਰਿ ਦਾ ਜਸ ਸੁਣਦੇ ਹਨ ਉਨ੍ਹਾਂ ਦੇ ਮਨ ਤੋਂ ਵੈਰ ਵਿਰੋਧ ਮਿਟ ਜਾਂਦੇ ਹਨ ਅਤੇ ਵਿਕਾਰਾਂ ਦੀ ਮੈਲ ਉੱਤਰ ਜਾਂਦੀ ਹੈ—

***ਗੁਨ ਗਾਵਤ ਤੇਰੀ ਉਤਰਸਿ ਮੈਲੁ॥ ਬਿਨਸਿ ਜਾਇ ਹਉਮੈ ਬਿਖੁ ਫੈਲੁ॥***

*(ਪੰਨਾ ੨੮੯)*

ਨਿਰਵੈਰ ਪ੍ਰਭੂ ਦੇ ਗੁਣ ਗਾਉਣ ਨਾਲ ਈਰਖਾ, ਨਿੰਦਾ, ਸਵਾਰਥ ਆਦਿ ਔਗੁਣ ਦੂਰ ਹੁੰਦੇ ਹਨ। ਗੁਰਬਾਣੀ ਵਿਚ ਔਗੁਣਾਂ ਦਾ ਤਿਆਗ ਕਰਨ ਦੀ ਸਿੱਖਿਆ ਹੀ ਨਹੀਂ ਦਿੱਤੀ ਗਈ ਸਗੋਂ ਅਮਲੀ ਜੀਵਨ ਵਿਚ ਗੁਰੂ ਸਾਹਿਬਾਨ ਨੇ ਕੌਰਕੇ ਵੀ ਵਿਖਾਇਆ ਹੈ। ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਵਿਚ ਬਲੀਦਾਨ ਦਿੱਤਾ, ਆਪਣੇ ਸਵਾਰਥ ਲਈ ਨਹੀਂ ਸਗੋਂ ਤਿਲਕ ਅਤੇ ਜੰਞੂ ਦੀ ਰੱਖਿਆ ਲਈ। ਆਪਣੇ ਧਰਮ ਲਈ, ਆਪਣੇ ਦੇਸ਼ ਲਈ, ਆਪਣੀ ਕੌਮ ਲਈ ਕੁਰਬਾਨੀ ਦੇਣ ਵਾਲੇ ਤਾਂ ਅਨੇਕਾਂ ਹੋਣਗੇ ਪਰ ਮਜ਼ਲੂਮਾਂ ਦੇ ਹਿਤ ਵਿਚ ਕੁਰਬਾਨੀ ਦੇਣਾ ਗੁਰੂ ਤੇਗ ਬਹਾਦਰ ਜੀ ਦੇ ਹਿੱਸੇ ਹੀ ਆਇਆ ਹੈ ਕਿਉਂਕਿ ਉਨ੍ਹਾਂ ਵਿਚ ਸਵਾਰਥ ਦਾ ਲੇਪ ਨਹੀਂ ਸੀ, ਨਿਰਵੈਰਤਾ ਸੀ।

ਵੈਰ ਭਾਵ ਮਿਟਾਉਣ ਲਈ, ਗੁਰਬਾਣੀ, ਸਮੁੱਚੀ ਮਨੁੱਖਤਾ ਨੂੰ ਏਕਤਾ ਦੀ ਲੜੀ

ਵਿਚ ਪਰੋਂਦੀ ਹੈ। ਜਾਤ ਪਾਤ, ਊਚ ਨੀਚ, ਅਮੀਰ ਗਰੀਬ, ਵੱਡੇ ਛੋਟੇ, ਰਾਜਾ ਰੰਕ ਦਾ ਭੇਦ ਮਿਟਾ ਕੇ ਹੀ ਨਿਰਵੈਰਤਾ ਆ ਸਕਦੀ ਹੈ। ਜਦੋਂ ਤਕ ਵਖਰੇਵਾਂ ਬਣਿਆਂ ਹੋਇਆ ਹੈ ਵੈਰ ਭਾਵ ਬਣਿਆਂ ਰਹੇਗਾ। ਇਕ ਦੇਸ਼ ਵਾਲੇ ਦੂਜੇ ਦੇਸ਼ ਨਾਲ, ਇਕ ਜਾਤ ਵਾਲੇ ਦੂਜੀ ਜਾਤ ਨਾਲ, ਇਕ ਧਰਮ ਵਾਲੇ ਦੂਜੇ ਧਰਮ ਨਾਲ ਵੈਰ ਕਮਾਉਂਦੇ ਰਹਿਣਗੇ। ਪਰ ਗੁਰਬਾਣੀ ਵਿਚ ਇਹ ਸਾਰੇ ਭੇਦ ਮਿਟਾ ਕੇ—

**ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥**

(ਪੰਨਾ ੬੧੧)

ਦੇ ਮਹਾਂਵਾਕ ਅਨੁਸਾਰ ਸਭ ਨੂੰ ਇਕੋ ਪਿਤਾ ਦੇ ਪੁੱਤਰ ਦੱਸ ਕੇ ਬਰਾਬਰੀ ਦਾ ਦਰਜਾ ਦਿੱਤਾ ਗਿਆ ਹੈ। ਦੂਜੇ ਨੂੰ ਬੁਰਾ ਭਲਾ ਸਮਝਣ ਨਾਲ ਵੈਰ ਵਿਰੋਧ ਦੀ ਭਾਵਨਾ ਪੈਦਾ ਹੁੰਦੀ ਹੈ, ਪਰ ਗੁਰਬਾਣੀ ਕਹਿ ਰਹੀ ਹੈ—

**ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਾਰੇ॥**

(ਪੰਨਾ ੩੮੩)

ਮਨੁੱਖੀ ਮਨ ਵਿਚੋਂ ਵੈਰ ਵਿਰੋਧ ਜਾਂ ਬਿਗਾਨੇਪਨ ਦੀ ਭਾਵਨਾ ਦੂਰ ਹੋ ਜਾਵੇ ਤਾਂ ਉਸ ਨੂੰ ਕੋਈ ਵੀ ਪਰਾਇਆ ਨਹੀਂ ਜਾਪੇਗਾ, ਸਭ ਆਪਣੇ ਹੀ ਦਿਸਣਗੇ, ਜਦੋਂ ਕੋਈ ਬਿਗਾਨਾ ਹੀ ਨ ਰਿਹਾ ਫਿਰ ਵੈਰ ਕਿਸ ਨਾਲ? ਜਦੋਂ ਕੋਈ ਬਿਗਾਨਾ ਹੀ ਨਹੀਂ, ਸਭ ਵਿਚ ਇਕੋ ਹੀ ਰੱਬ ਦੀ ਜੋਤ ਹੈ ਤਾਂ ਮੰਦਾ ਕਿਸ ਨੂੰ ਕਿਹਾ ਜਾਵੇ? ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ—

**ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥**
**ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥**

(ਪੰਨਾ ੧੩੮੧)

ਗੁਰਬਾਣੀ ਦੀ ਇਸ ਸਿੱਖਿਆ ਤੋਂ ਪ੍ਰਭਾਵਿਤ ਹੋ ਕੇ, ਅਨੇਕਾਂ ਸਿੱਖ ਮਨ ਤੋਂ ਭੇਦ ਭਾਵ ਦਾ ਪਰਦਾ ਲਾਹ ਕੇ ਨਿਰਵੈਰ ਅਵਸਥਾ ਪ੍ਰਾਪਤ ਕਰ ਚੁੱਕੇ ਸਨ। ਗੁਰ ਇਤਿਹਾਸ ਵਿਚ ਅਜਿਹੀ ਇਕ ਉਦਾਹਰਣ, ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਭਾਈ ਕਨ੍ਹਈਆ ਦਾ ਹੈ, ਭਾਈ ਕਨ੍ਹਈਆ ਲੜਾਈ ਸਮੇਂ ਫੱਟੜਾਂ ਨੂੰ ਪਾਣੀ ਪਿਆਉਣ ਦੀ ਸੇਵਾ ਕਰਦੇ ਸਨ। ਉਹ ਬਿਨਾਂ ਇਹ ਦੇਖੇ ਕਿ ਫੱਟੜ ਸਿੱਖ ਹੈ ਜਾਂ ਮੁਸਲਮਾਨ, ਸਭ ਨੂੰ ਪਾਣੀ ਪਿਲਾ ਰਹੇ ਸਨ। ਗੁਰੂ ਗੋਬਿੰਦ ਸਿੰਘ ਜੀ ਪਾਸ ਸ਼ਿਕਾਇਤ ਪੁੱਜੀ ਕਿ ਭਾਈ ਕਨ੍ਹਈਆ ਦੁਸ਼ਮਨ ਦੀ ਫੌਜ ਨੂੰ ਵੀ ਪਾਣੀ ਪਿਲਾ ਕੇ ਫਿਰ ਲੜਨ ਲਈ ਤਿਆਰ ਕਰੀ ਜਾਂਦੇ ਹਨ। ਗੁਰੂ ਜੀ ਨੇ ਭਾਈ ਕਨ੍ਹਈਆ ਤੋਂ ਇਸ ਦਾ ਕਾਰਨ ਪੁੱਛਿਆ ਤਾਂ ਉਹ ਕਹਿਣ ਲੱਗੇ ਮੈਨੂੰ ਤਾਂ ਕੋਈ ਬਿਗਾਨਾ ਦਿਸਦਾ ਹੀ ਨਹੀਂ, ਸਭ ਵਿਚ ਆਪ ਦਾ ਹੀ ਰੂਪ ਦਿਸਦਾ ਹੈ ਤਾਂ ਗੁਰੂ

ਗੋਬਿੰਦ ਸਿੰਘ ਜੀ ਨੇ ਖੁਸ਼ ਹੋ ਕੇ ਉਸ ਨੂੰ ਪਾਣੀ ਦੇ ਨਾਲ ਮੱਲ੍ਹਮ ਪੱਟੀ ਦੀ ਸੇਵਾ ਵੀ ਬਖਸ਼ੀ। ਇਹ ਸੀ ਨਿਰਵੈਰਤਾ ਦੀ ਸਹੀ ਤਸਵੀਰ।

ਗੁਰਬਾਣੀ ਵਿਚ ਧਰਮ ਦਾ ਵਖਰੇਵਾਂ ਦੂਰ ਕਰਨ ਲਈ ਉਸ ਸਮੇਂ ਦੇ ਦੋਨੋਂ ਪ੍ਰਸਿੱਧ ਧਰਮ—ਹਿੰਦੂ ਅਤੇ ਇਸਲਾਮ ਦਾ ਭੇਦ ਮਿਟਾ ਕੇ ਸਭ ਨੂੰ ਅੱਲਾ ਰਾਮ ਦੇ ਬੰਦੇ ਕਿਹਾ ਗਿਆ ਹੈ—

***ਨਾ ਹਮ ਹਿੰਦੂ ਨ ਮੁਸਲਮਾਨ॥ ਅਲਹ ਰਾਮ ਕੇ ਪਿੰਡੁ ਪਰਾਨ॥***

*(੧੧੩੬)*

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਉਸ ਸਮੇਂ ਦੇ ਪ੍ਰਚਲਿਤ ਧਰਮਾਂ ਵਿਚ ਆ ਚੁੱਕੀਆਂ ਕੁਰੀਤੀਆਂ ਦਾ ਖੰਡਨ ਤਾਂ ਕੀਤਾ ਗਿਆ ਹੈ, ਪਰ ਉਨ੍ਹਾਂ ਪ੍ਰਤਿ ਵੈਰ ਭਾਵਨਾ ਕਿਤੇ ਨਜ਼ਰ ਨਹੀਂ ਆਉਂਦੀ, ਸਗੋਂ ਦੂਜੇ ਧਰਮਾਂ ਦੀਆਂ ਰਹੁ ਰੀਤਾਂ ਦਾ ਸਤਿਕਾਰ ਕੀਤਾ ਗਿਆ ਹੈ। ਬਾਬਾ ਫਰੀਦ ਜੀ ਦੀ ਬਾਣੀ, ਜਿਸ ਵਿਚ ਪੰਜੇ ਵਕਤ ਮਸੀਤ ਨ ਆਉਣ 'ਤੇ ਲਾਹਨਤ ਪਾਈ ਗਈ ਹੈ, ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਗਈ ਹੈ। ਭਗਤ ਕਬੀਰ ਜੀ ਹਿੰਦੂ ਅਤੇ ਇਸਲਾਮ, ਦੋਨਾਂ ਦੇ ਧਾਰਮਿਕ ਗ੍ਰੰਥਾਂ ਦੇ ਸਤਿਕਾਰ ਵਿਚ ਲਿਖਦੇ ਹਨ—

***ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥***

*(ਪੰਨਾ ੧੩੫੦)*

ਗੁਰਬਾਣੀ ਦੇ ਰਚਨਹਾਰ ਗੁਰੂ ਸਾਹਿਬਾਨ ਅਤੇ ਹੋਰ ਸੰਤਾਂ ਭਗਤਾਂ ਨੇ ਆਪਣੀ ਬਾਣੀ ਵਿਚ ਵੀ ਅਤੇ ਆਪਣੇ ਜੀਵਨ ਦੁਆਰਾ ਵੀ ਨਿਰਵੈਰਤਾ ਦਾ ਉਪਦੇਸ਼ ਦਿੱਤਾ ਪਰ ਫਿਰ ਵੀ ਉਨ੍ਹਾਂ ਦੇ ਸ਼ਰੀਕਾਂ ਅਤੇ ਉਸ ਸਮੇਂ ਦੇ ਹਾਕਮਾਂ ਨੇ ਲੋਭ ਅਤੇ ਈਰਖਾ ਦੀ ਅੱਗ ਵਿਚ ਸੜਦੇ ਹੋਏ, ਉਨ੍ਹਾਂ ਨਾਲ ਵੈਰ ਕਮਾਇਆ। ਭਗਤ ਨਾਮ ਦੇਵ ਜੀ ਨੂੰ ਇਕ ਮਸਤ ਹਾਥੀ ਅੱਗੇ ਸੁੱਟਿਆ ਗਿਆ। ਸ਼ਾਂਤੀ ਅਤੇ ਨਿਰਵੈਰਤਾ ਦੇ ਪੁੰਜ ਗੁਰੂ ਅਰਜਨ ਦੇਵ ਜੀ ਨਾਲ, ਬਾਬਾ ਪ੍ਰਿਥੀ ਚੰਦ, ਜਹਾਂਗੀਰ, ਚੰਦੂ, ਸੁਲਹੀ ਆਦਿ ਵੈਰ ਕਮਾਉਂਦੇ ਰਹੇ। ਗੁਰੂ ਸਾਹਿਬਾਨ ਅਤੇ ਭਗਤ ਕਿਉਂਕਿ ਲੋਭ, ਈਰਖਾ ਆਦਿ ਮਨੋਭਾਵਾਂ ਤੋਂ ਮੁਕਤ ਸਨ ਇਸ ਲਈ ਨਿਰਵੈਰ ਸਨ। ਕਮਾਲ ਦੀ ਗੱਲ ਹੈ ਕਿ ਗੁਰਬਾਣੀ ਵਿਚ ਕਿਤੇ ਵੀ ਗੁਰੂ ਸਾਹਿਬਾਨ ਜਾਂ ਭਗਤਾਂ ਨੇ ਉਨ੍ਹਾਂ ਦੋਖੀਆਂ ਪ੍ਰਤਿ ਵੈਰ ਦੀ ਭਾਵਨਾ ਪ੍ਰਗਟ ਨਹੀਂ ਕੀਤੀ। ਗੁਰੂ ਅਰਜਨ ਦੇਵ ਜੀ ਜਿਨ੍ਹਾਂ ਨੂੰ ਇੰਨੇ ਤਸੀਹੇ ਦਿੱਤੇ ਗਏ ਆਪਣੀ ਬਾਣੀ ਵਿਚ ਫੁਰਮਾ ਰਹੇ ਹਨ—

***ਨ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥***

*(ਪੰਨਾ ੧੨੯੯)*

ਇੰਨੇ ਵਿਰੋਧ ਦੇ ਬਾਵਜੂਦ ਉਨ੍ਹਾਂ ਨੂੰ ਕੋਈ ਵੈਰੀ ਜਾਂ ਬਿਗਾਨਾ ਨਹੀਂ ਦਿਸਦਾ। ਇਸ ਤੋਂ ਵੱਧ ਨਿਰਵੈਰਤਾ ਹੋਰ ਕੀ ਹੋ ਸਕਦੀ ਹੈ? ਆਪਣੇ ਨਿੰਦਕਾਂ, ਦੋਖੀਆਂ ਨਾਲ ਵੈਰ ਤਾਂ ਕੀ ਕਰਨਾ ਹੈ, ਪੂਰਾ ਗੁਰੂ ਤਾਂ ਉਨ੍ਹਾਂ ਨੂੰ ਵੀ ਤਾਰ ਦਿੰਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ—

***ਗੁਰੂ ਪੂਰਾ ਨਿਰਵੈਰ ਹੈ ਨਿੰਦਕ ਦੋਖੀ ਬੇਮੁਖ ਤਾਰੇ॥***

*(ਵਾਰ ੨੬)*

ਸਤਿਗੁਰੂ ਲਈ ਪੁੱਤਰ ਅਤੇ ਸ਼ਤਰੂ ਸਮਾਨ ਹਨ, ਕੋਈ ਭੇਦ ਨਹੀਂ—

***ਸਤਿਗੁਰੁ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ॥***

*(ਪੰਨਾ ੯੬੦)*

ਨਿਰਵੈਰਾਂ ਨਾਲ ਵੈਰ ਕਮਾਉਣਾ ਬਹੁਤ ਵੱਡਾ ਪਾਪ ਹੈ। ਗੁਰੂ ਰਾਮਦਾਸ ਜੀ ਆਪਣੀ ਬਾਣੀ ਵਿਚ ਫ਼ੁਰਮਾਉਂਦੇ ਹਨ ਕਿ ਜੋ ਨਿਰਵੈਰਾਂ ਨਾਲ ਵੈਰ ਕਰਦੇ ਹਨ ਸਾਰੇ ਜਗਤ ਦਾ ਪਾਪ ਉਹ ਆਪਣੇ ਸਿਰ ਲੈ ਲੈਂਦੇ ਹਨ, ਪਰ ਜੇ ਉਹ ਗੁਰੂ ਦੀ ਸ਼ਰਣ ਆ ਜਾਣ ਤਾਂ ਪਿਛਲੇ ਔਗੁਣ ਵੀ ਬਖਸ਼ੇ ਜਾਂਦੇ ਹਨ—

***ਨਿਰਵੈਰੈ ਨਾਲਿ ਜਿ ਵੈਰੁ ਰਚਾਏ***
***ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ॥***
***ਓਸੁ ਅਗੈ ਪਿਛੈ ਢੋਈ ਨਾਹੀ***
***ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ॥***
***ਜੇ ਸੁਇਨੇ ਨੋ ਓਹੁ ਹਥੁ ਪਾਏ***
***ਤਾ ਖੇਹੂ ਸੇਤੀ ਰਲਿ ਗਇਆ॥***
***ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ***
***ਤਾ ਪਿਛਲੇ ਅਉਗਣ ਬਖਸਿ ਲਇਆ॥***
***ਜਨ ਨਾਨਕ ਅਨਦਿਨੁ ਨਾਮੁ ਧਿਆਇਆ***
***ਹਰਿ ਸਿਮਰਤ ਕਿਲਵਿਖ ਪਾਪ ਗਇਆ॥***

*(ਪੰਨਾ ੩੦੭)*

ਅਜੋਕੇ ਸਮੇਂ ਵਿਚ ਜਦੋਂ ਮਨੁਖ, ਮਨੁਖ ਦਾ ਵੈਰੀ ਬਣਿਆਂ ਹੋਇਆ ਹੈ, ਭਰਾ ਭਰਾ ਦਾ ਵੈਰੀ ਹੈ, ਇਕ ਸੂਬਾ ਦੂਜੇ ਸੂਬੇ ਦਾ ਵੈਰੀ ਹੈ, ਇਕ ਦੇਸ਼ ਦੂਜੇ ਦੇਸ਼ ਦਾ ਵੈਰੀ ਹੈ, ਗੁਰਬਾਣੀ ਦੀ ਸਿੱਖਿਆ 'ਤੇ ਚੱਲਣ ਦੀ ਅਤਿਅੰਤ ਲੋੜ ਹੈ। ਗੁਰੂ ਗ੍ਰੰਥ ਸਾਹਿਬ ਦੀ ਸਮੂਚੀ ਬਾਣੀ ਅਤੇ ਗੁਰੂ ਸਾਹਿਬਾਨ ਤੇ ਸੰਤਾਂ, ਭਗਤਾਂ ਦੇ ਜੀਵਨ ਤੋਂ ਸਿੱਖਿਆ ਲੈਂਦੇ

ਹੋਏ, ਨਾਮ ਸਿਮਰਨ ਦੁਆਰਾ ਮਨ ਨੂੰ ਨਿਰਮਲ ਕਰਕੇ ਮਨੁੱਖ ਐਸੀ ਸਹਿਜ ਅਵਸਥਾ ਪ੍ਰਾਪਤ ਕਰ ਸਕਦਾ ਹੈ, ਜਦੋਂ ਉਸ ਲਈ ਵੈਰੀ ਮੀਤ ਸਮਾਨ ਹੋ ਜਾਣ। ਜਦੋਂ ਨਿਰਵੈਰਤਾ ਦੀ ਇਹ ਅਵਸਥਾ ਪ੍ਰਾਪਤ ਹੋ ਜਾਏ ਤਾਂ ਗੁਰੂ ਅਰਜਨ ਦੇਵ ਜੀ ਦੇ ਇਹ ਪਵਿੱਤਰ ਸ਼ਬਦ ਬਾਰ ਬਾਰ ਦੁਹਰਾਉਣ ਨੂੰ ਜੀ ਕਰਦਾ ਹੈ—

***ਨ ਕੋ ਮੇਰਾ ਦੁਸਮਨੁ ਰਹਿਆ ਨ ਹਮ ਕਿਸ ਕੇ ਬੈਰਾਈ॥***

*(ਪੰਨਾ ੬੭੧)*

★ ★ ★

# ਸੋ ਨਿਰਮਲੁ ਨਿਰਮਲ ਹਰਿ ਗੁਨ ਗਾਵੈ ॥

ਭਗਤਾਂ ਵਿਚੋਂ ਸ਼੍ਰੋਮਣੀ ਭਗਤ, ਕਬੀਰ ਜੀ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ, ਗਉੜੀ ਰਾਗ ਦੀ ਆਪਣੀ ਬਾਣੀ ਵਿਚ ਫੁਰਮਾਉਂਦੇ ਹਨ ਕਿ ਮੈਂ ਉਨ੍ਹਾਂ ਗੁਰਮੁਖਾਂ ਤੋਂ ਬਲਿਹਾਰੇ ਜਾਂਦਾ ਹਾਂ, ਜੋ ਪ੍ਰਭੂ ਦਾ ਨਾਮ ਲੈਂਦੇ ਹਨ। ਜੋ ਮਨੁਖ ਨਿਰਮਲ ਹਰਿ ਦੇ ਗੁਣ ਗਾਉਂਦਾ ਹੈ, ਉਹ ਆਪ ਵੀ ਨਿਰਮਲ ਹੋ ਜਾਂਦਾ ਹੈ ਅਤੇ ਉਹ ਕਬੀਰ ਜੀ ਦੇ ਮਨ ਨੂੰ ਭਾਉਂਦਾ ਹੈ—

*ਜੋ ਜਨ ਲੇਹਿ ਖਸਮ ਕਾ ਨਾਉ ॥*
*ਤਿਨ ਕੈ ਸਦ ਬਲਿਹਾਰੈ ਜਾਉ ॥ ੧ ॥*
*ਸੋ ਨਿਰਮਲੁ ਨਿਰਮਲ ਹਰਿ ਗੁਨ ਗਾਵੈ ॥*
*ਸੋ ਭਾਈ ਮੇਰੈ ਮਨਿ ਭਾਵੈ ॥*

(ਪੰਨਾ ੩੨੮)

ਗੁਰੂ ਨਾਨਕ ਦੇਵ ਜੀ ਵੀ, ਉਨ੍ਹਾਂ ਭਗਤਾਂ ਤੋਂ ਕੁਰਬਾਨ ਜਾਂਦੇ ਹਨ, ਜੋ ਪ੍ਰਮਾਤਮਾ ਦਾ ਨਾਮ ਲੈਂਦੇ ਹਨ—

*ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥*
*ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥*

(ਪੰਨਾ ੭੨੨)

ਪ੍ਰਮਾਤਮਾ ਨਿਰਮਲ ਹੈ, ਉੱਜਲ ਹੈ, ਉਸ ਨੂੰ ਕੋਈ ਮੈਲ ਨਹੀਂ। ਇਸ ਕਾਇਨਾਤ ਵਿਚ ਕੇਵਲ ਉਹ ਹੀ ਨਿਰਮਲ ਹੈ ਤੇ ਬਾਕੀ ਦਿਸਦਾ ਸੰਸਾਰ ਸਭ ਮੈਲਾ ਹੈ। ਇਥੋਂ ਤਕ ਕਿ ਦੇਵਤੇ ਵੀ ਸੰਸਾਰ ਦੀ ਮੈਲ ਤੋਂ ਬਚ ਨਹੀਂ ਸਕੇ। ਕਬੀਰ ਜੀ ਫੁਰਮਾਉਂਦੇ ਹਨ—

*ਮੈਲਾ ਬ੍ਰਹਮਾ ਮੈਲਾ ਇੰਦੁ ॥ ਰਵਿ ਮੈਲਾ ਮੈਲਾ ਹੈ ਚੰਦੁ ॥*
*ਮੈਲਾ ਮਲਤਾ ਇਹੁ ਸੰਸਾਰੁ ॥ ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥*

(ਪੰਨਾ ੧੧੫੮)

ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ ਕਿ ਇਕ ਸੱਚੇ ਤੋਂ ਬਿਨਾਂ ਬਾਕੀ ਸਭ ਮੈਲ ਨਾਲ ਭਰੇ ਹੋਏ ਹਨ—

***ਭਾਈ ਰੇ ਮੈਲੁ ਨਾਹੀ ਨਿਰਮਲ ਜਲਿ ਨਾਇ॥***
***ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ॥***

(ਪੰਨਾ ੫੭)

ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਉੱਚੇ ਸੁੱਚੇ ਅਤੇ ਬੇਅੰਤ ਪ੍ਰਭੂ ਦੀ ਨਿਰਮਲਤਾ, ਬਹੁਤ ਹੀ ਸੁੰਦਰ ਸ਼ਬਦਾਂ ਵਿਚ ਬਿਆਨ ਕੀਤੀ ਹੈ—

***ਨਿਰਮਲੁ ਨਿਰਮਲ ਸੂਚਾ ਸੂਚੋ ਸੂਚਾ ਸੂਚੋ ਸੂਚਾ॥***
***ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ॥***

(ਪੰਨਾ ੮੨੧)

ਉਸ ਨਿਰਮਲ ਪਰਮਾਤਮਾ ਦਾ ਨਾਮ ਵੀ ਨਿਰਮਲ ਹੈ—

***ਨਿਰਮਲ ਉਦਕੁ ਗੋਬਿੰਦ ਕਾ ਨਾਮ॥ ਮਜਨੁ ਕਰਤ ਪੂਰਨ ਸਭਿ ਕਾਮ॥***

(ਪੰਨਾ ੧੯੮)

ਸ਼ਬਦ ਜਾਂ ਬਾਣੀ ਵੀ ਨਿਰਮਲ ਹੈ ਕਿਉਂਕਿ ਇਹ ਦਰਗਾਹੀ ਬਾਣੀ ਹੈ—

***ਨਿਰਮਲ ਸਬਦੁ ਨਿਰਮਲ ਹੈ ਬਾਣੀ॥ ਨਿਰਮਲ ਜੋਤਿ ਸਭ ਮਾਹਿ ਸਮਾਣੀ॥***

(ਪੰਨਾ ੧੨੧)

ਭਾਵੇਂ ਸਭ ਜੀਵਾਂ ਵਿਚ ਜੋਤ ਪ੍ਰਮਾਤਮਾ ਦੀ ਹੀ ਹੈ, ਪਰ ਜੀਵ ਨਿਰਮਲ ਨਹੀਂ ਹਨ ਜਦੋਂ ਕਿ ਪ੍ਰਮਾਤਮਾ ਨਿਰਮਲ ਹੈ, ਐਸਾ ਪ੍ਰਮਾਤਮਾ ਨਾਲੋਂ ਜੀਵ ਦੀ ਲਿਵ ਟੁੱਟਣ ਕਾਰਨ ਹੈ—

***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥***

(ਪੰਨਾ ੯੨੧)

ਪ੍ਰਮਾਤਮਾ ਨਾਲੋਂ ਲਿਵ ਟੁਟਦਿਆਂ ਹੀ ਜੀਵ ਨੂੰ ਮੋਹ ਮਾਇਆ ਆ ਘੇਰਦੀ ਹੈ ਅਤੇ ਮੋਹ ਮਾਇਆ ਦੇ ਚੱਕਰ ਵਿਚ ਫਸ ਕੇ ਜੀਵ ਪਿਆ ਦੁੱਖ ਭੋਗਦਾ ਹੈ। ਇਹ ਮਾਇਆ ਲਾਉਣ ਵਾਲਾ ਵੀ ਪ੍ਰਮਾਤਮਾ ਆਪ ਹੀ ਹੈ, ਇਹ ਉਸੇ ਦੀ ਖੇਡ ਹੈ ਤੇ ਉਸੇ ਨੇ ਇਸ ਦਾ ਪਾਸਾਰਾ ਸੰਸਾਰ ਵਿਚ ਕੀਤਾ ਹੈ। ਪ੍ਰਮਾਤਮਾ ਨੇ ਮਾਇਆ ਨੂੰ ਇੰਨੀ ਮੋਹਣੀ ਬਣਾ ਦਿੱਤਾ ਹੈ ਕਿ ਕੋਈ ਵੀ ਇਸ ਤੋਂ ਬਚ ਨਹੀਂ ਸਕਦਾ—

***ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ॥***
***ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ॥***
***ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ॥***

(ਪੰਨਾ ੯੧੮)

ਮਾਇਆ ਦੇ ਪ੍ਰਭਾਵ ਕਾਰਨ ਹਰਿ ਵਿੱਸਰ ਜਾਂਦਾ ਹੈ ਤੇ ਪ੍ਰਮਾਤਮਾ ਨਾਲੋਂ ਪਿਆਰ ਟੁੱਟ ਕੇ ਸੰਸਾਰ ਨਾਲ ਪੈ ਜਾਂਦਾ ਹੈ। ਜਿਸ ਨੂੰ ਬਾਣੀ ਵਿਚ ਦੂਜਾ ਭਾਉ ਕਿਹਾ ਗਿਆ ਹੈ—

***ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥***

*(ਪੰਨਾ ੯੨੧)*

ਦੂਜਾ ਭਾਉ ਅਰਥਾਤ ਸੰਸਾਰਕ ਪਦਾਰਥਾਂ ਨਾਲ ਪਿਆਰ ਹੁੰਦਿਆਂ ਹੀ ਮਨੁੱਖ ਦੇ ਦੁਖਾਂ ਤੇ ਰੋਗਾਂ ਦਾ ਆਰੰਭ ਹੋ ਜਾਂਦਾ ਹੈ। ਮਨੁੱਖ ਨੂੰ ਤ੍ਰਿਸ਼ਨਾ ਆ ਘੇਰਦੀ ਹੈ ਤੇ ਉਹ ਸੰਸਾਰ ਦੀ ਹਰ ਚੀਜ਼ ਨੂੰ ਆਪਣੀ ਬਣਾਉਣਾ ਲੋਚਦਾ ਹੈ;

***ਸਹਸ ਖਟੇ ਲਖ ਕਉ ਉਠਿ ਧਾਵੈ॥*** *(ਪੰਨਾ ੨੭੮)*

ਵਾਲੀ ਅਵਸਥਾ ਬਣ ਜਾਂਦੀ ਹੈ। ਜਿੰਨਾ ਯਤਨ ਉਹ ਤ੍ਰਿਸ਼ਨਾ ਨੂੰ ਤ੍ਰਿਪਤ ਕਰਨ ਲਈ ਕਰਦਾ ਹੈ, ਉਨੀ ਇਹ ਹੋਰ ਵਧਦੀ ਹੈ। ਉਹ ਲੋਭ ਲਾਲਚ ਦੀ ਅਗਨੀ ਵਿਚ ਸੜਦਾ ਹੋਇਆ ਅਨੇਕ ਪਾਪ ਕਮਾਉਂਦਾ ਹੈ। ਚੋਰੀ, ਡਾਕਾ, ਫਰੇਬ, ਧੋਖਾ, ਝੂਠ ਆਦਿ ਸਾਰੇ ਪਾਪ, ਲੋਭ ਕਾਰਨ ਹੁੰਦੇ ਹਨ। ਮਨੁਖੀ ਮਨ ਉਤੇ ਲੋਭ ਦੀ ਮੈਲ ਗੂੜ੍ਹੀ ਹੁੰਦੀ ਜਾਂਦੀ ਹੈ, ਪਰ ਲੋਭ ਮੁਕਦਾ ਨਹੀਂ। ਪਾਪਾਂ ਨਾਲ ਇਕੱਠੀ ਕੀਤੀ ਮਾਇਆ, ਮਨੁਖ ਵਿਚ ਹਉਮੈ ਨੂੰ ਜਨਮ ਦਿੰਦੀ ਹੈ ਅਤੇ ਉਹ ਆਪਣੇ ਬਰਾਬਰ ਕਿਸੇ ਨੂੰ ਸਮਝਦਾ ਹੀ ਨਹੀਂ। ਇਸ ਤਰ੍ਹਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਨਿੰਦਾ, ਚੁਗਲੀ, ਈਰਖਾ ਆਦਿ ਵਿਕਾਰਾਂ ਦੀ ਮੈਲ ਉਸਦੇ ਮਨ ਨੂੰ ਮੈਲਾ ਕਰ ਦਿੰਦੀ ਹੈ—

***ਮਨੁ ਮੈਲਾ ਹੈ ਦੂਜੈ ਭਾਇ॥ ਮੈਲਾ ਚਉਕਾ ਮੈਲੈ ਥਾਇ॥***
***ਮੈਲਾ ਖਾਇ ਫਿਰਿ ਮੈਲੁ ਵਧਾਏ ਮਨਮੁਖ ਮੈਲੁ ਦੁਖੁ ਪਾਵਣਿਆ॥***

*(ਪੰਨਾ ੧੨੧)*

ਗੁਰਮਤਿ ਅਨੁਸਾਰ ਮਨੁਖਾ ਜਨਮ ਦਾ ਲਕਸ਼ ਪਰਮਾਤਮਾ ਨਾਲ ਅਭੇਦ ਹੋਣਾ ਹੈ। ਪਰਮਾਤਮਾ ਵਿਚ ਅਭੇਦ ਹੋਣ ਲਈ, ਉਸਦਾ ਨਾਮ ਮਨ ਵਿਚ ਵਸਾਉਣਾ ਪੈਂਦਾ ਹੈ, ਪਰ ਮਨ ਨੂੰ ਵਿਕਾਰਾਂ ਦੀ ਮੈਲ ਲੱਗੀ ਹੋਣ ਕਾਰਨ, ਨਾਮ ਮਨ ਵਿਚ ਵੱਸ ਨਹੀਂ ਸਕਦਾ, ਕਿਉਂਕਿ—

***ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥***

*(ਪੰਨਾ ੫੬੦)*

ਨਾਮ ਅਤੇ ਹਉਮੈ ਦੋਨੋਂ ਇਕ ਥਾਂ ਇਕੱਠੇ ਨਹੀਂ ਹੋ ਸਕਦੇ, ਇਸ ਲਈ ਮਨ ਨੂੰ ਵਿਕਾਰਾਂ ਦੀ ਮੈਲ ਤੋਂ ਨਿਰਮਲ ਕਰਨਾ ਅਤਿ ਜ਼ਰੂਰੀ ਹੈ।

ਮਨ ਨੂੰ ਵਿਕਾਰਾਂ ਦੀ ਮੈਲ ਤੋਂ ਨਿਰਮਲ ਕਰਨ ਦੇ ਯਤਨ, ਮਨੁਖ ਸਮੇਂ ਸਮੇਂ ਕਰਦਾ ਰਿਹਾ ਹੈ। ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਤੋਂ ਪਹਿਲਾਂ ਇਸ ਮੈਲ ਨੂੰ ਦੂਰ ਕਰਨ ਲਈ, ਕਰਮ ਕਾਂਡਾਂ ਦੀ ਪ੍ਰਧਾਨਤਾ ਸੀ। ਜਪ, ਤਪ, ਸੰਜਮ, ਤੀਰਥ, ਵਰਤ, ਨੇਮ, ਪੁੰਨ, ਦਾਨ ਆਦਿ ਦੁਆਰਾ ਵਿਕਾਰਾਂ ਦੀ ਮੈਲ ਲਾਹ ਕੇ ਮਨ ਨੂੰ ਨਿਰਮਲ ਕਰਨ ਦੇ ਯਤਨ ਕੀਤੇ ਜਾਂਦੇ ਸਨ। ਪਰ ਸ੍ਰੀ ਗੁਰੂ ਗ੍ਰੰਥ ਸਹਿਬ ਦੀ ਬਾਣੀ ਵਿਚ ਗੁਰੂ ਸਾਹਿਬਾਨ ਅਤੇ ਸੰਤਾਂ, ਭਗਤਾਂ ਨੇ ਇਨ੍ਹਾਂ ਕਰਮ ਕਾਂਡਾਂ ਦੀ ਵਿਫਲਤਾ ਦਰਸਾ ਕੇ ਨਿਰਮਲ ਪ੍ਰਭੂ ਦੇ ਗੁਣ ਗਾਇਣ ਦੁਆਰਾ ਮਨ ਨੂੰ ਨਿਰਮਲ ਕਰਨ ਦਾ ਸੌਖਾ ਢੰਗ ਦੱਸਿਆ ਹੈ। ਕਬੀਰ ਜੀ ਆਪਣੀ ਬਾਣੀ ਵਿਚ ਉਸ ਸਮੇਂ ਦੇ ਪ੍ਰਚਲਿਤ ਕਰਮ ਕਾਂਡਾਂ ਦਾ ਖੰਡਨ ਇਉਂ ਕਰਦੇ ਹਨ—

***ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ॥ ਜਾ ਕੈ ਰਿਦੈ ਭਾਉ ਹੈ ਦੂਜਾ॥***

*(ਪੰਨਾ ੩੨੪)*

ਅਰਥਾਤ ਜਿੰਨੀ ਦੇਰ ਮਨ ਵਿਚ ਪ੍ਰਮਾਤਮਾ ਲਈ ਪਿਆਰ ਨਹੀਂ ਹੈ, ਹਿਰਦੈ ਵਿਚ ਦੂਜਾ ਭਾਉ ਹੈ, ਜਪ ਤਪ ਦਾ ਕੋਈ ਲਾਭ ਨਹੀਂ, ਇਹ ਕੇਵਲ ਦਿਖਾਵਾ ਹੈ। ਗੁਰੂ ਅਰਜਨ ਦੇਵ ਜੀ ਵੀ ਮੋਨਧਾਰੀ ਹੋਣ, ਨਾਂਗੇ ਫਿਰਨ, ਤੀਰਥਾਂ 'ਤੇ ਭ੍ਰਮਣ ਵਰਗੇ ਯਤਨਾਂ ਨੂੰ ਵਿਅਰਥ ਦੱਸਦੇ ਹਨ—

***ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ॥***
***ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ॥ ੨॥***
***ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥***
***ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥***

*(ਪੰਨਾ ੬੪੧)*

ਧਰਮ ਵਿਚ, ਇਸ ਦਿਖਾਵੇ ਦਾ ਖੰਡਨ ਕਰਦੇ ਹੋਏ ਭਗਤ ਕਬੀਰ ਜੀ ਵੀ ਕਹਿੰਦੇ ਹਨ ਕਿ ਜੇ ਨੰਗੇ ਫਿਰ ਕੇ ਮੁਕਤੀ ਮਿਲਦੀ ਹੁੰਦੀ ਤਾਂ ਜੰਗਲ ਦੇ ਸਭ ਹਿਰਨ ਮੁਕਤ ਹੋ ਜਾਂਦੇ, ਜੇ ਸਿਰ ਮੁਨਾ ਕੇ ਮੁਕਤੀ ਮਿਲਦੀ ਹੁੰਦੀ ਤਾਂ ਭੇਡ ਕਿਉਂ ਮੁਕਤ ਨ ਹੋਈ? ਅਜਿਹੇ ਕਰਮ ਕਾਂਡਾਂ ਨਾਲ ਮਨ ਦੀ ਮੈਲ ਉਤਰਨੀ ਤਾਂ ਕੀ ਹੈ ਸਗੋਂ ਹੋਰ ਚੜ੍ਹ ਜਾਂਦੀ ਹੈ। ਜੇ ਇਕ ਮੈਲ ਉਤਰਦੀ ਹੈ ਤਾਂ ਦੂਜੀ ਲੱਗ ਜਾਂਦੀ ਹੈ। ਜੇ ਪੁੰਨ ਦਾਨ ਕਰਕੇ ਕੋਈ ਮਨ ਨੂੰ ਨਿਰਮਲ ਕਰਦਾ ਹੈ ਤਾਂ ਦੂਜੇ ਪਾਸੇ, ਹਉਮੈ ਦੀ ਮੈਲ ਚੜ੍ਹ ਜਾਂਦੀ ਹੈ। ਉਹ ਸਮਝਦਾ ਹੈ, ਮੇਰੇ ਵਰਗਾ ਕੋਈ ਦਾਨੀ ਹੈ ਹੀ ਨਹੀਂ। ਤੀਰਥਾਂ 'ਤੇ ਵੀ ਹਉਮੈ ਦਾ ਪ੍ਰਗਟਾਵਾ ਨਜ਼ਰੀਂ ਆਉਂਦਾ ਹੈ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ—

**ਤੀਰਥਿ ਜਾਉ ਤ ਹਉ ਹਉ ਕਰਤੇ॥**
**ਪੰਡਿਤ ਪੂਛਉ ਤ ਮਾਇਆ ਰਾਤੇ॥**

(ਪੰਨਾ ੩੮੫)

ਇਸੇ ਲਈ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਹੈ ਕਿ ਤੀਰਥ ਇਸ਼ਨਾਨ ਆਦਿ ਨਾਲ ਮਨ ਦੀ ਮੈਲ ਉਤਰਨ ਦੀ ਥਾਂ ਸਗੋਂ ਹੋਰ ਭਰਦੀ ਹੈ—

**ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ॥**
**ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ॥**

(ਪੰਨਾ ੭੪੭)

ਇਸ ਸੰਸਾਰ ਵਿਚ ਦਿਖਾਵਾ ਪ੍ਰਧਾਨ ਹੈ, ਇਸ ਲਈ ਮਨੁੱਖ ਨੇ ਅੰਦਰਲੀ ਮੈਲ ਲਾਹੁਣ ਦੀ ਬਜਾਏ ਆਪਣੇ ਆਪ ਨੂੰ ਬਾਹਰੋਂ ਨਿਰਮਲ ਕਰਨ ਦਾ ਹੀ ਯਤਨ ਕੀਤਾ ਹੈ। ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਜਿਨ੍ਹਾਂ ਨੇ ਕੇਵਲ ਬਾਹਰਲੀ ਮੈਲ ਉਤਾਰੀ ਹੈ, ਉਨ੍ਹਾਂ ਨੇ ਆਪਣਾ ਜੀਵਨ ਵਿਅਰਥ ਹੀ ਗੁਆ ਦਿੱਤਾ ਹੈ —

**ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ॥**

(ਪੰਨਾ ੯੧੯)

ਤੀਰਥਾਂ 'ਤੇ ਇਸ਼ਨਾਨ ਕਰਨ ਨਾਲ, ਸਰੀਰ ਦੀ ਮੈਲ ਤਾਂ ਉਤਰ ਸਕਦੀ ਹੈ, ਪਰ ਅੰਦਰ ਜੋ ਹਉਮੈ ਦੀ ਮੈਲ ਹੈ, ਉਹ ਨਹੀਂ ਉਤਰ ਸਕਦੀ। ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ—

**ਦੇਹੀ ਧੋਇ ਨ ਉਤਰੈ ਮੈਲੁ॥ ਹਉਮੈ ਬਿਆਪੈ ਦੁਬਿਧਾ ਫੈਲੁ॥**

(ਪੰਨਾ ੮੯੩)

ਜੋ ਵਿਅਕਤੀ ਬਾਹਰੋਂ ਤਾਂ ਆਪਣੇ ਸਰੀਰ ਨੂੰ ਮਲ ਮਲ ਧੋਂਦੇ ਹਨ, ਪਰ ਅੰਦਰ ਮੈਲ ਹੈ, ਉਹ ਸੱਚੀ ਦਰਗਾਹ ਵਿਚ ਆਪਣੀ ਪਤ ਗੁਆ ਲੈਂਦੇ ਹਨ—

**ਅੰਤਰੁ ਮੈਲਾ ਬਾਹਰੁ ਨਿਤ ਧੋਵੈ॥ ਸਾਚੀ ਦਰਗਹਿ ਅਪਨੀ ਪਤਿ ਖੋਵੈ॥**

(ਪੰਨਾ ੧੧੫੧)

ਗੁਰੂ ਨਾਨਕ ਦੇਵ ਜੀ ਵੀ ਅਜਿਹੇ ਵਿਅਕਤੀ ਨੂੰ ਅੰਧਾ, ਅਗਿਆਨੀ ਦੱਸਦੇ ਹਨ ਜੋ ਅੰਦਰਲੀ ਮੈਲ ਤੋਂ ਤਾਂ ਅਣਜਾਣ ਹੈ ਪਰ ਬਾਹਰੋਂ ਮਲ ਮਲ ਕੇ ਸਰੀਰ ਨੂੰ ਧੋਂਦਾ ਹੈ—

**ਵਸਤ੍ਰ ਪਖਾਲਿ ਪਖਾਲੇ ਕਾਇਆ ਆਪੇ ਸੰਜਮਿ ਹੋਵੈ॥**
**ਅੰਤਰਿ ਮੈਲੁ ਲਗੀ ਨਹੀ ਜਾਣੈ ਬਾਹਰਹੁ ਮਲਿ ਮਲਿ ਧੋਵੈ॥**
**ਅੰਧਾ ਭੂਲਿ ਪਇਆ ਜਮ ਜਾਲੇ॥**

***ਵਸਤੁ ਪਰਾਈ ਅਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੇ॥***

*(ਪੰਨਾ ੧੩੯)*

ਜੋ ਪਰਾਈ ਵਸਤ ਨੂੰ ਆਪਣੀ ਸਮਝਦੇ ਹਨ, ਦੂਜੇ ਦਾ ਹੱਕ ਮਾਰਦੇ ਹਨ, ਦੂਜਿਆਂ ਦਾ ਖ਼ੂਨ ਚੂਸਦੇ ਹਨ, ਉਨ੍ਹਾਂ ਦਾ ਮਨ ਨਿਰਮਲ ਕਿਵੇਂ ਹੋ ਸਕਦਾ ਹੈ?

***ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥***
***ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥***

*(ਪੰਨਾ ੧੪੦)*

ਮਨੁੱਖ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਔਗੁਣਾਂ ਦਾ ਭਰਿਆ ਹੋਇਆ ਹੈ ਤੇ ਜਿੰਨੀ ਦੇਰ ਇਨ੍ਹਾਂ ਔਗੁਣਾਂ ਨੂੰ ਦੂਰ ਕਰਕੇ ਗੁਰਮੁਖ ਵਾਲੇ ਗੁਣ ਗ੍ਰਹਿਣ ਨਹੀਂ ਕਰਦਾ, ਨਿਰਮਲ ਨਹੀਂ ਹੋ ਸਕਦਾ। ਗੁਰੂ ਰਾਮ ਦਾਸ ਜੀ ਔਗੁਣਾਂ ਦੇ ਭਰੇ ਹੋਏ ਸਰੀਰ ਨੂੰ ਨਿਰਮਲ ਕਰਨ ਦੀ ਜੁਗਤ ਦੱਸਦੇ ਹੋਏ ਲਿਖਦੇ ਹਨ—

***ਅਉਗਣੀ ਭਰਿਆ ਸਰੀਰੁ ਹੈ ਕਿਉ ਸੰਤਹੁ ਨਿਰਮਲੁ ਹੋਇ॥***
***ਗੁਰਮੁਖਿ ਗੁਣ ਵੇਹਾਝੀਅਹਿ ਮਲੁ ਹਉਮੈ ਕਢੈ ਧੋਇ॥***

*(ਪੰਨਾ ੩੧੧)*

ਗੁਰਬਾਣੀ ਵਿਚ ਅੰਤਰ ਆਤਮੇ ਦੀ ਮੈਲ ਦੂਰ ਕਰਨ ਲਈ ਬਾਹਰੀ ਦਿਖਾਵੇ ਦੀ ਥਾਂ ਗੁਣ ਗ੍ਰਹਿਣ ਕਰਨ ਉਤੇ ਜ਼ੋਰ ਦਿੱਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਨੂੰ ਜਦੋਂ ਜਨੇਊ ਪਾਉਣ ਲਈ ਕਿਹਾ ਗਿਆ ਤਾਂ ਉਨ੍ਹਾਂ ਨੇ ਦਇਆ, ਸੰਤੋਖ, ਜਤ, ਸਤ ਆਦਿ ਗੁਣਾਂ ਵਾਲੇ ਜਨੇਊ ਦੀ ਮੰਗ ਕੀਤੀ—

***ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥***
***ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥***

*(ਪੰਨਾ ੪੭੧)*

ਗੁਣ ਤਾਂ ਹੀ ਗ੍ਰਹਿਣ ਕੀਤੇ ਜਾ ਸਕਦੇ ਹਨ ਜੇ ਔਗੁਣ ਕੱਟੇ ਜਾਣ। ਗੁਰਬਾਣੀ ਵਿਚ ਮਨ ਨੂੰ ਵਿਕਾਰਾਂ ਦੀ ਮੈਲ ਤੋਂ ਨਿਰਮਲ ਕਰਨ ਦਾ ਇਕੋ ਇਕ ਸੌਖਾ ਤੇ ਸਰਲ ਤਰੀਕਾ, ਨਾਮ ਸਿਮਰਨ ਤੇ ਪ੍ਰਭੂ ਦੇ ਗੁਣ ਗਾਇਣ ਦਾ ਦੱਸਿਆ ਗਿਆ ਹੈ। ਉਹ ਪ੍ਰਮਾਤਮਾ ਆਪ ਨਿਰਮਲ ਹੈ ਤੇ ਉਸਦਾ ਸਿਮਰਨ ਕਰਨ ਨਾਲ ਮਨ ਵੀ ਨਿਰਮਲ ਹੋ ਜਾਂਦਾ ਹੈ—

***ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ॥ ਹਉਮੈ ਮੈਲੁ ਗੁਰ ਸਬਦੇ ਧੋਵੈ॥***

*(ਪੰਨਾ ੧੨੧)*

ਹਉਮੈ ਨੂੰ ਮਾਰੇ ਤੋਂ ਬਿਨਾਂ ਮਨ ਨਿਰਮਲ ਨਹੀਂ ਹੋ ਸਕਦਾ। ਜੋ ਗੁਰਮੁਖ ਜਨ, ਹਉਮੈ ਨੂੰ ਮਾਰ ਲੈਂਦੇ ਹਨ, ਉਨ੍ਹਾਂ ਦੇ ਮਨ ਨਿਰਮਲ ਹੋ ਜਾਂਦੇ ਹਨ—

***ਗੁਰਮੁਖਿ ਹਉਮੈ ਮਾਰੀਐ ਮਨੁ ਨਿਰਮਲੁ ਹੋਈ॥***

*(ਪੰਨਾ ੪੨੪)*

ਹਉਮੈ, ਪ੍ਰਭੂ ਦੇ ਗੁਣ ਗਾਉਣ ਨਾਲ ਦੂਰ ਹੋ ਸਕਦੀ ਹੈ—

***ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ॥***

*(ਪੰਨਾ ਪ੧੫)*

ਹਉਮੈ ਦੂਰ ਹੋਣ ਨਾਲ, ਮੋਹ ਮਾਇਆ ਤੋਂ ਵੀ ਛੁਟਕਾਰਾ ਮਿਲ ਜਾਂਦਾ ਹੈ। ਜਦੋਂ ਤਨ, ਮਨ, ਧਨ ਸਭ ਗੁਰੂ ਦਾ ਮੰਨ ਕੇ ਅੰਦਰੋਂ ਆਪਾ ਗੁਆ ਦਿੱਤਾ ਜਾਵੇ ਤਾਂ ਮੋਹ ਮਾਇਆ ਸਭ ਖਤਮ ਹੋ ਜਾਂਦੀ ਹੈ।

***ਨਿਰਮਲ ਅੰਮ੍ਰਿਤੁ ਗੁਰ ਤੇ ਪਾਇਆ॥***
***ਵਿਚਹੁ ਆਪੁ ਮੁਆ ਤਿਥੈ ਮੋਹੁ ਨ ਮਾਇਆ॥***

*(ਪੰਨਾ ੧੨੧)*

ਮਨ ਤੋਂ ਕਾਮ, ਕ੍ਰੋਧ ਦੀ ਮੈਲ ਦੂਰ ਕਰਨ ਲਈ ਵੀ ਪ੍ਰਭੂ ਦੇ ਗੁਣ ਗਾਉਣ ਦਾ ਉਪਦੇਸ਼ ਬਾਣੀ ਦੁਆਰਾ ਦਿੱਤਾ ਗਿਆ ਹੈ—

***ਆਠ ਪਹਰ ਗੁਨ ਗਾਵਤ ਪ੍ਰਭ ਕੇ ਕਾਮ ਕ੍ਰੋਧ ਇਸੁ ਤਨ ਤੇ ਜਾਤ॥***

*(ਪੰਨਾ ੮੨੦-੨੧)*

ਗੁਰੂ ਅਰਜਨ ਦੇਵ ਜੀ 'ਸੁਖਮਨੀ ਸਾਹਿਬ' ਦੀ ਬਾਣੀ ਵਿਚ ਵੀ ਮਨੁਖ ਨੂੰ ਪ੍ਰਭੂ ਦਾ ਸਿਮਰਨ ਅਤੇ ਉਸਦੇ ਗੁਣ ਗਾਉਣ ਨਾਲ, ਮਨ ਦੀ ਮੈਲ ਉਤਾਰਨ ਲਈ ਬਾਰ ਬਾਰ ਇਹ ਹੀ ਉਪਦੇਸ਼ ਕਰ ਰਹੇ ਹਨ—

***ਗੁਨ ਗਾਵਤ ਤੇਰੀ ਉਤਰਸਿ ਮੈਲੁ॥ ਬਿਨਸਿ ਜਾਇ ਹਉਮੈ ਬਿਖੁ ਫੈਲੁ॥***

*(ਪੰਨਾ ੨੮੯)*

***ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥***
***ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥***

*(ਪੰਨਾ ੨੬੩)*

ਅਤੇ

***ਹਰਿ ਦਿਨੁ ਹਰਿ ਸਿਮਰਨੁ ਮੇਰੇ ਭਾਈ॥ਕੋਟਿ ਜਨਮ ਕੀ ਮਲੁ ਲਹਿ ਜਾਈ॥***

*(ਪੰਨਾ ੧੯੫)*

ਪਰ ਨਾਲ ਹੀ ਸ਼ਰਤ ਹੈ ਕਿ ਸਿਮਰਨ ਵੀ ਗੁਰੂ ਦੀ ਸ਼ਰਣ ਵਿਚ ਆ ਕੇ ਕਰਨਾ ਹੈ, ਨਹੀਂ ਤਾਂ ਮਨਮੁਖ ਬਥੇਰੇ ਹਰੀ ਹਰੀ ਕਰੀ ਜਾਂਦੇ ਹਨ ਪਰ ਮੈਲ ਨਹੀਂ ਧੋਤੀ ਗਈ—

**ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ॥**
**ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥**

(ਪੰਨਾ ੩੯)

ਗੁਰੂ ਦੀ ਸ਼ਰਣ ਵਿਚ ਆਉਣ ਨਾਲ, ਗੁਰੂ ਦੀ ਕਿਰਪਾ ਹੁੰਦੀ ਹੈ ਅਤੇ ਮਨ ਨਿਰਮਲ ਹੋ ਜਾਂਦਾ ਹੈ—

**ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ॥**

(ਪੰਨਾ ੯੧੮)

ਮਨ ਨੂੰ ਵਿਕਾਰਾਂ ਦੀ ਮੈਲ ਤੋਂ ਨਿਰਮਲ ਕਰਨ ਲਈ ਸਿਮਰਨ ਦੁਆਰਾ ਯਤਨ ਮਨੁਖ ਨੇ ਕਰਨਾ ਹੈ, ਪਰ ਨਿਰਮਲ ਹੋਵੇਗਾ ਉਹ, ਜਿਸ ਉਤੇ ਹਰੀ ਸਾਚੇ ਦੀ ਨਦਰ ਹੋ ਜਾਵੇ—

**ਮੈਲੇ ਨਿਰਮਲ ਸਭਿ ਹੁਕਮਿ ਸਬਾਏ॥ ਸੇ ਨਿਰਮਲ ਜੋ ਹਰਿ ਸਾਚੇ ਭਾਏ॥**

(ਪੰਨਾ ੧੨੧)

ਅਤੇ ਜੇ ਉਸ ਦੀ ਕਿਰਪਾ ਦੁਆਰਾ ਮਨ ਨਿਰਮਲ ਹੋ ਜਾਵੇ ਤਾ ਫਿਰ ਹਰੀ ਆਪ ਭਗਤ ਦੇ ਪਿੱਛੇ ਲੱਗਾ ਫਿਰਦਾ ਹੈ—

**ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥**
**ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥**

(ਪੰਨਾ ੧੩੭੫)

★ ★ ★

# ਅਣਮੜਿਆ ਮੰਦਲੁ ਬਾਜੈ

ਗੁਰਮਤਿ ਵਿਚਾਰਧਾਰਾ ਅਨੁਸਾਰ ਪਾਰਬ੍ਰਹਮ ਇਕੋ ਹੈ ਅਤੇ ਉਸ ਤੋਂ ਬਿਨਾਂ ਦੂਜਾ ਕੋਈ ਨਹੀਂ। ਉਹ ਸਤਿ ਹੈ ਅਤੇ ਸਭ ਦਿਸਦਾ ਸੰਸਾਰ ਮਿਥਿਆ ਹੈ। ਉਹ ਆਪ ਹੀ ਆਪਣੀ ਮਰਜ਼ੀ ਨਾਲ ਇਸ ਸੰਸਾਰ ਦਾ ਪਾਸਾਰਾ ਕਰਦਾ ਹੈ ਤੇ ਆਪ ਹੀ ਜਦੋਂ ਚਾਹੇ ਸਮੇਟ ਲੈਂਦਾ ਹੈ। ਇਸ ਤਰ੍ਹਾਂ ਸ੍ਰਿਸ਼ਟੀ ਬਣਦੀ ਬਿਨਸਦੀ ਰਹਿੰਦੀ ਹੈ, ਪਰ ਉਸ ਪਰਮੇਸ਼੍ਵਰ ਦੀ ਹੋਂਦ ਨਿਰੰਤਰ ਇਕੋ ਰੂਪ ਵਿਚ ਸਦਾ ਕਾਇਮ ਰਹਿੰਦੀ ਹੈ, ਉਹ—

*ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥*

(ਪੰਨਾ ੬)

ਹੈ। ਜਦੋਂ ਉਸਨੇ ਸ੍ਰਿਸ਼ਟੀ ਦੀ ਰਚਨਾ ਨਹੀਂ ਸੀ ਕੀਤੀ, ਜਦੋਂ ਨ ਚੰਦ, ਸੂਰਜ ਸੀ, ਨ ਧਰਤੀ, ਨ ਆਕਾਸ਼ ਅਤੇ ਨ ਪੌਣ ਪਾਣੀ ਸੀ, ਉਦੋਂ ਵੀ ਪ੍ਰਮਾਤਮਾ ਸੁੰਨ ਸਮਾਧਿ ਰੂਪ ਵਿਚ ਵਿਦਮਾਨ ਸੀ—

*ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥*
*ਨ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥*

(ਪੰਨਾ ੧੦੩੫)

ਇਸ 'ਸੁੰਨ' ਸ਼ਬਦ ਦਾ ਅਰਥ ਕੋਈ ਖਿਲਾਅ ਨਹੀਂ ਹੈ, ਇਹ ਤਾਂ ਸੁੰਨ ਸਮਾਧਿ ਰੂਪ ਵਿਚ ਪਰਮੇਸ਼ਰ ਆਪ ਬੈਠਾ ਹੈ। ਇਸੇ ਸੁੰਨ ਤੋਂ ਚੰਦ, ਸੂਰਜ ਅਤੇ ਹੋਰ ਸ੍ਰਿਸ਼ਟੀ ਪੈਦਾ ਹੋਈ ਹੈ ਅਤੇ ਉਸ ਪ੍ਰਮਾਤਮਾ ਦੀ ਜੋਤਿ ਤਿੰਨਾਂ ਲੋਕਾਂ ਵਿਚ ਹੀ ਸਮਾਈ ਹੋਈ ਹੈ—

*ਸੁੰਨਹੁ ਚੰਦੁ ਸੂਰਜੁ ਗੈਣਾਰੇ॥ ਤਿਸ ਕੀ ਜੋਤਿ ਤ੍ਰਿਭਵਣ ਸਾਰੇ॥*
*ਸੁੰਨੇ ਅਲਖ ਅਪਾਰ ਨਿਰਾਲਮੁ ਸੁੰਨੇ ਤਾੜੀ ਲਾਇਦਾ॥*

(ਪੰਨਾ ੧੦੩੭)

ਇਸ ਸੁੰਨ ਸ਼ਬਦ ਤੋਂ ਹੀ ਸ੍ਰਿਸ਼ਟੀ ਪੈਦਾ ਹੁੰਦੀ ਹੈ ਤੇ ਇਸੇ ਵਿਚ ਸਮਾ ਜਾਂਦੀ ਹੈ, ਜਿਵੇਂ ਸਮੁੰਦਰ ਵਿਚ ਲਹਿਰਾਂ ਪੈਦਾ ਹੁੰਦੀਆਂ ਹਨ ਅਤੇ ਉਸੇ ਵਿਚ ਸਮਾ ਜਾਂਦੀਆਂ ਹਨ—

*ਉਤਪਤਿ ਪਰਲਉ ਸਬਦੇ ਹੋਵੈ॥ ਸਬਦੇ ਹੀ ਫਿਰਿ ਓਪਤਿ ਹੋਵੈ॥*

(ਪੰਨਾ ੧੧੭)

ਸਮੁੰਦਰ ਵਿਚ ਪੈਦਾ ਹੋਈਆਂ ਇਹ ਲਹਿਰਾਂ, ਸਮੁੰਦਰ ਦਾ ਹਿੱਸਾ ਹੋਣ ਕਾਰਨ ਸਤਿ ਤਾਂ ਹਨ, ਪਰ ਇਨ੍ਹਾਂ ਦੀ ਸਮੁੰਦਰ ਤੋਂ ਵੱਖਰੀ ਤੇ ਆਜ਼ਾਦ ਹੋਂਦ ਇਕ ਭਰਮ ਹੀ ਹੈ। ਇਸੇ ਤਰ੍ਹਾਂ ਦਿਸਦੇ ਸੰਸਾਰ ਵਿਚ ਪਾਰਬ੍ਰਹਮ ਗੁਪਤ ਰੂਪ ਵਿਚ ਸਰਬ-ਵਿਆਪਕ ਹੋਣ ਕਾਰਨ ਸੰਸਾਰ ਸਤਿ ਤਾਂ ਹੈ, ਪਰ ਇਸਦੀ ਪਰਮੇਸ਼ਰ ਤੋਂ ਵੱਖਰੀ ਤੇ ਆਜ਼ਾਦ ਹੋਂਦ ਨਿਸਚੇ ਹੀ ਇਕ ਭਰਮ ਹੈ। ਇਹ ਭਰਮ ਹਉਮੈ ਕਾਰਨ ਪੈਦਾ ਹੁੰਦਾ ਹੈ। ਜਦ ਸੁੰਨ ਸ਼ਬਦ ਦੇ ਸਮੁੰਦਰ ਵਿਚ ਕਿਸੇ ਲਹਿਰ ਦੀ ਹਉਮੈ ਜਾਗਦੀ ਹੈ ਤਾਂ ਉਸ 'ਮੈਂ' ਦੀ ਸੁੰਨ ਸ਼ਬਦ ਵਿਚ ਅਭੇਦਤਾ ਖਤਮ ਹੋ ਜਾਂਦੀ ਹੈ ਤੇ ਇਸ ਤਰ੍ਹਾਂ ਸ੍ਰਿਸ਼ਟੀ ਦਾ ਆਰੰਭ ਹੁੰਦਾ ਹੈ। ਸ੍ਰਿਸ਼ਟੀ-ਰਚਨਾ ਬਾਰੇ ਗੁਰੂ ਨਾਨਕ ਦੇਵ ਜੀ 'ਸਿਧ ਗੋਸਟਿ' ਵਿਚ ਜੋਗੀਆਂ ਦੇ ਪ੍ਰਸ਼ਨ ਦੇ ਉੱਤਰ ਵਿਚ ਹਉਮੈ ਤੋਂ ਹੀ ਸ੍ਰਿਸ਼ਟੀ ਦੀ ਉਤਪਤੀ ਦੱਸਦੇ ਹਨ—

***ਕਿਤੁ ਕਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ॥***
***ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥***

*(ਪੰਨਾ ੯੪੬)*

ਸੁੰਨ ਸ਼ਬਦ ਤੋਂ ਸ੍ਰਿਸ਼ਟੀ ਦੀ ਰਚਨਾ ਹੋਣ ਨਾਲ ਸ਼ਬਦ ਦੀ ਨਿਰੰਤਰਤਾ ਭੰਗ ਨਹੀਂ ਹੁੰਦੀ, ਕੇਵਲ ਹਉਮੈ ਵੱਸ 'ਮੈਂ' ਦੀ ਲਿਵ ਟੁੱਟਣ ਕਾਰਨ ਉਸ 'ਮੈਂ' ਲਈ, ਇਸ ਸੁੰਨ ਸ਼ਬਦ ਦਾ ਨਿਰੰਤਰ ਅਨੁਭਵ ਖੰਡ ਖੰਡ ਹੋ ਕੇ ਬਿਖਰ ਜਾਂਦਾ ਹੈ ਇਹ ਹੀ ਸ੍ਰਿਸ਼ਟੀ ਹੈ। ਇਸ ਸ੍ਰਿਸ਼ਟੀ ਵਿਚ, ਜਿਥੇ ਚੰਦ, ਸੂਰਜ, ਤਾਰੇ, ਪੌਣ ਪਾਣੀ, ਬਿਨਾਂ ਕਿਸੇ ਬਾਹਰੀ ਦਖਲ ਦੇ ਚੱਲ ਰਹੇ ਹਨ, ਉਥੇ ਪਾਰਬ੍ਰਹਮ ਵੀ ਅਨਹਦ ਸ਼ਬਦ ਰੂਪ ਵਿਚ ਸਰਬ-ਵਿਆਪਕ ਹੈ। ਗੁਰੂ ਨਾਨਕ ਦੇਵ ਜੀ ਬਚਨ ਕਰਦੇ ਹਨ—

***ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ***
***ਤਾਰਿਕਾ ਮੰਡਲ ਜਨਕ ਮੋਤੀ॥***
***ਧੂਪੁ ਮਲਆਨਲੋ ਪਵਣੁ ਚਵਰੋ ਕਰੇ***
***ਸਗਲ ਬਨਰਾਇ ਫੂਲੰਤ ਜੋਤੀ॥***
***ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ॥***
***ਅਨਹਤਾ ਸਬਦ ਵਾਜੰਤ ਭੇਰੀ॥***

*(ਪੰਨਾ ੬੬੩)*

ਜੀਵਾਤਮਾ ਨੂੰ ਪਰਮਾਤਮਾ ਤੋਂ ਵੱਖਰੀ ਤੇ ਆਜ਼ਾਦ ਹੋਂਦ ਦਾ ਹਉਮੈ ਦੁਆਰਾ ਪਾਇਆ ਗਿਆ ਭਰਮ ਦੂਰ ਕਰਕੇ, ਉਸ ਪਰਮ ਸਤੱ ਵਿਚ ਸਮਾ ਜਾਣਾ ਹੀ ਮਨੁੱਖ-ਜਨਮ ਦਾ ਮਨੋਰਥ ਹੈ। ਕੇਵਲ ਮਨੁਖ ਜਨਮ ਵਿਚ ਹੀ ਪ੍ਰਮਾਤਮਾ ਵਿਚ ਲੀਨ ਹੋਣ

ਲਈ, ਯਤਨ ਜਾਂ ਉੱਦਮ ਕੀਤਾ ਜਾ ਸਕਦਾ ਹੈ, ਇਸੇ ਲਈ ਇਹ ਜਨਮ ਵਡਮੁੱਲਾ ਹੈ। ਜਦੋਂ ਮਨੁਖ, ਜਨਮ ਤੋਂ ਪਹਿਲਾਂ ਅਜੇ ਗਰਭ ਵਿਚ ਹੁੰਦਾ ਹੈ ਤਾਂ ਉਸਦੀ ਲਿਵ ਪ੍ਰਮਾਤਮਾ ਵਿਚ ਲੱਗੀ ਹੁੰਦੀ ਹੈ, ਪਰ ਸੰਸਾਰ ਵਿਚ ਆ ਕੇ ਅਕਾਲ ਪੁਰਖ ਨੂੰ ਮਨੋ ਵਿਸਾਰ ਦਿੰਦਾ ਹੈ। ਭਗਤ ਬੇਣੀ ਜੀ ਦਾ ਬਚਨ ਹੈ—

***ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ॥***
***ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ ਨਾ ਗਾ॥***
***ਤੇ ਦਿਨ ਸੰਮਲੁ ਕਸਟ ਮਹਾ ਦੁਖ ਅਬ ਚਿਤੁ ਅਧਿਕ ਪਸਾਰਿਆ॥***
***ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ ਨਰਹਿਰ ਮਨਹੁ ਬਿਸਾਰਿਆ॥***

*(ਪੰਨਾ ੯੩)*

ਇਸੇ ਤਰ੍ਹਾਂ ਦੇ ਭਾਵ ਗੁਰੂ ਅਮਰਦਾਸ ਜੀ ਵੀ ਅਨੰਦੁ ਸਾਹਿਬ ਦੀ ਬਾਣੀ ਵਿਚ ਪ੍ਰਗਟਾਉਂਦੇ ਹਨ—

***ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥***
***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥***

*(ਪੰਨਾ ੯੨੧)*

ਸੰਸਾਰ ਵਿਚ ਆ ਕੇ, ਹਉਮੈ, ਤ੍ਰਿਸ਼ਨਾ ਅਤੇ ਮੋਹ ਮਾਇਆ ਵੱਸ, ਜੀਵ ਦੀ ਬ੍ਰਹਮ ਤੋਂ ਲਿਵ ਟੁੱਟ ਜਾਂਦੀ ਹੈ। ਇਸ ਲਿਵ ਨੂੰ ਦੋਬਾਰਾ ਜੋੜ ਕੇ ਉਸੇ ਵਿਚ ਫਿਰ ਸਮਾ ਜਾਣਾ ਹੀ ਮਨੁਖ ਜਨਮ ਦਾ ਲਕਸ਼ ਹੈ—

***ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥***

*(ਪੰਨਾ ੨੭੮)*

ਪਾਰਬ੍ਰਹਮ ਦੀ ਇਹ ਜੋਤਿ ਨਿਰਗੁਣ, ਸਰਗੁਣ ਅਤੇ ਸ਼ਬਦ ਤਿੰਨਾਂ ਰੂਪਾਂ ਵਿਚ ਸੰਸਾਰ ਵਿਚ ਵਰਤ ਰਹੀ ਹੈ—

***ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥***
***ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥***

*(ਪੰਨਾ ੨੯੦)*

ਭਾਈ ਗੁਰਦਾਸ ਨੇ ਪਾਰਬ੍ਰਹਮ ਦੇ ਤਿੰਨਾਂ ਰੂਪਾਂ ਦਾ ਵਰਣਨ ਇਉਂ ਕੀਤਾ ਹੈ—

***ਪਾਰਬ੍ਰਹਮ ਪੂਰਨ ਬ੍ਰਹਮ ਸ਼ਬਦ ਸੁਰਤ ਸਤਿਗੁਰ ਗੁਰ ਚੇਲਾ॥***

*(ਵਾਰ ੧੨)*

ਇਸ ਵਿਚਾਰ ਦੀ ਪੁਸ਼ਟੀ ਸਿੱਖ ਇਤਿਹਾਸ ਵਿਚ ਵੀ ਹੋ ਜਾਂਦੀ ਹੈ। ਗੁਰੂ ਗੋਬਿੰਦ

ਸਿੰਘ ਜੀ ਨੇ ਭਾਈ ਨੰਦ ਲਾਲ ਦੇ ਪ੍ਰਸ਼ਨ ਦੇ ਉੱਤਰ ਵਿਚ ਇਹੀ ਗੱਲ ਦ੍ਰਿੜ੍ਹ ਕਰਵਾਈ ਸੀ—

***ਤੀਨ ਰੂਪ ਹੈ ਮੋਹ ਕੇ ਸੁਣੋ ਨੰਦ ਚਿਤ ਲਾਏ॥***
***ਨਿਰਗੁਣ ਸਰਗੁਣ ਗੁਰ ਸ਼ਬਦ ਕਹੋਂ ਤੋਹਿ ਸਮਝਾਏ॥***

*(ਪ੍ਰਸ਼ਨ ਉੱਤਰ ਭਾਈ ਨੰਦ ਲਾਲ ਜੀ)*

ਇਸੇ ਸ਼ਬਦ ਰੂਪ ਬ੍ਰਹਮ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣਾ ਗੁਰੂ ਮੰਨਿਆ ਹੈ ਜਦੋਂ ਸਿੱਧਾਂ ਨੇ ਪ੍ਰਸ਼ਨ ਕੀਤਾ ਕਿ ਤੁਹਾਡਾ ਗੁਰੂ ਕੌਣ ਹੈ ਤੇ ਤੁਸੀਂ ਕਿਸ ਦੇ ਚੇਲੇ ਹੋ? ਤਾਂ ਗੁਰੂ ਨਾਨਕ ਦੇਵ ਜੀ ਦਾ ਉੱਤਰ ਸੀ—

***ਸਬਦੁ ਗੁਰੂ ਸੁਰਤਿ ਧੁਨਿ ਚੇਲਾ॥*** *(ਪੰਨਾ ੯੪੩)*

ਤੇ ਜਦੋਂ ਪੁੱਛਿਆ ਗਿਆ ਕਿ ਇਸ ਸ਼ਬਦ ਦਾ ਵਾਸ ਕਿੱਥੇ ਹੈ? ਤਾਂ ਗੁਰੂ ਨਾਨਕ ਦੇਵ ਜੀ ਨੇ ਉਸ ਸ਼ਬਦ ਨੂੰ ਸਭ ਥਾਂ ਵਿਆਪਕ ਦੱਸਿਆ—

***ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ॥***

*(ਪੰਨਾ ੯੪੪)*

ਸ਼ਬਦ ਨਾਲ ਹੀ ਸ੍ਰਿਸ਼ਟੀ ਦੀ ਸਾਜਨਾ ਹੋਈ—

***ਕੀਤਾ ਪਸਾਉ ਏਕੋ ਕਵਾਉ॥*** *(ਪੰਨਾ ੩)*

ਤੇ ਸ਼ਬਦ ਹੀ ਸੂਖਮ ਰੂਪ ਵਿਚ ਸ੍ਰਿਸ਼ਟੀ ਵਿਚ ਵਿਆਪਕ ਹੋ ਗਿਆ। ਜਲ ਥਲ ਵਿਚ ਜੋ ਗੁਪਤ ਰੂਪ ਵਿਚ ਵਿਆਪਕ ਹੈ, ਉਸਨੂੰ ਗੁਰ-ਸ਼ਬਦ ਦੁਆਰਾ ਹੀ ਲਿਖਿਆ ਜਾ ਸਕਦਾ ਹੈ—

***ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ॥***

*(ਪੰਨਾ ੫੯੭)*

ਸ਼ਬਦ ਦੋ ਪ੍ਰਕਾਰ ਦਾ ਮੰਨਿਆ ਗਿਆ ਹੈ—ਆਹਤ ਅਤੇ ਅਨਾਹਤ। ਦੋ ਵਸਤੂਆਂ ਦੇ ਪਰਸਪਰ ਟਕਰਾਉ ਤੋਂ ਪੈਦਾ ਹੋਇਆ ਸ਼ਬਦ, ਆਹਤ ਹੈ ਅਤੇ ਇਹ ਆਵਾਜ਼, ਧੁਨੀ ਜਾਂ ਬੋਲ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਜਦੋਂ ਇਹ ਧੁਨੀ ਨਾਦ ਜਾਂ ਸਰੋਦ ਆਪਣੇ ਆਪ ਪੈਦਾ ਹੁੰਦਾ ਹੈ ਅਤੇ ਨਿਰੰਤਰ ਚੱਲਦਾ ਰਹਿੰਦਾ ਹੈ ਤਾਂ ਇਹ ਅਨਾਹਤ ਸ਼ਬਦ ਹੈ। ਅਨਹਦ ਸ਼ਬਦ, ਅਨਹਦ ਨਾਦ, ਧੁਨਿ, ਅਨਹਦ ਧੁਨੀ, ਪੰਚ ਸ਼ਬਦ, ਅਨਹਤ, ਅਨਾਹਤ, ਕਿੰਗਰੀ ਅਤੇ ਦਸਮ ਦੁਆਰ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਰ ਬਾਰ ਆਉਂਦਾ ਹੈ। ਜਗਿਆਸੂ ਜਦੋਂ ਸਹਿਜ ਸਮਾਧੀ ਵਿਚ ਲੀਨ ਹੋ ਕੇ, ਅਭਿਆਸ ਦੁਆਰਾ, ਵਿਸਮਾਦੀ ਅਵਸਥਾ ਵਿਚ ਪਹੁੰਚ ਕੇ ਜੋ ਅਨਾਹਤ ਨਾਦ ਵਜਦੇ ਅਨੁਭਵ ਕਰਦਾ ਹੈ, ਇਹ ਹੀ ਗੁਰਮਤਿ ਅਨੁਸਾਰ ਅਨਾਹਤ ਸ਼ਬਦ ਹੈ।

ਉਸ ਅਵਸਥਾ ਵਿਚ ਇਹ ਸ਼ਬਦ, ਨਿਰੰਤਰ ਚਲਦਾ ਰਹਿੰਦਾ ਹੈ। ਅਨਾਹਤ ਸ਼ਬਦ ਨੂੰ ਸੁਰਤਿ ਦੁਆਰਾ ਅਨੁਭਵ ਹੀ ਕੀਤਾ ਜਾ ਸਕਦਾ ਹੈ। ਸੁਰਤੀ ਦਾ ਮਾਰਗ 'ਰਾਈ ਦਸੁਏਂ ਭਾਇਦਾ' ਹੈ। ਇਸ ਮਾਰਗ 'ਤੇ ਸਰੀਰ ਨਹੀਂ ਜਾ ਸਕਦਾ, ਕੇਵਲ ਸੁਰਤ ਜਾ ਸਕਦੀ ਹੈ। ਸੁਰਤ ਨੂੰ ਅਨਹਦ ਸ਼ਬਦ ਦਾ ਇਹ ਅਨੁਭਵ ਕਿਵੇਂ ਹੁੰਦਾ ਹੈ? ਗੁਰੂ, ਗੁਰੂ ਦਾ ਸ਼ਬਦ ਅਤੇ ਗੁਰ ਸ਼ਬਦ ਦੀ ਵੀਚਾਰ, ਇਸ ਕੰਮ ਵਿਚ ਸਹਾਈ ਹੋ ਸਕਦੇ ਹਨ। ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ—

***ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ॥***
***ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ॥***

*(ਪੰਨਾ ੨੧)*

ਗੁਰ ਸ਼ਬਦ ਦੀ ਵੀਚਾਰ ਦੁਆਰਾ ਹਉਮੈ ਦਾ ਵਿਨਾਸ਼ ਕਰਕੇ ਹੀ ਅਨਹਦ ਸ਼ਬਦ ਪਾਇਆ ਜਾ ਸਕਦਾ ਹੈ। ਗੁਰ ਸ਼ਬਦ ਹੀ ਅਨਹਦ ਬਾਣੀ ਹੈ ਅਤੇ ਇਸ ਅਨਹਦ ਬਾਣੀ ਦੀ ਕੁੰਜੀ ਸੰਤਾਂ ਦੇ ਹੱਥ ਵਿਚ ਹੈ—

***ਅਨਹਦ ਬਾਣੀ ਪੂੰਜੀ॥ ਸੰਤਨ ਹਥਿ ਰਾਖੀ ਕੂੰਜੀ॥***

*(ਪੰਨਾ ੮੯੩)*

ਇਸ ਲਈ ਸਤਿ ਸੰਗਤ ਦੁਆਰਾ ਸਰੀਰ ਦੇ ਨੌਂ ਦਰਵਾਜੇ ਜਾਂ ਗਿਆਨ-ਇੰਦਰੇ, ਜਿਨ੍ਹਾਂ ਰਾਹੀਂ ਬਾਹਰਲੀ ਦੁਨੀਆਂ ਨਾਲ ਜੀਵ ਦਾ ਸੰਬੰਧ ਜੁੜਿਆ ਹੋਇਆ ਹੈ, ਨੂੰ ਰੋਕ ਕੇ ਰੱਖਣਾ ਹੈ ਕਿਉਂਕਿ ਇਨ੍ਹਾਂ ਇੰਦਰੀਆਂ ਕਾਰਨ ਹੀ, ਮਨ ਵਿਕਾਰਾਂ ਵਿਚ ਪੈ ਕੇ ਇਧਰ ਉਧਰ ਦੌੜਦਾ ਹੈ, ਮਨ ਨੂੰ ਇਨ੍ਹਾਂ ਤੋਂ ਰੋਕ ਕੇ ਹੀ ਦਸਵੇਂ ਦੁਆਰ ਤਕ ਪਹੁੰਚ ਹੋ ਸਕਦੀ ਹੈ ਤੇ ਨਿਜ ਘਰ ਵਿਚ ਵਾਸਾ ਹੋ ਸਕਦਾ ਹੈ, ਫਿਰ ਉਥੇ ਅਨਹਦ ਸ਼ਬਦ ਵਜਦੇ ਹਨ ਤੇ ਵਿਸਮਾਦ ਤਾਰੀ ਹੋ ਜਾਂਦਾ ਹੈ—

***ਨਉ ਦਰ ਠਾਕੇ ਧਾਵਤ ਰਹਾਏ॥ ਦਸਵੈ ਨਿਜ ਘਰਿ ਵਾਸਾ ਪਾਏ॥***
***ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ॥***

*(ਪੰਨਾ ੧੨੪)*

ਅਨਹਦ ਨਾਦ ਦਾ ਇਹ ਸੁਆਦ ਅੰਦਰੋਂ ਹੀ ਮਿਲਣਾ ਹੈ ਬਾਹਰੋਂ ਨਹੀਂ—

***ਘਰ ਹੀ ਮਹਿ ਅੰਮ੍ਰਿਤੁ ਭਰਪੂਰ ਹੈ ਮਨਮੁਖਾ ਸਾਦੁ ਨ ਪਾਇਆ॥***

*(ਪੰਨਾ ੬੪੪)*

ਗੁਰੂ ਦੇ ਉਪਦੇਸ਼ ਅਨੁਸਾਰ ਨਾਮ ਜਪ ਕੇ ਅਤੇ ਸਤਿ ਸੰਗਤ ਕਰਕੇ ਅੰਦਰ ਹੀ ਜੋ ਅੰਮ੍ਰਿਤ ਭਰਭੂਰ ਹੈ, ਉਸਦਾ ਆਨੰਦ ਲਿਆ ਜਾ ਸਕਦਾ ਹੈ—

***ਰੁਣ ਝੁਣੋ ਸਬਦੁ ਅਨਾਹਦੁ ਨਿਤ ਉਠਿ ਗਾਈਐ ਸੰਤਨ ਕੈ॥***

***ਕਿਲਵਿਖ ਸਭਿ ਦੋਖ ਬਿਨਾਸਨੁ ਹਰਿ ਨਾਮੁ ਜਪੀਐ ਗੁਰ ਮੰਤ੍ਰਨ ਕੈ॥***

(ਪੰਨਾ ੯੨੫)

ਸਤਿ ਸੰਗਤ ਵਿਚ ਹੀ ਨਾਮ ਦੀ ਅੰਮ੍ਰਿਤ ਬਰਖਾ ਹੁੰਦੀ ਹੈ—

***ਤਹ ਗੀਤ ਨਾਦ ਅਖਾਰੇ ਸੰਗਾ॥***
***ਊਹਾ ਸੰਤ ਕਰਹਿ ਹਰਿ ਰੰਗਾ॥***
***ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ॥***
***ਸਾਚ ਨਾਮ ਕੀ ਅੰਮ੍ਰਿਤ ਬਰਖਾ॥ ੩॥***
***ਗੁਹਜ ਕਥਾ ਇਹ ਗੁਰ ਤੇ ਜਾਣੀ॥***
***ਨਾਨਕ ਬੋਲੈ ਹਰਿ ਹਰਿ ਬਾਣੀ॥***

(ਪੰਨਾ ੭੩੯)

ਗੁਰਬਾਣੀ ਵਿਚ ਨਾਮ-ਸਿਮਰਣ ਅਤੇ ਸਤਿ ਸੰਗਤ ਤੋਂ ਬਿਨਾਂ, ਅਨਹਦ ਨਾਦ ਸੁਣਨ ਲਈ ਕੀਤੇ ਜਾਂਦੇ ਦੂਜੇ ਯਤਨਾਂ ਦਾ ਖੰਡਨ ਕੀਤਾ ਗਿਆ ਹੈ। ਨਾਥ ਜੋਗੀਆਂ ਅਨੁਸਾਰ ਪ੍ਰਾਣਾਯਾਮ ਸਾਧਨ ਨਾਲ ਦਸਵੇਂ ਦੁਆਰ ਵਿਚ ਪੰਚ ਸ਼ਬਦ— ਸੰਖ, ਮ੍ਰਿਦੰਗ, ਕਿੰਗਾਰੀ, ਮੁਰਲੀ ਅਤੇ ਵੀਣਾ ਸੁਣਾਈ ਦਿੰਦੇ ਹਨ। ਪਰ ਗੁਰਮਤਿ ਵਿਚ ਇਨ੍ਹਾਂ ਸਾਧਨਾਂ ਨੂੰ ਪਰਵਾਨ ਨਹੀਂ ਕੀਤਾ ਗਿਆ। ਜੋਗੀ ਨਾਦ ਰਾਹੀਂ ਮਨ ਨੂੰ ਬਿਰਤੀਹੀਨ ਕਰ ਲੈਂਦੇ ਹਨ। ਇਸ ਹਠਯੋਗ ਦੀ ਸਾਧਨਾਂ ਨਾਲ ਉਹ ਲੰਮੀ ਉਮਰ ਤਾਂ ਕਰ ਲੈਂਦੇ ਹਨ ਪਰ ਅਨਹਦ ਸ਼ਬਦ ਦੇ ਅਨੁਭਵ ਤੋਂ ਸੱਖਣੇ ਹੀ ਰਹਿੰਦੇ ਹਨ। ਜੋਗੀਆਂ ਦੇ ਕਿੰਗਰੀ ਵਜਾ ਕੇ ਧਿਆਨ ਲਾਉਣ ਦੀ ਵਿਧੀ ਦਾ ਖੰਡਨ ਕਰਦੇ ਹੋਏ ਗੁਰੂ ਅਮਰਦਾਸ ਜੀ ਬਚਨ ਕਰਦੇ ਹਨ—

***ਇਤੁ ਕਿੰਗੁਰੀ ਧਿਆਨੁ ਨ ਲਾਗੈ ਜੋਗੀ ਨਾ ਸਚੁ ਪਲੈ ਪਾਇ॥***
***ਇਤੁ ਕਿੰਗੁਰੀ ਸਾਂਤਿ ਨ ਆਵੈ ਜੋਗੀ ਅਭਿਮਾਨੁ ਨ ਵਿਚਹੁ ਜਾਇ॥***

(ਰਾਮਕਲੀ ਮ: ੩, ਪੰਨਾ ੯੦੮)

ਅਤੇ ਜੋਗੀਆਂ ਨੂੰ ਐਸੀ ਕਿੰਗਰੀ ਵਜਾਉਣ ਦਾ ਉਪਦੇਸ਼ ਹਜ਼ੂਰ ਨੇ ਕੀਤਾ ਹੈ ਜੋ ਹਰਿ ਦੀ ਲਿਵ ਵਿਚ ਲੀਨ ਹੋ ਕੇ ਆਪੇ ਵੱਜੇ—

***ਐਸੀ ਕਿੰਗੁਰੀ ਵਜਾਇ ਜੋਗੀ॥***
***ਜਿਤੁ ਕਿੰਗੁਰੀ ਅਨਹਦੁ ਵਾਜੈ ਹਰਿ ਸਿਉ ਰਹੈ ਲਿਵ ਲਾਇ॥***

(ਪੰਨਾ ੯੦੮)

ਐਸੀ ਕਿੰਗਰੀ ਨਾਲ ਹੀ ਮੁਕਤੀ ਪ੍ਰਾਪਤ ਕਰਕੇ ਸਾਚੇ ਵਿਚ ਸਮਾਇਆ ਜਾ

ਸਕਦਾ ਹੈ—

***ਵਿਣੁ ਵਜਾਈ ਕਿੰਗੁਰੀ ਵਾਜੈ ਜੋਗੀ ਸਾ ਕਿੰਗੁਰੀ ਵਜਾਇ॥***
***ਕਹੈ ਨਾਨਕ ਮੁਕਤਿ ਹੋਵਹਿ ਜੋਗੀ ਸਾਚੇ ਰਹਹਿ ਸਮਾਇ॥***

*(ਪੰਨਾ ੯੦੯)*

ਗੁਰੂ ਨਾਨਕ ਦੇਵ ਜੀ ਵੀ ਭਰਥਰੀ ਜੋਗੀ ਨੂੰ ਉਪਦੇਸ਼ ਕਰਦੇ ਹੋਏ ਬਚਨ ਕਰਦੇ ਹਨ—

***ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ॥***
***ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ॥***

*(ਪੰਨਾ ੩੬੦)*

ਬਿਨ ਵਜਾਏ ਜੋ ਕਿੰਗਰੀ ਹਰਦਮ ਵੱਜ ਰਹੀ ਹੈ ਉਸਦਾ ਅਨੁਭਵ ਭਗਤ ਨੂੰ ਉਦੋਂ ਹੁੰਦਾ ਹੈ ਜਦੋਂ ਭਗਤ ਤੇ ਭਗਵਾਨ ਵਿਚ ਕੋਈ ਭੇਦ ਨਹੀਂ ਰਹਿ ਜਾਂਦਾ। ਭਗਤ ਨਾਮ ਦੇਵ ਜੀ ਆਪਣੇ ਅਜਿਹੇ ਅਨੁਭਵ ਦਾ ਪ੍ਰਗਟਾਅ ਸੋਰਠਿ ਰਾਗ ਦੀ ਆਪਣੀ ਬਾਣੀ ਵਿਚ ਕਰ ਰਹੇ ਹਨ—

***ਅਣਮੜਿਆ ਮੰਦਲੁ ਬਾਜੈ॥ ਬਿਨੁ ਸਾਵਣ ਘਨਹਰੁ ਗਾਜੈ॥***
***ਬਾਦਲ ਬਿਨੁ ਬਰਖਾ ਹੋਈ॥ ਜਉ ਤਤੁ ਬਿਚਾਰੈ ਕੋਈ॥***
***ਮੋ ਕਉ ਮਿਲਿਓ ਰਾਮੁ ਸਨੇਹੀ॥ ਜਿਹ ਮਿਲਿਐ ਦੇਹ ਸੁਦੇਹੀ॥***

*(ਪੰਨਾ ੬੫੭)*

ਇਸ ਸ਼ਬਦ ਵਿਚ ਭਗਤ ਨਾਮ ਦੇਵ ਜੀ ਪ੍ਰਭੂ ਮਿਲਾਪ ਦੀ ਉਸ ਅਵਸਥਾ ਦਾ ਵਰਣਨ ਕਰਦੇ ਹਨ ਜਦੋਂ ਰਾਮ ਸਨੇਹੀ ਦੇ ਮਿਲਣ ਨਾਲ ਉਹ ਆਨੰਦਮਈ ਅਵਸਥਾ ਨੂੰ ਪ੍ਰਾਪਤ ਹੋਏ ਸਨ। ਜਿਹੜਾ ਵੀ ਕੋਈ ਮਨੁਖ, ਇਸ ਤੱਤ ਨੂੰ ਸਮਝਕੇ ਇਸ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ ਉਸਦੇ ਅੰਦਰ ਮਾਨੋ, ਅਣਮੜਿਆਂ ਢੋਲ ਵੱਜਣ ਲੱਗ ਪੈਂਦਾ ਹੈ, ਭਾਵ ਉਸਨੂੰ ਅਨਹਦ ਧੁਨੀ ਨਿਰੰਤਰ ਸੁਣਦੀ ਅਨੁਭਵ ਹੁੰਦੀ ਹੈ ਅਤੇ ਸਾਵਣ ਦੇ ਬੱਦਲਾਂ ਦੀ ਗਰਜ ਨਾਲ ਮੋਰ ਦੇ ਪਾਇਲ ਪਾਉਣ ਵਾਂਗ, ਉਸਦਾ ਮਨ ਖੇੜੇ ਦੀ ਅਵਸਥਾ ਵਿਚ ਨੱਚਣ ਲੱਗ ਪੈਂਦਾ ਹੈ। ਇਸੇ ਆਨੰਦਮਈ ਅਵਸਥਾ ਦਾ ਵਰਣਨ ਗੁਰੂ ਅਮਰਦਾਸ ਜੀ ਇਉਂ ਕਰਦੇ ਹਨ—

***ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥***

ਅਤੇ

***ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ॥*** *(ਪੰਨਾ ੯੧੭)*

ਅਜਿਹੇ ਸੁਭਾਗ ਹਿਰਦੇ ਵਿਚ ਪੰਚ ਸ਼ਬਦ ਆਪ ਮੁਹਾਰੇ ਵੱਜਦੇ ਹਨ। ਪੰਚ ਸ਼ਬਦ ਵੱਜਣੇ, ਅਨਹਦ ਧੁਨੀ ਅਨੁਭਵ ਕਰਨਾ ਜਾਂ ਦਸਮ ਦੁਆਰ ਦਾ ਖੁਲ੍ਹਣਾ, ਇਕੋ ਹੀ ਉਚ ਆਤਮਕ ਅਵਸਥਾ ਦੇ ਸੂਚਕ ਹਨ। ਇਸੇ ਅਵਸਥਾ ਦਾ ਵਰਣਨ ਗੁਰੂ ਅਰਜਨ ਦੇਵ ਜੀ ਇਸ ਤਰ੍ਹਾਂ ਕਰਦੇ ਹਨ—

*ਮਾਈ ਰੀ ਪੇਖਿ ਰਹੀ ਬਿਸਮਾਦ॥*
*ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ॥*

(ਪੰਨਾ ੧੨੨੬)

ਇਹ ਧੁਨੀ ਮਨ ਨੂੰ ਮੋਹ ਲੈਣ ਵਾਲੀ ਹੁੰਦੀ ਹੈ ਅਤੇ ਇਸਦਾ ਜੋ ਅਚਰਜ ਸੁਆਦ ਹੈ, ਉਹ ਗੁੰਗੇ ਦੇ ਮਠਿਆਈ ਖਾਣ ਵਾਂਗ, ਅਨੁਭਵ ਹੀ ਕੀਤਾ ਜਾ ਸਕਦਾ ਹੈ, ਬਿਆਨ ਨਹੀਂ ਕੀਤਾ ਜਾ ਸਕਦਾ—

*ਸੁੰਨ ਸਮਾਧਿ ਅਨਹਤ ਤਹ ਨਾਦ॥ ਕਹਨੁ ਨ ਜਾਈ ਅਚਰਜ ਬਿਸਮਾਦ॥*

(ਪੰਨਾ ੨੯੩)

ਇਸੇ ਆਨੰਦ ਦੀ ਅਵਸਥਾ ਦਾ ਵਰਣਨ ਗੁਰੂ ਅਰਜਨ ਦੇਵ ਜੀ ਨੇ ਆਸਾ ਰਾਗ ਵਿਚ ਵੀ ਕੀਤਾ ਹੈ—

*ਪੰਚ ਸਖੀ ਮਿਲਿ ਮੰਗਲੁ ਗਾਇਆ॥*
*ਅਨਹਦ ਬਾਣੀ ਨਾਦੁ ਵਜਾਇਆ॥੩॥*
*ਗੁਰੁ ਨਾਨਕੁ ਤੁਠਾ ਮਿਲਿਆ ਹਰਿ ਰਾਇ॥*
*ਸੁਖਿ ਰੈਣਿ ਵਿਹਾਣੀ ਸਹਿਜ ਸੁਭਾਇ॥*

(ਪੰਨਾ ੩੭੫)

ਗੁਰੂ ਨਾਨਕ ਦੇਵ ਜੀ ਇਹ ਹੀ ਧਰਮ ਦ੍ਰਿੜ੍ਹ ਕਰਨ ਲਈ ਉਪਦੇਸ਼ ਕਰਦੇ ਹਨ—

*ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥*
*ਅਨਹਦਿ ਰਾਤਾ ਏਕ ਲਿਵ ਤਾਰ॥ਓਹੁ ਗੁਰਮੁਖਿ ਪਾਵੈ ਅਲਖ ਅਪਾਰ॥*

(ਪੰਨਾ ੧੧੮੮)

ਜੋ ਸਾਧਕ, ਅਨਹਦ ਵਿਚ ਨਿਰੰਤਰ ਰੱਤਾ ਰਹਿੰਦਾ ਹੈ, ਉਹ ਐਸੀ ਅਵਸਥਾ ਨੂੰ ਪਹੁੰਚ ਜਾਂਦਾ ਹੈ, ਜਿਥੇ—

*ਜਹ ਝਿਲਿ ਮਿਲਿ ਕਾਰੁ ਦਿਸੰਤਾ॥ ਤਹ ਅਨਹਦ ਸਬਦ ਬਜੰਤਾ॥*

(ਪੰਨਾ ੬੫੭)

ਇਸਨੂੰ ਉਨਮਨ, ਵਿਸਮਾਦ ਜਾਂ ਸਰੂਰ ਦੀ ਅਵਸਥਾ ਕਹਿੰਦੇ ਹਨ। ਇਸ ਅਵਸਥਾ 'ਤੇ ਪਹੁੰਚ ਕੇ ਸਾਰੇ ਅੰਤਰ ਮਿਟ ਜਾਂਦੇ ਹਨ। ਭਗਤ ਅਤੇ ਭਗਵਾਨ ਇਕੋ ਹੋ ਜਾਂਦੇ ਹਨ। ਜਨਮ ਮਰਨ ਤੋਂ ਰਹਿਤ ਹੋ ਕੇ ਗੁਰਮੁਖ ਸ਼ਬਦ ਵਿਚ ਸਮਾ ਜਾਂਦਾ ਹੈ।

***ਗੁਰਮੁਖਿ ਮਰੈ ਨ ਜਨਮੈ ਗੁਰਮੁਖਿ ਗੁਰਮੁਖਿ ਸਬਦਿ ਸਮਾਹਾ ਹੇ॥***

*(ਪੰਨਾ ੧੦੫੪)*

★ ★ ★

# ਗੁਰਬਾਣੀ ਵਿਚ ਹੁਕਮ ਦਾ ਸੰਕਲਪ

ਗੁਰਬਾਣੀ ਵਿਚ ਹੁਕਮ ਤੋਂ ਭਾਵ ਪਰਮਾਤਮਾ ਦਾ ਹੁਕਮ ਹੈ। ਰਜ਼ਾ ਅਤੇ ਭਾਣਾ ਸ਼ਬਦ ਵੀ ਗੁਰਬਾਣੀ ਵਿਚ ਵਾਹਿਗੁਰੂ ਦੇ ਹੁਕਮ ਲਈ ਵਰਤੇ ਗਏ ਹਨ, ਜਿਵੇਂ ਗੁਰੂ ਅਮਰਦਾਸ ਜੀ ਦਾ ਫ਼ੁਰਮਾਨ ਹੈ—

*ਸਦਾ ਬਿਲਾਵਲੁ ਅਨੰਦੁ ਹੈ ਜੇ ਚਲਹਿ ਸਤਿਗੁਰ ਭਾਇ॥*

(ਪੰਨਾ ੮੪੯)

ਅਰਥਾਤ ਸਤਿਗੁਰੂ ਦੇ ਭਾਣੇ ਜਾਂ ਹੁਕਮ ਵਿਚ ਚੱਲਣ ਨਾਲ ਸਦਾ ਆਨੰਦ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਨੇ ਰਜ਼ਾ ਸ਼ਬਦ ਵੀ ਕਈ ਵਾਰ ਆਪਣੀ ਬਾਣੀ ਵਿਚ ਵਰਤਿਆ ਹੈ, ਜਿਵੇਂ—

*ਹੁਕਮਿ ਸੰਜੋਗੀ ਆਇਆ ਚਲੁ ਸਦਾ ਰਜਾਈ॥*

(ਪੰਨਾ ੪੨੧)

ਇਸ ਸੰਸਾਰ ਵਿਚ ਜੋ ਕੁਝ ਹੋ ਰਿਹਾ ਹੈ, ਪਰਮੇਸ਼ਰ ਦੀ ਰਜ਼ਾ ਜਾਂ ਉਸਦੇ ਭਾਣੇ ਵਿਚ ਹੋ ਰਿਹਾ ਹੈ। ਪ੍ਰਮਾਤਮਾ ਦੇ ਹੁਕਮ ਵਿਚ ਹੀ ਸ੍ਰਿਸ਼ਟੀ ਦੀ ਸਾਜਨਾ ਹੋਈ—

*ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ॥*
*ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ॥*

(ਪੰਨਾ ੫੦੯)

ਸੰਸਾਰ ਦੀ ਸਾਰੀ ਕਾਰ, ਹੁਕਮ ਵਿਚ ਹੀ ਹੋ ਰਹੀ ਹੈ। ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ—

*ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ॥*
*ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ॥*

(ਪੰਨਾ ੫੫)

ਮਨੁਖ ਸੰਸਾਰ ਵਿਚ, ਉਸਦੇ ਹੁਕਮ ਨਾਲ ਹੀ ਜਨਮ ਲੈਂਦਾ ਹੈ, ਜਿਵੇਂ ਗੁਰਵਾਕ ਹੈ—

*ਹੁਕਮੈ ਅੰਦਰਿ ਨਿੰਮਿਆ ਪਿਆਰੇ ਹੁਕਮੈ ਉਦਰ ਮਝਾਰਿ॥*
*ਹੁਕਮੈ ਅੰਦਰਿ ਜੰਮਿਆ ਪਿਆਰੇ ਊਧਉ ਸਿਰ ਕੈ ਭਾਰਿ॥*

(ਪੰਨਾ ੬੩੬)

ਅਤੇ ਜਿੰਨੀ ਦੇਰ ਇਸ ਸੰਸਾਰ ਵਿਚ ਮਨੁਖ ਵਿਚਰਦਾ ਹੈ, ਉਸਦੇ ਹੁਕਮ ਵਿਚ ਹੀ ਵਿਚਰਦਾ ਹੈ। ਗੁਰੂ ਨਾਨਕ ਦੇਵ ਜੀ, ਬਾਣੀ ਵਿਚ ਸਪਸ਼ਟ ਕਰਦੇ ਹਨ ਕਿ ਉਹ ਸੱਚਾ ਪਿਤਾ ਆਪ ਹੀ ਮਨੁਖ ਨੂੰ ਸਾਜ ਕੇ ਆਪਣੇ ਹੁਕਮ ਵਿਚ ਰੱਖਦਾ ਹੈ—

***ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ॥***

(ਪੰਨਾ ੧੪੪)

ਜਪੁਜੀ ਸਾਹਿਬ ਦੀ ਦੂਜੀ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਨੇ ਪ੍ਰਮਾਤਮਾ ਦੇ ਹੁਕਮ ਦੀ ਖੇਡ ਹੀ ਦਰਸਾਈ ਹੈ। ਉਹ ਫੁਰਮਾਉਂਦੇ ਹਨ ਕਿ ਉਸਦੇ ਹੁਕਮ ਵਿਚ ਹੀ ਆਕਾਰ ਬਣਦੇ ਹਨ, ਹੁਕਮ ਨਾਲ ਹੀ ਵਡਿਆਈਆਂ ਮਿਲਦੀਆਂ ਹਨ, ਹੁਕਮ ਨਾਲ ਹੀ ਜੀਵ ਉੱਤ ਮ ਜਾਂ ਨੀਚ ਬਣਦੇ ਹਨ, ਹੁਕਮ ਨਾਲ ਹੀ ਕਿਸੇ ਉਤੇ ਬਖਸ਼ਿਸ਼ਾਂ ਹੋ ਜਾਂਦੀਆਂ ਹਨ ਅਤੇ ਕਈ ਸਦਾ ਜਨਮ ਮਰਨ ਦੇ ਗੇੜ ਵਿਚ ਭਵਾਈਦੇ ਹਨ। ਗੁਰੂ ਅਰਜਨ ਦੇਵ ਜੀ ਨੇ ਵੀ ਪ੍ਰਮਾਤਮਾ ਦੇ ਹੁਕਮ ਦੀ ਖੇਡ, ਸੁਖਮਨੀ ਸਾਹਿਬ ਦੀ ਬਾਣੀ ਵਿਚ ਇਉਂ ਦਰਸਾਈ ਹੈ—

***ਹੁਕਮੇ ਧਾਰਿ ਅਧਰ ਰਹਾਵੈ॥ ਹੁਕਮੇ ਉਪਜੈ ਹੁਕਮਿ ਸਮਾਵੈ॥***
***ਹੁਕਮੇ ਊਚ ਨੀਚ ਬਿਉਹਾਰ॥ ਹੁਕਮੇ ਅਨਿਕ ਰੰਗ ਪਰਕਾਰ॥***

(ਪੰਨਾ ੨੭੭)

ਇਸ ਸੰਸਾਰ ਦਾ ਸਾਰਾ ਪਾਸਾਰਾ, ਕਿਵੇਂ ਉਸਦੇ ਹੁਕਮ ਵਿਚ ਪਸਰਿਆ ਹੋਇਆ ਹੈ। ਇਸ ਦਾ ਬਹੁਤ ਸੁੰਦਰ ਉਲੇਖ, ਗੁਰੂ ਨਾਨਕ ਦੇਵ ਜੀ ਨੇ ਮਾਰੂ ਰਾਗ ਦੀ ਆਪਣੀ ਬਾਣੀ ਵਿਚ ਇਉਂ ਕੀਤਾ ਹੈ—

***ਹੁਕਮੇ ਆਇਆ ਹੁਕਮਿ ਸਮਾਇਆ॥ ਹੁਕਮੇ ਦੀਸੈ ਜਗਤੁ ਉਪਾਇਆ॥***
***ਹੁਕਮੇ ਸੁਰਗੁ ਮਛੁ ਪਇਆਲਾ ਹੁਕਮੇ ਕਲਾ ਰਹਾਇਦਾ॥੧੦॥***
***ਹੁਕਮੇ ਧਰਤੀ ਧਉਲ ਸਿਰਿ ਭਾਰੰ॥ ਹੁਕਮੇ ਪਉਣ ਪਾਣੀ ਗੈਣਾਰੰ॥***
***ਹੁਕਮੇ ਸਿਵ ਸਕਤੀ ਘਰਿ ਵਾਸਾ ਹੁਕਮੇ ਖੇਲ ਖੇਲਾਇਦਾ॥***

(ਪੰਨਾ ੧੦੩੭)

ਹੁਕਮ ਅੰਦਰ ਹੀ ਆਕਾਸ਼, ਜਲ ਤੇ ਥਲ ਦੇ ਜੀਵ ਪੈਦਾ ਕੀਤੇ ਅਤੇ ਹੁਕਮ ਵਿਚੁ ਹੀ ਇਨ੍ਹਾਂ ਪ੍ਰਾਣੀਆਂ ਦੇ ਸਾਸ ਗਿਰਾਸ ਰਚੇ ਗਏ। ਹੁਕਮ ਦੁਆਰਾ ਹੀ ਦਸ ਅਵਤਾਰ ਅਤੇ ਅਣਗਿਣਤ ਦੇਵ ਦਾਨਵ ਪੈਦਾ ਹੋਏ। ਹੁਕਮ ਅੰਦਰ ਪੈਦਾ ਕੀਤੇ ਇਹ ਪ੍ਰਾਣੀ ਜੇ ਹੁਕਮ ਨੂੰ ਸਮਝ ਲੈਣ ਤਾਂ ਮੁੜ ਉਸੇ ਵਿਚ ਹੀ ਸਮਾ ਜਾਂਦੇ ਹਨ—

***ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ॥***

(ਪੰਨਾ ੧੦੩੭)

ਹੁਕਮ ਅੰਦਰ ਹੀ ਛੱਤੀ ਜੁਗ ਵਰਤਾਏ ਅਤੇ ਹੁਕਮ ਅੰਦਰ ਹੀ ਸਿਧ ਸਾਧਿਕ ਪੈਦਾ ਕੀਤੇ, ਪਰ ਸ੍ਰਿਸ਼ਟੀ ਦਾ ਨਾਥ ਜਿਸਦੇ ਹੁਕਮ ਅੰਦਰ ਸਭ ਕੁਝ ਵਰਤ ਰਿਹਾ ਹੈ, ਜੇ ਬਖਸ਼ਿਸ਼ ਕਰ ਦੇਵੇ ਤਾਂ ਇਨ੍ਹਾਂ ਜੀਵਾਂ ਨੂੰ ਮੁਕਤੀ ਮਿਲ ਜਾਂਦੀ ਹੈ—

***ਆਪਿ ਨਾਥੁ ਨਥੀ ਸਭ ਜਾ ਕੀ ਬਖਸੇ ਮੁਕਤਿ ਕਰਾਇਦਾ॥***

(ਪੰਨਾ ੧੦੩੭)

ਇਸ ਵਿਚਾਰ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸੰਸਾਰ ਦਾ ਸਾਰਾ ਵਰਤਾਰਾ, ਪ੍ਰਮਾਤਮਾ ਦੇ ਹੁਕਮ, ਉਸਦੀ ਰਜ਼ਾ, ਉਸਦੇ ਭਾਣੇ ਵਿਚ ਵਰਤ ਰਿਹਾ ਹੈ ਅਤੇ ਜੀਵਾਂ ਦੇ ਆਪਣੇ ਵੱਸ ਕੁਝ ਨਹੀਂ ਹੈ। ਹਜ਼ੂਰ ਨੇ ਬਾਣੀ ਵਿਚ ਸਪਸ਼ਟ ਕੀਤਾ ਹੈ—

***ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ॥***

(ਪੰਨਾ ੫੫)

ਪ੍ਰਮਾਤਮਾ ਦਾ ਇਹ ਹੁਕਮ ਅਟੱਲ ਹੈ ਅਤੇ ਇਸ ਨੂੰ ਕੋਈ ਮੇਟ ਨਹੀਂ ਸਕਦਾ। ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ—

***ਤਿਸ ਦਾ ਹੁਕਮੁ ਮੇਟਿ ਨ ਸਕੈ ਕੋਇ॥*** (ਪੰਨਾ ੧੧੮)

ਇਹ ਅਟੱਲ ਹੁਕਮ ਹੈ ਕੀ? ਗੁਰਮਤਿ ਅਨੁਸਾਰ ਨਾਮ ਹੀ ਹੁਕਮ ਹੈ, ਜਿਵੇਂ ਹਜ਼ੂਰ ਫੁਰਮਾਉਂਦੇ ਹਨ—

***ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥***

(ਪੰਨਾ ੭੨)

ਹਉਮੈ ਦਾ ਨਾਮ ਨਾਲ ਵਿਰੋਧ ਹੈ, ਦੋਨੋਂ ਇਕ ਥਾਂ ਨਹੀਂ ਟਿਕ ਸਕਦੇ—

***ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥***

(ਪੰਨਾ ੫੬੦)

ਜਿਥੇ ਹਉਮੈ ਹੈ, ਉਥੇ ਨਾਮ ਨਹੀਂ ਟਿਕ ਸਕਦਾ ਅਤੇ ਜਿਥੇ ਨਾਮ ਵੱਸਦਾ ਹੈ, ਉਥੇ ਹਉਮੈ ਨਹੀਂ ਰਹਿ ਸਕਦੀ। ਇਸੇ ਤਰ੍ਹਾਂ ਜਿੰਨੀ ਦੇਰ ਅੰਦਰ ਹਉਮੈ ਹੈ, ਹੁਕਮ ਨਹੀਂ ਬੁਝਿਆ ਜਾ ਸਕਦਾ। ਹੁਕਮ ਦੀ ਖੇਡ ਬੁਝ ਲਈ ਤਾਂ ਹਉਮੈ ਮਿਟ ਜਾਂਦੀ ਹੈ। ਗੁਰੂ ਨਾਨਕ ਦੇਵ ਜੀ, ਜਪੁ ਜੀ ਸਾਹਿਬ ਵਿਚ ਸਪਸ਼ਟ ਕਰਦੇ ਹਨ ਕਿ ਸਭ ਕੋਈ ਉਸਦੇ ਹੁਕਮ ਅੰਦਰ ਹੈ, ਕੋਈ ਹੁਕਮ ਤੋਂ ਬਾਹਰ ਨਹੀਂ ਹੈ ਪਰ ਜਿਸ ਨੇ ਹੁਕਮ ਨੂੰ ਬੁਝ ਲਿਆ ਹੈ, ਉਹ ਫਿਰ ਹਉਮੈ ਦੀ ਗੱਲ ਨਹੀਂ ਕਰਦਾ, ਉਸਦੀ ਹਉਮੈ ਮਿਟ ਜਾਂਦੀ ਹੈ—

***ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥***

**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥**

(ਪੰਨਾ ੧)

ਪ੍ਰਮਾਤਮਾ ਦੇ ਹੁਕਮ ਨੂੰ ਬੁਝਣਾ ਭਾਵ ਉਸਦੀ ਰਜ਼ਾ ਵਿਚ ਰਹਿਣਾ, ਬਹੁਤ ਔਖਾ ਕੰਮ ਹੈ। ਗੁਰੂ ਅਮਰਦਾਸ ਜੀ ਬਚਨ ਕਰਦੇ ਹਨ ਕਿ ਉਸਦਾ ਹੁਕਮ ਬਹੁਤ ਔਖਾ ਹੈ, ਕਿਸੇ ਗੁਰਮੁਖ ਨੂੰ ਹੀ ਉਹ ਬੁਝਾਉਂਦਾ ਹੈ—

**ਹੁਕਮੁ ਤੇਰਾ ਖਰਾ ਭਾਰਾ ਗੁਰਮੁਖਿ ਕਿਸੈ ਬੁਝਾਏ॥**
**ਇਉ ਕਹੈ ਨਾਨਕੁ ਕਿਆ ਜੰਤ ਵਿਚਾਰੇ ਜਾ ਤੁਧੁ ਭਰਮਿ ਭੁਲਾਏ॥**

(ਪੰਨਾ ੪੪੧)

ਕੋਈ ਵਿਰਲਾ ਹੀ ਉਸਦੇ ਹੁਕਮ ਨੂੰ ਬੁਝ ਕੇ ਭਾਣੇ ਵਿਚ ਚਲਦਾ ਹੈ, ਜਿਵੇਂ ਗੁਰਵਾਕ ਹੈ—

**ਜੋ ਤੁਧੁ ਕਰਣਾ ਸੋ ਕਰਿ ਪਾਇਆ॥ ਭਾਣੇ ਵਿਚਿ ਕੋ ਵਿਰਲਾ ਆਇਆ॥**

(ਪੰਨਾ ੧੦੬੩)

ਬਹੁਤੇ ਜੀਵ ਤਾਂ ਹਉਮੈ ਵੱਸ ਆਪਣੀ ਮੱਤ ਅਨੁਸਾਰ ਕਰਮ ਕਮਾ ਰਹੇ ਹਨ। ਇਸੇ ਕਾਰਨ ਪ੍ਰਮਾਤਮਾ ਤੋਂ ਦੂਰ ਹੋ ਕੇ ਜਨਮ ਮਰਨ ਦੇ ਗੇੜ ਵਿਚ ਪਏ ਦੁੱਖ ਭੋਗਦੇ ਹਨ, ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ—

**ਜਬ ਇਹ ਜਾਨੈ ਮੈ ਕਿਛੁ ਕਰਤਾ॥ ਤਬ ਲਗੁ ਗਰਭ ਜੋਨਿ ਮਹਿ ਫਿਰਤਾ॥**

(ਪੰਨਾ ੨੭੮)

ਅਜਿਹਾ ਮਨੁਖ ਆਪਣੀ ਮਤ ਅਨੁਸਾਰ ਕਰਨਾ ਕੁਝ ਹੋਰ ਚਾਹੁੰਦਾ ਹੈ ਪਰ ਪ੍ਰਮਾਤਮਾ ਦੀ ਰਜ਼ਾ ਕੁਝ ਹੋਰ ਹੁੰਦੀ ਹੈ, ਹੋ ਕੁਝ ਹੋਰ ਹੀ ਜਾਂਦਾ ਹੈ। "ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥" ਦੇ ਮਹਾਂਵਾਕ ਅਨੁਸਾਰ ਉਹ ਉਸਦੀ ਮਰਜ਼ੀ ਦੇ ਉਲਟ ਜਾਂਦਾ ਹੈ। ਮੂਰਖ ਇਹ ਨਹੀਂ ਸਮਝਦਾ ਕਿ ਹੋਣਾ ਉਹ ਹੈ ਜੋ ਵਾਹਿਗੁਰੂ ਨੂੰ ਮਨਜ਼ੂਰ ਹੈ, ਬਾਣੀ ਬਾਰ ਬਾਰ ਸਮਝਾ ਰਹੀ ਹੈ—

**ਸੁਣਿ ਮੂਰਖ ਮੰਨ ਅਜਾਣਾ॥ ਹੋਗੁ ਤਿਸੈ ਕਾ ਭਾਣਾ॥** (ਪੰਨਾ ੧੫੫)

ਜਿੰਨੀ ਦੇਰ ਮਨੁਖ ਅੰਦਰ ਹਉਮੈ ਹੈ, ਉਹ ਵਾਹਿਗੁਰੂ ਦੇ ਹੁਕਮ ਨੂੰ ਬੁਝ ਨਹੀਂ ਸਕਦਾ। ਜਿਸਨੇ ਹੁਕਮ ਨੂੰ ਨਹੀਂ ਬੁਝਿਆ, ਉਸਨੂੰ ਜੇ ਕੋਈ ਪੁੱਛੇ ਕੀ ਕੰਮ ਕਰਦਾ ਹੈਂ? ਤਾਂ ਕਹੇਗਾ ਮੈਂ ਡਾਕਟਰ ਹਾਂ ਜਾਂ ਇੰਜਨੀਅਰ ਹਾਂ ਆਦਿ। ਪਰ ਜਿਸ ਨੇ ਹੁਕਮ ਨੂੰ ਬੁਝ ਲਿਆ ਹੈ, ਹਉਮੈ ਮਿਟ ਗਈ ਹੈ, ਉਹ ਗੁਰੂ ਅਰਜਨ ਦੇਵ ਜੀ ਦੇ ਮਹਾਂਵਾਕ—

**"ਜੈਸਾ ਲਿਖਤ ਲਿਖਿਆ ਧੁਰਿ ਕਰਤੈ ਹਮ ਤੈਸੀ ਕਿਰਤਿ ਕਮਾਈ॥"** ਅਨੁਸਾਰ ਕਹੇਗਾ, ਜੋ ਕਾਰ ਵਾਹਿਗੁਰੂ ਕਰਵਾ ਰਿਹਾ ਹੈ, ਉਹ ਕਰ ਰਿਹਾ ਹਾਂ। ਜੋ ਮਨੁਖ ਆਪਣੀ ਮਤ ਅਨੁਸਾਰ ਹਉਮੈ ਅਧੀਨ ਕਾਰ ਕਰਦਾ ਹੈ, ਉਸਨੂੰ ਬਾਣੀ ਵਿਚ ਮਨਮੁਖ਼ ਕਿਹਾ ਗਿਆ ਹੈ। ਐਸਾ ਮਨੁਖ ਆਪਣੇ ਭਲੇ ਲਈ ਵਰਤ, ਨੇਮ, ਸੁਚ, ਸੰਜਮ ਆਦਿ ਅਨੇਕ ਕਰਮ ਕਰਦਾ ਹੈ, ਪਰ ਇਨ੍ਹਾਂ ਕਰਮਾਂ ਨਾਲ ਭਰਮ ਦੂਰ ਨਹੀਂ ਹੁੰਦਾ—

**ਮਨਮੁਖਿ ਹੁਕਮੁ ਨ ਬੁਝੇ ਬਪੁੜੀ ਨਿਤ ਹਉਮੈ ਕਰਮ ਕਮਾਇ॥**
**ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ॥**

(ਪੰਨਾ ੧੪੨੩)

ਜੋ ਖਸਮ ਦੇ ਹੁਕਮ ਨੂੰ ਨਹੀਂ ਬੁਝਦਾ, ਉਸਨੂੰ ਬਾਣੀ ਕੱਚਾ ਮਨੁਖ ਕਹਿੰਦੀ ਹੈ—

**ਆਪੇ ਕਰਿ ਕਰਿ ਵੇਖਦਾ ਆਪੇ ਸਭੁ ਸਚਾ॥**
**ਜੋ ਹੁਕਮੁ ਨ ਬੂਝੈ ਖਸਮ ਕਾ ਸੋਈ ਨਰੁ ਕਚਾ॥**

(ਪੰਨਾ ੧੦੯੪)

ਹੁਕਮ ਨੂੰ ਨਾ ਬੁਝਣ ਵਾਲਾ ਮਨੁਖ ਸਦਾ ਦੁਖੀ ਹੁੰਦਾ ਹੈ—

**ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ॥**
**ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ॥**

(ਪੰਨਾ ੪੦੦)

ਤਾਂ ਤੇ ਹੁਕਮ ਨੂੰ ਬੁਝਣਾ ਚਾਹੀਦਾ। ਹੁਕਮ ਕਿਵੇਂ ਬੁਝਿਆ ਜਾਏ? ਹਉਮੈ ਦੂਰ ਕਰ ਕੇ। ਕਿਉਂਕਿ ਹਉਮੈ ਵਿਚ ਨ ਭਗਤੀ ਹੋ ਸਕਦੀ ਹੈ, ਨ ਪ੍ਰਭੂ ਦੇ ਹੁਕਮ ਦੀ ਸਮਝ ਪੈਂਦੀ ਹੈ—

**ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ॥**

(ਪੰਨਾ ੫੬੦)

ਹਉਮੈ ਦੂਰ ਕਿਵੇਂ ਹੁੰਦੀ ਹੈ? ਗੁਰੂ ਨਾਨਕ ਦੇਵ ਜੀ ਸਮਝਾ ਰਹੇ ਹਨ ਕਿ ਹੁਕਮ ਤੇ ਰਜ਼ਾ ਵਿਚ ਚੱਲਣ ਨਾਲ ਹੀ ਹਉਮੈ ਰੂਪੀ ਕੂੜ ਦੀ ਦੀਵਾਰ ਟੁੱਟ ਸਕਦੀ ਹੈ—

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥**
**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥**

(ਪੰਨਾ ੧)

ਗੁਰੂ ਅਮਰਦਾਸ ਜੀ ਵੀ ਹਉਮੈ ਦੂਰ ਕਰਨ ਲਈ ਹੁਕਮ ਮੰਨਣ ਦਾ ਉਪਦੇਸ਼ ਕਰ ਰਹੇ ਹਨ—

***ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ॥***

(ਪੰਨਾ ੫੬੦)

ਸੋ, ਆਪਾ ਭਾਵ ਮਿਟਾ ਕੇ ਵਾਹਿਗੁਰੂ ਦੀ ਸ਼ਰਣ ਵਿਚ ਆ ਕੇ, ਆਪਣੀ ਮੱਤ ਤਿਆਗ ਕੇ, ਸਭ ਕੁਝ ਪ੍ਰਮਾਤਮਾ ਨੂੰ ਸਮਰਪਨ ਕਰਕੇ, ਹਉਮੈ ਦੂਰ ਹੋ ਸਕਦੀ ਹੈ ਅਤੇ ਹੁਕਮ ਮੰਨਿਆ ਜਾ ਸਕਦਾ ਹੈ। ਹੁਕਮ ਮੰਨ ਕੇ ਹੀ ਹਰੀ ਨਾਲ ਮੇਲ ਸੰਭਵ ਹੈ—

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥***

(ਪੰਨਾ ੯੧੮)

ਭਾਵੇਂ ਪਰਮਾਤਮਾ ਵੱਸਦਾ ਤਾਂ ਘਟ ਘਟ ਵਿਚ ਹੈ, ਪਰ ਹੁਕਮ ਨ ਮੰਨਣ ਕਾਰਨ, ਅੰਦਰ ਵਸਦਾ ਹੋਇਆ ਵੀ ਮਨੁਖ ਨੂੰ ਦੂਰ ਭਾਸਦਾ ਹੈ। ਗੁਰੂ ਅਮਰਦਾਸ ਜੀ ਆਪਣੀ ਬਾਣੀ ਵਿਚ ਸਪਸ਼ਟ ਕਰਦੇ ਹਨ—

***ਸਭਨਾ ਕਾ ਸਹੁ ਏਕੁ ਹੈ ਸਦ ਹੀ ਰਹੈ ਹਜੂਰਿ॥***
***ਨਾਨਕ ਹੁਕਮੁ ਨ ਮੰਨਈ ਤਾ ਘਰਿ ਹੀ ਅੰਦਰਿ ਦੂਰਿ॥***

(ਪੰਨਾ ੫੧੦)

ਕਿਉਂਕਿ ਮਨੁੱਖ ਨੇ ਅਜੇ ਉਸਦੀ ਰਜ਼ਾ ਵਿਚ ਰਹਿਣਾ ਨਹੀਂ ਸਿੱਖਿਆ। ਉਸਦੇ ਭਾਣੇ ਵਿਚ ਆ ਕੇ ਹੀ, ਉਸਦਾ ਨਾਮ ਮਨ ਵਿਚ ਵਸਾਇਆ ਜਾ ਸਕਦਾ ਹੈ। ਗੁਰੂ ਅਮਰਦਾਸ ਜੀ ਜਦੋਂ ਇਹ ਸੁਆਲ ਕਰਦੇ ਹਨ ਕਿ ਮੈਂ ਕਿਸ ਦੀ ਸੇਵਾ ਕਰਾਂ ਅਤੇ ਕਾਹਦਾ ਜਾਪ ਕਰਾਂ ਤਾਂ ਜੋ ਨਾਮ ਮਨ ਵਿਚ ਵੱਸ ਜਾਏ ਤਾਂ ਉੱਤਰ ਮਿਲਦਾ ਹੈ—

***ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ॥***
***ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ॥***

(ਪੰਨਾ ੩੪)

ਪਰ ਇਹ ਸੇਵਾ ਚਾਕਰੀ, ਹਰੇਕ ਦੇ ਹਿੱਸੇ ਨਹੀਂ ਆਉਂਦੀ। ਕੋਈ ਅਜਿਹਾ ਗੁਰਮੁਖ ਜਨ ਹੀ ਹੁਕਮ ਜਾਂ ਭਾਣੇ ਵਿਚ ਆਉਂਦਾ ਹੈ, ਜਿਸ ਨੂੰ ਉਹ ਕਿਰਪਾ ਕਰ ਕੇ ਆਪ ਲਿਆਉਂਦਾ ਹੈ—

***ਹੁਕਮੁ ਭੀ ਤਿਨ੍ਹਾ ਮਨਾਇਸੀ ਜਿਨ੍ ਕਉ ਨਦਰਿ ਕਰੇਇ॥***

(ਪੰਨਾ ੫੧੦,

ਪ੍ਰਮਾਤਮਾ ਆਪ ਹੀ ਕਿਰਪਾ ਕਰੇ ਤਾਂ ਹਉਮੈ ਦਾ ਭਰਮ ਦੂਰ ਹੋ ਸਕਦਾ ਹੈ ਅਤੇ ਹੁਕਮ ਦੀ ਸਮਝ ਪੈਂਦੀ ਹੈ। ਹੁਕਮ ਨੂੰ ਬੁਝ ਕੇ ਹੀ ਸਾਚੇ ਨੂੰ ਪਾਇਆ ਜਾ ਸਕਦਾ ਹੈ—

***ਨਦਰਿ ਕਰੇ ਤਾਂ ਭਰਮੁ ਚੁਕਾਏ॥ ਹੁਕਮੈ ਬੂਝੈ ਤਾਂ ਸਾਚਾ ਪਾਏ॥***

(ਪੰਨਾ ੧੧੬੯)

ਉਸਦੀ ਨਦਰ ਜਾਂ ਕਿਰਪਾ ਦਾ ਪਾਤਰ, ਉਹ ਮਨੁਖ ਹੀ ਬਣ ਸਕਦਾ ਹੈ ਜੋ ਉਸਦੀ ਰਜ਼ਾ ਵਿਚ ਰਾਜ਼ੀ ਰਹਿੰਦਾ ਹੈ ਜੋ ਉਸਦੀ ਖੁਸ਼ੀ ਵਿਚ ਆਪਣੀ ਖੁਸ਼ੀ ਸਮਝਦਾ ਹੈ। ਪਰਮ ਪਿਤਾ ਉਨ੍ਹਾਂ ਜੀਵ ਰੂਪੀ ਪੁੱਤਰਾਂ ਉਤੇ ਆਪਣੀ ਕਿਰਪਾ ਦ੍ਰਿਸ਼ਟੀ ਰੱਖਦਾ ਹੈ ਜੋ ਉਸਦੇ ਹੁਕਮ ਵਿਚ ਹਨ।

ਦੁਨਿਆਵੀ ਜੀਵਨ ਵਿਚ ਵੀ ਉਹ ਪੁੱਤਰ ਹੀ ਪਿਤਾ ਤੋਂ ਵੱਧ ਪਿਆਰ ਲੈਂਦਾ ਹੈ ਜੋ ਉਸਦੀ ਆਗਿਆ ਜਾਂ ਹੁਕਮ ਵਿਚ ਰਹਿੰਦਾ ਹੈ। ਪਿਤਾ ਉਸ ਪੁੱਤਰ ਉਤੇ ਦਇਆਲ ਹੋ ਕੇ ਉਸਨੂੰ ਦੂਜੇ ਪੁੱਤਰਾਂ ਨਾਲੋਂ ਵੱਧ ਦੇ ਦਿੰਦਾ ਹੈ ਜੋ ਪਿਤਾ ਦਾ ਹੁਕਮ ਮੰਨਦਾ ਹੈ। ਜੋ ਪੁੱਤਰ, ਪਿਤਾ ਦੇ ਹੁਕਮ ਤੋਂ ਬਾਹਰਾ ਹੋਵੇ, ਕਈ ਵਾਰ ਪਿਤਾ ਉਸਨੂੰ ਆਪਣੀ ਜਾਇਦਾਦ ਤੋਂ ਵੀ ਬੇਦਖਲ ਕਰ ਦਿੰਦਾ ਹੈ। ਇਸੇ ਤਰ੍ਹਾਂ ਉਹ ਮਨੁਖ ਹੀ ਪਿਤਾ ਪਰਮੇਸ਼ਰ ਦੀ ਕਿਰਪਾ ਦਾ ਪਾਤਰ ਬਣ ਸਕਦਾ ਹੈ, ਜੋ ਉਸਦਾ ਹੁਕਮ ਮੰਨ ਕੇ ਉਸਦੀ ਰਜ਼ਾ ਵਿਚ ਰਹਿੰਦਾ ਹੈ। ਪ੍ਰਮਾਤਮਾ ਦੀ ਕਿਰਪਾ ਦ੍ਰਿਸ਼ਟੀ ਦਾ ਪਾਤਰ ਬਣਨ ਵਾਲੇ ਮਨੁਖ ਨੂੰ ਬਾਣੀ ਵਿਚ ਗੁਰਮੁਖ ਕਿਹਾ ਗਿਆ ਹੈ। ਅਜਿਹੇ ਗੁਰਮੁਖ ਜਨ, ਜੋ ਹੁਕਮ ਦੀ ਖੇਡ ਨੂੰ ਬੁਝ ਲੈਂਦੇ ਹਨ, ਉਹ ਸਦਾ ਸੁਖ ਪਾਉਂਦੇ ਹਨ। ਗੁਰੂ ਰਾਮਦਾਸ ਜੀ ਅਜਿਹੇ ਗੁਰਮੁਖਾਂ ਦਾ ਵਰਣਨ 'ਸਲੋਕ ਵਾਰਾਂ ਤੇ ਵਧੀਕ' ਵਿਚ ਇਉਂ ਕਰਦੇ ਹਨ—

***ਗੁਰਮੁਖਿ ਹੁਕਮੁ ਮੰਨੇ ਸਹ ਕੇਰਾ ਹੁਕਮੇ ਹੀ ਸੁਖੁ ਪਾਏ॥***
***ਹੁਕਮੋ ਸੇਵੇ ਹੁਕਮੁ ਅਰਾਧੇ ਹੁਕਮੇ ਸਮੈ ਸਮਾਏ॥***
***ਹੁਕਮੁ ਵਰਤੁ ਨੇਮੁ ਸੁਚ ਸੰਜਮੁ ਮਨ ਚਿੰਦਿਆ ਫਲੁ ਪਾਏ॥***
***ਸਦਾ ਸੁਹਾਗਣਿ ਜਿ ਹੁਕਮੈ ਬੁਝੈ ਸਤਿਗੁਰੁ ਸੇਵੈ ਲਿਵ ਲਾਏ॥***
***ਨਾਨਕ ਕ੍ਰਿਪਾ ਕਰੇ ਜਿਨ ਊਪਰਿ ਤਿਨਾ ਹੁਕਮੇ ਲਏ ਮਿਲਾਏ॥***

(ਪੰਨਾ ੧੪੨੨-੨੩)

ਵਾਹਿਗੁਰੂ ਦੀ ਨਦਰ ਹੋ ਜਾਵੇ ਤਾਂ ਸੇਵਕ ਸੇਵਾ ਕਰਕੇ ਉਸਦੇ ਹੁਕਮ ਨੂੰ ਬੁੱਝ ਕੇ, ਪਰਮਪਦ ਨੂੰ ਪ੍ਰਾਪਤ ਕਰ ਸਕਦਾ ਹੈ—

***ਸੇਵਕ ਕਉ ਸੇਵਾ ਬਨਿ ਆਈ॥ ਹੁਕਮੁ ਬੂਝਿ ਪਰਮ ਪਦੁ ਪਾਈ॥***

(ਪੰਨਾ ੨੯੨)

ਹੁਕਮ ਨੂੰ ਬੁਝ ਕੇ ਪਰਮ ਪਦਵੀ ਪ੍ਰਾਪਤ ਕਰਨ ਦੀ ਉਦਾਹਰਣ, ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੀਵਨ ਵਿਚੋਂ ਮਿਲਦੀ ਹੈ। ਜਦੋਂ ਗੁਰੂ ਨਾਨਕ ਦੇਵ ਜੀ ਨੇ ਇਕ ਰਾਤ, ਸਿੱਖਾਂ ਸੇਵਕਾਂ ਨੂੰ ਹੁਕਮ ਕੀਤਾ ਕਿ ਬਾਹਰ ਦੇਖੋ ਕਿੰਨਾ ਦਿਨ ਚੜ੍ਹਿਆ ਹੈ ਤਾਂ ਗੁਰੂ ਜੀ ਦੇ ਪੁੱਤਰਾਂ ਤੇ ਹੋਰ ਸੇਵਕਾਂ ਨੇ, ਜਿਨ੍ਹਾਂ ਨੇ ਹੁਕਮ ਨੂੰ ਨਹੀਂ ਸੀ ਬੁਝਿਆ, ਆਪਣੀ ਮਤ ਅਨੁਸਾਰ ਕਿਹਾ ਕਿ ਅਜੇ ਤਾਂ ਅੱਧੀ ਰਾਤ ਹੈ। ਪਰ ਜਦੋਂ ਹੁਕਮ ਨੂੰ ਬੁਝਣ

ਵਾਲੇ, ਰਜ਼ਾ ਵਿਚ ਰਾਜ਼ੀ ਰਹਿਣ ਵਾਲੇ, ਭਾਈ ਲਹਿਣਾ ਜੀ ਨੂੰ ਹੁਕਮ ਹੋਇਆ ਕਿ ਬਾਹਰ ਦੇਖੋ ਕਿੰਨਾ ਕੁ ਦਿਨ ਚੜ੍ਹਿਆ ਹੈ ਤਾਂ ਉਨ੍ਹਾਂ ਨੇ ਬਾਹਰ ਦੇਖ ਕੇ ਬੜੀ ਨਿਮਰਤਾ ਸਹਿਤ ਗੁਰੂ ਨਾਨਕ ਦੇਵ ਜੀ ਅੱਗੇ ਅਰਜ਼ ਕੀਤੀ, ਮਹਾਰਾਜ! ਤੁਸਾਂ ਜਿੰਨਾ ਦਿਨ ਚੜ੍ਹਾਇਆ ਹੈ, ਓਨਾ ਹੀ ਦਿਨ ਚੜ੍ਹਿਆ ਹੈ।

ਭਾਈ ਲਹਿਣਾ ਜੀ ਨੇ ਆਪਣੀ ਮਤ ਤਿਆਗ ਕੇ ਗੁਰੂ ਦਾ ਹੁਕਮ ਬੁਝ ਲਿਆ ਸੀ। ਵਾਹਿਗੁਰੂ ਦੇ ਹੁਕਮ ਨੂੰ ਬੁਝ ਕੇ, ਉਸਦੀ ਰਜ਼ਾ ਵਿਚ ਰਹਿੰਦੇ ਹੋਏ ਹੀ ਉਹ, ਭਾਈ ਲਹਿਣਾ ਤੋਂ ਗੁਰੂ ਅੰਗਦ ਬਣੇ।

ਗੁਰਬਾਣੀ ਮਨੁਖ ਨੂੰ ਵਾਹਿਗੁਰੂ ਦੀ ਰਜ਼ਾ ਵਿਚ ਰਾਜ਼ੀ ਰਹਿਣ ਦਾ ਉਪਦੇਸ਼ ਬਾਰ ਬਾਰ ਦੇ ਰਹੀ ਹੈ ਕਿਉਂਕਿ ਉਸਦੇ ਭਾਣੇ ਵਿਚ ਚੱਲਣ ਵਿਚ ਹੀ ਸੁਖ ਹੈ, ਜਿਵੇਂ ਗੁਰਵਾਕ ਹੈ—

***ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ॥***

(ਪੰਨਾ ੧੦੬੩)

ਉਸਦੀ ਰਜ਼ਾ ਵਿਚ ਚੱਲਣ ਨਾਲ ਹੀ ਨੌਂ ਨਿਧਾਂ ਮਿਲਦੀਆਂ ਹਨ—

***ਨਾਨਕ ਨਉ ਨਿਧਿ ਪਾਈਐ ਜੇ ਚਲੈ ਤਿਸੈ ਰਜਾਇ॥***

(ਪੰਨਾ ੯੪੯)

ਇਸ ਸੰਸਾਰ ਰੂਪੀ ਸਾਗਰ ਨੂੰ ਤਰਨ ਦਾ ਇਕੋ ਇਕ ਰਸਤਾ, ਸਤਿਗੁਰੂ ਦੇ ਭਾਣੇ ਵਿਚ ਚੱਲਣ ਦਾ ਹੈ—

***ਹਉ ਪੂਛਉ ਅਪਨਾ ਸਤਿਗੁਰੁ ਦਾਤਾ ਕਿਨ ਬਿਧਿ ਦੁਤਰੁ ਤਰੀਐ ਰਾਮ॥***
***ਸਤਿਗੁਰ ਭਾਇ ਚਲਹੁ ਜੀਵਤਿਆ ਇਵ ਮਰੀਐ ਰਾਮ॥***

(ਪੰਨਾ ੭੭੫)

ਗੁਰੂ ਅਮਰਦਾਸ ਜੀ ਤਾਂ ਫੁਰਮਾਉਂਦੇ ਹਨ ਕਿ ਸਿੱਖ, ਸਖਾ, ਬੰਧਪ, ਉਹ ਹੀ ਹੋ ਸਕਦਾ ਹੈ ਜੋ ਗੁਰੂ ਦੇ ਭਾਣੇ ਵਿਚ ਚਲਦਾ ਹੈ ਬਾਕੀ ਆਪਣੇ ਭਾਣੇ ਵਿਚ ਚੱਲਣ ਵਾਲੇ, ਪ੍ਰਮਾਤਮਾ ਤੋਂ ਵਿਛੜ ਕੇ ਦੁੱਖ ਭੋਗ ਰਹੇ ਹਨ—

***ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥***
***ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥***

(ਪੰਨਾ ੬੦੧)

ਭਗਤ ਕਬੀਰ ਜੀ, ਬੰਦਾ ਅਖਵਾਉਣ ਦਾ ਹੱਕ ਉਸੇ ਨੂੰ ਦਿੰਦੇ ਹਨ ਜਿਸ ਨੇ ਪ੍ਰਮੇਸ਼ਰ ਦਾ ਹੁਕਮ ਪਛਾਣ ਲਿਆ ਹੈ—

***ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ*** ॥(ਪੰਨਾ ੧੩੫੦)

ਪ੍ਰਮਾਤਮਾ ਦੇ ਹੁਕਮ ਨਾਲ ਹੀ ਅਖੀਰ ਨਿਬੇੜਾ ਹੋਣਾ ਹੈ—

***ਹੁਕਮੀ ਹੋਇ ਨਿਬੇੜੁ ਭਰਮੁ ਚੁਕਾਇਸੀ ਜੀਉ*** ॥

(ਪੰਨਾ ੬੮੮)

ਤਾਂ ਤੇ, ਐਸੇ ਹਰੀ ਨੂੰ ਧਿਆਉਣਾ ਚਾਹੀਦਾ ਹੈ, ਜਿਸਦਾ ਹੁਕਮ ਸਾਰੇ ਸੰਸਾਰ 'ਤੇ ਚੱਲਦਾ ਹੈ—

***ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ ਜੋ ਸਭਨਾ ਉਪਰਿ ਹੁਕਮੁ ਚਲਾਏ*** ॥

(ਪੰਨਾ ੮੯)

★ ★ ★

# ਮਾਧੌ ਤੂ ਠਾਕੁਰੁ ਸਿਰਿ ਮੋਰਾ ॥

ਗੁਰਬਾਣੀ ਵਿਚ ਹਰਿ, ਵਾਹਿਗੁਰੂ ਜਾਂ ਅਕਾਲ ਪੁਰਖ ਨੂੰ ਅਨੇਕ ਨਾਂਵਾਂ ਨਾਲ ਯਾਦ ਕੀਤਾ ਗਿਆ ਹੈ ਅਤੇ ਉਸਨੂੰ ਮਾਧੋ ਜਾਂ ਮਾਧਵੇ ਕਹਿ ਕੇ ਵੀ ਸੰਬੋਧਨ ਕੀਤਾ ਗਿਆ ਹੈ। ਉਸਦੇ ਬੇਅੰਤ ਨਾਂਵਾਂ ਵਾਂਗ, ਮਾਧੋ ਦੀ ਮਹਿਮਾ ਵੀ ਬੇਅੰਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਵਿਚ ਗੁਰੂ ਸਾਹਿਬਾਨ ਅਤੇ ਸੰਤਾਂ ਭਗਤਾਂ ਨੇ, ਅਕਾਲ ਪੁਰਖ ਦੀ ਕੀਰਤੀ, ਉਸਦਾ ਜਸ, ਉਸਦੀ ਵਡਿਆਈ ਦੇ ਸੋਹਿਲੇ ਗਾਏ ਹਨ। ਪਰਮ ਪਿਤਾ ਦੀ ਉਸਤਤ ਜਾਂ ਮਹਿਮਾ, ਉਸਨੂੰ ਯਾਦ ਕਰਨ ਦਾ ਹੀ ਇਕ ਸਾਧਨ ਹੈ, ਉਸ ਅਕੱਥ ਦਾ ਜਸ ਤਾਂ ਕਥਨ ਹੀ ਨਹੀਂ ਕੀਤਾ ਜਾ ਸਕਦਾ। ਗੁਰਬਾਣੀ ਜਗਿਆਸੂ ਨੂੰ ਪਰਮੇਸ਼ਰ ਦਾ ਸਿਮਰਨ ਜਾਂ ਉਸਨੂੰ ਯਾਦ ਕਰਨ ਦਾ ਉਪਦੇਸ਼ ਹੀ ਨਹੀਂ ਦਿੰਦੀ ਸਗੋਂ ਉਸਦੀ ਮਹਿਮਾ ਦੁਆਰਾ ਮਾਧੋ ਨੂੰ ਬਾਰ ਬਾਰ ਯਾਦ ਵੀ ਕੀਤਾ ਗਿਆ ਹੈ।

ਸਿਫਤ ਸਾਲਾਹ ਕੇਵਲ 'ਸੱਚ' ਦੀ ਕੀਤੀ ਜਾ ਸਕਦੀ ਹੈ ਕਿਉਂਕਿ ਉਹ ਸਭ ਤੋਂ ਉਪਰ ਹੈ, ਸਭ ਤੋਂ ਵੱਡਾ ਹੈ। ਹਜ਼ੂਰ ਫੁਰਮਾਨ ਕਰਦੇ ਹਨ—

**ਤੁਝ ਤੇ ਵਡਾ ਨਾਹੀ ਕੋਇ ॥** (ਪੰਨਾ ੩੫੪)

ਸੱਚੇ ਪਾਤਸ਼ਾਹ ਦੀ ਵਡਿਆਈ ਵੀ ਸੱਚੀ ਹੈ। ਉਸ ਤੋਂ ਬਿਨਾਂ ਦੁਨਿਆਵੀ ਬਾਦਸ਼ਾਹਾਂ ਜਾਂ ਕਿਸੇ ਹੋਰ ਦੀ ਕੀਤੀ ਵਡਿਆਈ ਅਜਾਈਂ ਜਾਂਦੀ ਹੈ ਕਿਉਂਕਿ ਇਹ ਝੂਠੀ ਵਡਿਆਈ ਹੈ। ਜਿਸਨੇ ਆਪ ਨਹੀਂ ਰਹਿਣਾ, ਉਸਦੀ ਵਡਿਆਈ ਕਿਵੇਂ ਰਹਿ ਸਕਦੀ ਹੈ। ਕਬੀਰ ਜੀ ਲਿਖਦੇ ਹਨ ਕਿ ਦੁਨਿਆਵੀ ਹਾਕਮ ਤਾਂ ਚਾਰ ਦਿਨਾਂ ਦੇ ਰਾਜੇ ਹਨ ਅਸਲ ਰਾਜਾ ਤਾਂ ਹਰਿ ਆਪ ਹੈ ਜੋ ਸਦਾ ਰਹਿੰਦਾ ਹੈ—

**ਕੋਊ ਹਰਿ ਸਮਾਨਿ ਨਹੀ ਰਾਜਾ ॥**
**ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥**

(ਪੰਨਾ ੮੫੬)

ਇਸ ਲਈ ਸਿਫਤ ਕੇਵਲ ਉਸਦੀ ਕਰਨੀ ਚਾਹੀਦੀ ਹੈ ਜੋ ਸਦਾ ਸਦਾ ਕਾਇਮ ਹੈ। ਉਹ ਹੀ ਰਾਜਿਆਂ ਦਾ ਰਾਜਾ ਹੈ—

**ਰਾਜਨ ਮਹਿ ਤੂੰ ਰਾਜਾ ਕਹੀਅਹਿ ਭੂਮਨ ਮਹਿ ਭੂਮਾ ॥**
**ਠਾਕੁਰ ਮਹਿ ਠਕੁਰਾਈ ਤੇਰੀ ਕੋਮਨ ਸਿਰਿ ਕੋਮਾ ॥**

(ਪੰਨਾ ੫੦੭)

ਉਸਦਾ ਜਸ ਇਸ ਲੋਕ ਵਿਚ ਵੀ ਅਤੇ ਪਰਲੋਕ ਵਿਚ ਵੀ ਸਹਾਈ ਹੁੰਦਾ ਹੈ। ਉਸ ਤੋਂ ਬਿਨਾ ਕਿਸੇ ਹੋਰ ਨੂੰ ਸਲਾਹੁਣ ਬਾਰੇ ਗੁਰਬਾਣੀ ਵਿਚ ਫੁਰਮਾਨ ਹੈ—

***ਬਿਨੁ ਸਾਚੇ ਹੋਰੁ ਸਾਲਾਹਣਾ ਜਾਸਹਿ ਜਨਮੁ ਸਭ ਖੋਇ॥***

(ਪੰਨਾ ੫੬੫)

ਉਸ ਸਾਚੇ ਨੂੰ ਸਲਾਹੁਣ ਤੋਂ ਬਿਨਾਂ ਹੋਰਨਾਂ ਨੂੰ ਸਲਾਹੁਣ ਵਾਲੇ ਜਨਮ ਵਿਅਰਥ ਗੁਆ ਜਾਂਦੇ ਹਨ ਤਾਂ ਤੇ ਸਿਫਤ ਸਾਲਾਹ ਸਿਰਜਣਹਾਰ ਦੀ ਹੀ ਕਰਨੀ ਚਾਹੀਦੀ ਹੈ।

ਜਿਸ ਤਰ੍ਹਾਂ ਪਰਮ ਪਿਤਾ ਆਪ ਬੇਅੰਤ ਹੈ, ਇਸੇ ਤਰ੍ਹਾਂ ਉਸਦੀ ਰਚਨਾ ਵੀ ਬੇਅੰਤ ਹੈ। ਉਸ ਨੇ ਹੀ ਧਰਤੀ, ਆਕਾਸ਼, ਚੰਦ, ਸੂਰਜ, ਤਾਂਰੇ, ਹਵਾ, ਪਾਣੀ, ਅੱਗ ਆਦਿ ਬਣਾਏ ਹਨ। ਅਨੇਕ ਪ੍ਰਕਾਰ ਦੇ ਜੀਵ ਜੰਤੂ ਪੈਦਾ ਕੀਤੇ, ਬੇਅੰਤ ਫੁੱਲ ਬੂਟੇ, ਦਰਖਤ ਉਪਜਾਏ। ਉਸਦੇ ਬਣਾਏ ਪਹਾੜ, ਗੁਫਾਵਾਂ, ਦਰਿਆ, ਸਮੁੰਦਰ, ਨਦੀਆਂ, ਨਾਲੇ, ਚਸ਼ਮੇਂ, ਝੀਲਾਂ ਆਦਿ ਵੇਖ ਕੇ ਮਨ ਦੰਗ ਰਹਿ ਜਾਂਦਾ ਹੈ। ਉਸਦੇ ਰਚੇ ਸੁੰਦਰ, ਕੁਦਰਤੀ ਨਜ਼ਾਰਿਆਂ ਨੂੰ ਵੇਖ ਕੇ, ਆਪ ਮੁਹਾਰੇ ਸਿਰ, ਸਿਜਦੇ ਵਿਚ ਝੁਕ ਜਾਂਦਾ ਹੈ। ਉਸ ਦੀਆਂ ਸਿਫਤਾਂ ਦੇ ਭੰਡਾਰ ਭਰੇ ਪਏ ਹਨ, ਪਰ ਸਿਫਤ ਕਰਨ ਵਾਲਾ ਵਿਚਾਰਾ ਪੂਰੀਆਂ ਸਿਫਤਾਂ ਗਿਣ ਨਹੀਂ ਸਕਦਾ—

***ਆਖਣ ਵਾਲਾ ਕਿਆ ਵੇਚਾਰਾ॥ ਸਿਫਤੀ ਭਰੇ ਤੇਰੇ ਭੰਡਾਰਾ॥***

(ਪੰਨਾ ੯)

ਉਸਦੇ ਗੁਣ ਇੰਨੇ ਹਨ ਪਰ ਗੁਣ ਕਹਿਣ ਵਾਲੀ ਜਿਹਬਾ ਇਕ ਹੈ। ਗੁਰੂ ਰਾਮਦਾਸ ਜੀ ਬਚਨ ਕਰਦੇ ਹਨ ਕਿ ਸਾਡੀ ਜਿਹਬਾ ਇਕ ਹੈ ਪਰ ਮਾਧੋ ਦੇ ਗੁਣ ਅਗੰਮ ਹਨ—

***ਹਮਰੀ ਜਿਹਬਾ ਏਕ ਪ੍ਰਭ ਹਰਿ ਕੇ ਗੁਣ ਅਗਮ ਅਥਾਹ॥***

(ਪੰਨਾ ੧੩੧੪)

ਗੁਰੂ ਅਰਜਨ ਦੇਵ ਜੀ ਵੀ ਫੁਰਮਾਉਂਦੇ ਹਨ ਕਿ ਤੇਰੀ ਉਪਮਾ ਬਹੁਤ ਹੈ ਪਰ ਕਥੀ ਨਹੀਂ ਜਾ ਸਕਦੀ ਕਿਉਂਕਿ ਤੂੰ ਅਗਮ ਅਗਾਧ ਹੈਂ—

***ਬਹੁਤੁ ਓਪਮਾ ਥੋਰ ਕਹੀ॥ ਹਰਿ ਅਗਮ ਅਗਮ ਅਗਾਧਿ ਤੁਹੀ॥***

(ਪੰਨਾ ੯੮੭)

ਪਰਮੇਸ਼ਰ ਦੀ ਉਪਮਾ ਕਥਨ ਤੋਂ ਬਾਹਰ ਹੈ। ਗੁਰੂ ਅਰਜਨ ਦੇਵ ਜੀ ਦਾ ਬਚਨ ਹੈ ਕਿ ਉਸਦੀ ਉਪਮਾ ਕਹੀ ਹੀ ਨਹੀਂ ਜਾ ਸਕਦੀ—

***ਉਪਮਾ ਜਾਤ ਨ ਕਹੀ ਮੇਰੇ ਪ੍ਰਭ ਕੀ ਉਪਮਾ ਜਾਤ ਨ ਕਹੀ॥***

(ਪੰਨਾ ੮੩੭)

ਗੁਰੂ ਅਰਜਨ ਦੇਵ ਜੀ ਜੈਤਸਰੀ ਰਾਗ ਵਿਚ ਵੀ ਊਚੇ, ਅਗਮ, ਅਪਾਰ ਪ੍ਰਭੂ ਨੂੰ ਅਕੱਥ ਕਥਨ ਕਰਦੇ ਹਨ—

***ਊਚਾ ਅਗਮ ਅਪਾਰ ਪ੍ਰਭੁ ਕਥਨੁ ਨ ਜਾਇ ਅਕਥੁ॥***
***ਨਾਨਕ ਪ੍ਰਭ ਸਰਣਾਗਤੀ ਰਾਖਨ ਕਉ ਸਮਰਥੁ॥***

(ਪੰਨਾ ੨੦੪)

ਪ੍ਰਮਾਤਮਾ ਦੀਆਂ ਸਿਫਤਾਂ ਇੰਨੀਆਂ ਹਨ ਕਿ ਗੁਰਬਾਣੀ ਵਿਚ ਫੁਰਮਾਨ ਹੈ ਕਿ ਜੇ ਸਾਰੀ ਧਰਤੀ ਨੂੰ ਕਾਗਜ਼ ਬਣਾ ਲਿਆ ਜਾਵੇ। ਸਮੁੰਦਰ ਸਿਆਹੀ ਬਣ ਜਾਵੇ ਅਤੇ ਸਾਰੀ ਬਨਸਪਤੀ ਦੀਆਂ ਕਲਮਾਂ ਬਣਾ ਲਈਆਂ ਜਾਣ ਤਾਂ ਵੀ ਉਸ ਅਗਮ ਅਗੋਚਰ ਦੀਆਂ ਸਿਫਤਾਂ ਲਿਖੀਆਂ ਨਹੀਂ ਜਾ ਸਕਦੀਆਂ।

ਅਕਾਲ ਪੁਰਖ ਦਾ ਜਸ ਕਰਨਾ ਕੇਵਲ ਇਸ ਲਈ ਹੀ ਜ਼ਰੂਰੀ ਨਹੀਂ ਕਿ ਉਹ ਵੱਡਾ ਹੈ, ਬੇਅੰਤ ਹੈ, ਅਗਮ ਹੈ, ਅਗਾਧ ਹੈ, ਸਗੋਂ ਇਸ ਲਈ ਵੀ ਜ਼ਰੂਰੀ ਹੈ ਕਿ ਉਸਨੂੰ ਆਪਣੀ ਵਡਿਆਈ ਭਾਉਂਦੀ ਹੈ, ਚੰਗੀ ਲਗਦੀ ਹੈ। ਗੁਰੂ ਅਮਰਦਾਸ ਜੀ ਗੁਰਸਿੱਖ ਨੂੰ ਵਾਹੁ ਵਾਹੁ ਕਰਨ ਦਾ ਉਪਦੇਸ਼ ਕਰ ਰਹੇ ਹਨ ਕਿਉਂਕਿ 'ਗੁਰ ਪੂਰੇ' ਨੂੰ ਵਾਹੁ ਵਾਹੁ ਭਾਉਂਦੀ ਹੈ—

***ਵਾਹੁ ਵਾਹੁ ਗੁਰਸਿਖ ਨਿਤ ਸਭ ਕਰਹੁ ਗੁਰ ਪੂਰੇ ਵਾਹੁ ਵਾਹੁ ਭਾਵੈ॥***
***ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ ਤਿਸੁ ਜਮ ਕੰਕਰਿ ਨੇੜਿ ਨ ਆਵੈ॥***

(ਪੰਨਾ ੫੧੫)

ਗੁਰੂ ਰਾਮਦਾਸ ਜੀ ਵੀ ਫੁਰਮਾਉਂਦੇ ਹਨ ਕਿ ਹਰਿ ਨੂੰ ਆਪਣੀ ਵਡਿਆਈ ਭਾਉਂਦੀ ਹੈ—

***ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ॥***

(ਪੰਨਾ ੬੫੨)

ਉਸਦੀ ਸਿਫਤ ਸਾਲਾਹ ਭਾਵੇਂ ਉਸਨੂੰ ਭਾਉਂਦੀ ਹੈ, ਪਰ ਉਹ ਪਰਿਪੂਰਨ ਪਰਮੇਸ਼ਰ ਵਡਿਆਈ ਨਾਲ ਨ ਵੱਡਾ ਹੁੰਦਾ ਹੈ ਨ ਕੁਝ ਘਟਦਾ ਹੈ ਭਾਵ ਇਹ ਵਡਿਆਈ ਤਿਲ ਸਮਾਨ ਹੈ ਤੇ ਉਸਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਗੁਰੂ ਨਾਨਕ ਦੇਵ ਜੀ ਉਸ ਦੀ ਸਿਫਤ ਸਾਲਾਹ ਕਰਦੇ ਹੋਏ ਫੁਰਮਾਉਂਦੇ ਹਨ—

***ਜੇ ਸਭਿ ਮਿਲਿ ਕੈ ਆਖਣ ਪਾਹਿ॥ ਵਡਾ ਨ ਹੋਵੈ ਘਾਟਿ ਨ ਜਾਇ॥***

(ਪੰਨਾ ੯)

ਪ੍ਰਭ ਜੀ ਨੂੰ ਆਪਣੀ ਵਾਹੁ ਵਾਹੁ ਤਾਂ ਭਾਉਂਦੀ ਹੀ ਹੈ, ਵਾਹੁ ਵਾਹੁ ਕਰਨ ਵਾਲਾ ਵੀ ਭਾਉਂਦਾ ਹੈ। ਇਸ ਲਈ ਜਗਿਆਸੂ ਪ੍ਰਮਾਤਮਾ ਦੀ ਵਡਿਆਈ ਕਰਕੇ, ਜਸ ਕਰਕੇ

ਹੀ, ਉਸ ਨਾਲ ਪ੍ਰੀਤੀ ਜੋੜ ਸਕਦਾ ਹੈ।

ਮਨੁਖ, ਪ੍ਰਮਾਤਮਾ ਦੇ ਅਨੇਕ ਗੁਣਾਂ ਨੂੰ ਜਾਣ ਨਹੀਂ ਸਕਦਾ, ਕੇਵਲ ਅਰਦਾਸ ਹੀ ਕਰ ਸਕਦਾ ਹੈ—

***ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ ਮੈ ਮੂਰਖ ਕਿਛੁ ਦੀਜੈ॥***
***ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ ਡੁਬਦਾ ਪਥਰੁ ਲੀਜੈ॥***

*(ਪੰਨਾ ੫੯੬)*

ਉਸਦੇ ਨਾਮ ਅਨੇਕਾਂ ਹਨ ਰੂਪ ਅਨੇਕ ਹਨ, ਅਤੇ ਗੁਣ ਕਹੇ ਹੀ ਨਹੀਂ ਜਾ ਸਕਦੇ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ—

***ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ॥***

*(ਪੰਨਾ ੩੫੮)*

ਉਸਦਾ ਕੋਈ ਅੰਤ ਪਾਰਾਵਾਰ ਨਹੀਂ ਹੈ। ਉਹ ਅਗਮ ਹੈ, ਅਗੋਚਰ ਹੈ, ਉਹ ਸਰਬ ਵਿਆਪਕ ਹੈ। ਉਹ ਕਰਨ ਕਰਾਵਨਹਾਰ ਤੇ ਘਟ ਘਟ ਦੀਆਂ ਜਾਣਨ ਵਾਲਾ ਹੈ। ਉਹ ਅਮੋਲਕ ਹੈ ਉਸਦਾ ਕੋਈ ਮੁੱਲ ਨਹੀਂ ਪਾਇਆ ਜਾ ਸਕਦਾ—

***ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ॥***

*(ਪੰਨਾ ੯੨੧)*

ਉਹ ਦਰਿਆ ਸਮਾਨ ਹੈ ਤੇ ਸਭ ਕੁਝ ਉਸਦੇ ਵਿਚ ਸਮਾਇਆ ਹੋਇਆ ਹੈ—

***ਤੂੰ ਦਰੀਆਉ ਸਭ ਤੁਝ ਹੀ ਮਾਹਿ॥*** *(ਪੰਨਾ ੧੧)*

ਉਹ ਵਰਣਾਂ ਚਿਹਨਾਂ ਤੋਂ ਬਾਹਰ ਹੈ, ਉਹ ਮਿਹਰਬਾਨ, ਦਇਆਲੂ ਹੈ। ਗੁਰੂ ਅਰਜਨ ਦੇਵ ਜੀ ਉਸ ਨੂੰ ਬਾਰ ਬਾਰ ਮਿਹਰਵਾਨ ਕਹਿ ਕੇ ਵਡਿਆਉਂਦੇ ਹਨ—

***ਮਿਹਰਵਾਨੁ ਸਾਹਿਬੁ ਮਿਹਰਵਾਨੁ॥ ਸਾਹਿਬੁ ਮੇਰਾ ਮਿਹਰਵਾਨੁ॥***

*(ਪੰਨਾ ੭੨੪)*

ਜਿੰਨਾ ਵੱਡਾ ਉਹ ਆਪ ਹੈ, ਉਸ ਦੀਆਂ ਦਾਤਾਂ ਵੀ ਓਨੀਆਂ ਹੀ ਵੱਡੀਆਂ ਹਨ, ਉਹ ਗੁਣਾਂ ਦਾ ਖਜ਼ਾਨਾ ਹੈ। ਉਹ ਗਹਿਰ ਗੰਭੀਰ ਹੈ, ਗੁਣੀ ਗਹੀਰ ਹੈ। ਉਸ ਦੀਆਂ ਵਡਿਆਈਆਂ ਇੰਨੀਆਂ ਹਨ ਕਿ ਵਰਣਨ ਨਹੀਂ ਕੀਤੀਆਂ ਜਾ ਸਕਦੀਆਂ—

***ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥***

*(ਪੰਨਾ ੯)*

ਗੁਰੂ ਰਾਮਦਾਸ ਜੀ ਉਸਦੀ ਸਿਫਤ ਵਿਚ ਲਿਖਦੇ ਹਨ ਕਿ ਤੂੰ ਏਨਾ ਬੇਅੰਤ ਹੈ ਕਿ ਮੈਂ ਤੇਰੇ ਕਿਹੜੇ ਕਿਹੜੇ ਗੁਣ ਦੱਸਾਂ—

**ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ॥**

(ਪੰਨਾ ੩੪੮)

ਉਸ ਦੀਆਂ ਵਡਿਆਈਆਂ ਨੂੰ ਉਹ ਹੀ ਜਾਣ ਸਕਦਾ ਹੈ ਜੋ ਉਸ ਜਿੰਨਾ ਵੱਡਾ ਹੋਵੇ—

**ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥**
**ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥**

(ਪੰਨਾ ੫)

ਪਾਰਬ੍ਰਹਮ ਦੀ ਲੀਲਾ ਅਸਚਰਜ ਹੈ। ਉਹ ਭਿਖਾਰੀ ਤੋਂ ਰਾਜ ਕਰਾ ਸਕਦਾ ਹੈ ਅਤੇ ਰਾਜੇ ਨੂੰ ਭਿਖਾਰੀ ਬਣਾ ਸਕਦਾ ਹੈ। ਭਗਤ ਕਬੀਰ ਜੀ ਸਾਰੰਗ ਰਾਗ ਦੀ ਆਪਣੀ ਬਾਣੀ ਵਿਚ ਉਸਦੀ ਅਸਚਰਜ ਸ਼ਕਤੀ ਦਾ ਵਰਣਨ ਇਉਂ ਕਰਦੇ ਹਨ—

**ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ॥**
**ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ॥੨॥**
**ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ॥**
**ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ॥੩॥**
**ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ॥**
**ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ॥**

(ਪੰਨਾ ੧੨੫੨)

ਐਸੇ ਗੁਣਾਂ ਦੇ ਮਾਲਕ ਤੋਂ ਗੁਰੂ ਅਮਰਦਾਸ ਜੀ ਬਲਿਹਾਰੇ ਜਾਂਦੇ ਹਨ—

**ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ॥**

(ਪੰਨਾ ੯੧੭)

ਜਿਸ ਨੂੰ ਪਰਮੇਸ਼ਰ ਆਪਣੀ ਸਿਫਤ ਸਾਲਾਹ ਬਖਸ਼ ਦੇਵੇ ਉਹ ਪਾਤਸ਼ਾਹਾਂ ਦਾ ਪਾਤਸ਼ਾਹ ਬਣ ਜਾਂਦਾ ਹੈ—

**ਜਿਸ ਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥**

(ਪੰਨਾ ੫)

ਕਿਉਂਕਿ ਉਸਦੀ ਸਿਫਤ ਸਾਲਾਹ ਵੀ ਵੱਡੇ ਭਾਗਾਂ ਨਾਲ ਮਿਲਦੀ ਹੈ—

**ਬਡਭਾਗੀ ਤੇ ਜਨ ਜਗ ਮਾਹਿ॥ ਸਦਾ ਸਦਾ ਹਰਿ ਕੇ ਗੁਨ ਗਾਹਿ॥**

(ਪੰਨਾ ੨੯੧)

ਹਰਿ ਦੇ ਗੁਣ ਗਾਉਣੇ ਅਤੇ ਜਸ ਸੁਣਨਾ ਦੋਨੋਂ ਹੀ ਲਾਹੇਵੰਦ ਹਨ। ਉਹ ਵੇਲਾ

ਧੰਨ ਹੈ ਜਦੋਂ ਹਰਿ ਦਾ ਜਸ ਸੁਣਨ ਨੂੰ ਮਿਲੇ—

***ਧੰਨੁ ਸੁ ਵੇਲਾ ਜਿਤੁ ਹਰਿ ਗਾਵਤ ਸੁਨਣਾ ਆਏ ਤੇ ਪਰਵਾਨਾ ਜੀਉ॥***

(ਪੰਨਾ ੧੦੩)

ਉਹ ਰਸਨਾ ਧੰਨ ਹੈ ਜੋ ਹਰਿ ਜਸ ਉਚਾਰਦੀ ਹੈ—

***ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥***

(ਪੰਨਾ ੫੪੦)

ਪ੍ਰਭੂ ਦੇ ਗੁਣ ਗਾਉਣ ਨਾਲ ਮਨੁਖ ਦੇ ਦੁੱਖਾਂ ਦੇ ਮੂਲ ਕਾਰਨ ਦੂਰ ਹੋ ਜਾਂਦੇ ਹਨ ਅਤੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਗੁਰਬਾਣੀ ਵਿਚ ਅਜਿਹੇ ਅਨੇਕਾਂ ਪ੍ਰਮਾਣ ਮਿਲਦੇ ਹਨ। ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਦੁੱਖਾਂ ਦਾ ਮੂਲ ਕਾਰਨ "ਹਉਮੈ" ਸਿਰਜਣਹਾਰ ਦਾ ਜਸ ਕਰਨ ਨਾਲ ਦੂਰ ਹੋ ਜਾਂਦੀ ਹੈ ਅਤੇ ਮਨ ਨਿਰਮਲ ਹੋ ਜਾਂਦਾ ਹੈ—

***ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ॥***

(ਪੰਨਾ ੫੧੫)

ਗੁਰੂ ਅਰਜਨ ਦੇਵ ਜੀ ਵੀ ਕਾਮ, ਕ੍ਰੋਧ ਆਦਿ ਵਿਕਾਰਾਂ ਤੋਂ ਛੁਟਕਾਰਾ ਪਾਉਣ ਲਈ ਉਸਦੇ ਗੁਣ ਗਾਉਣ ਦਾ ਉਪਦੇਸ਼ ਦਿੰਦੇ ਹਨ—

***ਆਠ ਪਹਰ ਗੁਨ ਗਾਵਤ ਪ੍ਰਭ ਕੇ ਕਾਮ ਕ੍ਰੋਧ ਇਸੁ ਤਨ ਤੇ ਜਾਤ॥***

(ਪੰਨਾ ੮੨੦-੨੧)

ਉਸਦੇ ਗੁਣ ਗਾਉਣ ਨਾਲ ਮੁਖ ਉਜਲ ਤੇ ਚਿੱਤ ਨਿਰਮਲ ਹੁੰਦਾ ਹੈ। ਸਭ ਪ੍ਰਕਾਰ ਦੇ ਦੁੱਖ ਅਤੇ ਭਰਮ ਕੱਟੇ ਜਾਂਦੇ ਹਨ—

***ਊਠਤ ਬੈਠਤ ਹਰਿ ਗੁਣ ਗਾਵੈ ਦੂਖੁ ਦਰਦੁ ਭ੍ਰਮੁ ਭਾਗਾ॥***

(ਪੰਨਾ ੬੧੪)

ਉਸਦਾ ਜਸ ਕਰਨ ਨਾਲ ਸਭ ਪ੍ਰਕਾਰ ਦੇ ਪਾਪ ਦੂਰ ਹੋ ਜਾਂਦੇ ਹਨ। ਉਸਦੀ ਸਿਫਤ ਸਾਲਾਹ ਨਾਲ ਸਭ ਭੁੱਖਾਂ ਮਿੱਟ ਜਾਂਦੀਆਂ ਹਨ, ਜਿਵੇਂ ਫੁਰਮਾਨ ਹੈ—

***ਜਿਤੁ ਮੁਖਿ ਤੂ ਸਾਲਾਹੀਅਹਿ ਤਿਤੁ ਮੁਖਿ ਕੈਸੀ ਭੁਖ॥***

(ਪੰਨਾ ੧੩੨੮)

ਉਸਦਾ ਜਸ ਕਰਨ ਨਾਲ ਮਨੁਖ ਨੂੰ ਪਰਮ ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਆਵਾਗਉਣ ਦਾ ਚੱਕਰ ਹੀ ਮੁੱਕ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਬਚਨ ਕਰਦੇ ਹਨ—

***ਗਾਵਹੁ ਰਾਮ ਕੇ ਗੁਣ ਗੀਤ॥***

*ਨਾਮੁ ਜਪਤ ਪਰਮ ਸੁਖੁ ਪਾਈਐ,*
*ਆਵਾ ਗਉਣੁ ਮਿਟੈ ਮੇਰੇ ਮੀਤ॥* (ਪੰਨਾ ੯੦੧)

ਆਵਾਗਉਣ ਨੂੰ ਮਿਟਾਉਣ ਵਾਲਾ ਪ੍ਰਭੂ ਦਾ ਜਸ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਉਸ ਨੂੰ ਆਪਣੇ ਸਿਰ ਦਾ ਸਾਈਂ, ਸਰਵਉੱਚ ਮਾਲਕ ਦੱਸਦੇ ਹੋਏ ਫ਼ੁਰਮਾਨ ਕਰਦੇ ਹਨ—

*ਮਾਧੌ ਤੂ ਠਾਕੁਰੁ ਸਿਰਿ ਮੋਰਾ॥ ਈਹਾ ਊਹਾ ਤੁਹਾਰੋ ਧੋਰਾ॥ ਰਹਾਉ॥*
(ਪੰਨਾ ੬੧੩)

ਹੇ ਮਾਧੋ ! ਇਥੇ ਵੀ ਤੇ ਅਗਲੀ ਦਰਗਾਹ ਵਿਚ ਵੀ ਤੇਰਾ ਹੀ ਆਸਰਾ ਹੈ। ਤੂੰ ਦਾਤਾ ਹੈਂ ਅਤੇ ਸਭ ਤੇਰੇ ਕੋਲੋਂ ਹੀ ਮੰਗਦੇ ਹਨ। ਤੈਨੂੰ ਜਿਵੇਂ ਭਾਉਂਦਾ ਹੈ ਤੂੰ ਦੇਵੇਂ ਸਭਨਾ ਨੂੰ ਦੇਈ ਜਾਂਦਾ ਹੈਂ। ਤੇਰੇ ਚਲਿਤ ਅਸਚਰਜ ਕਰਨ ਵਾਲੇ ਹਨ। ਤੂੰ ਊਚਾ ਅਗਮ ਅਪਾਰ ਹੈਂ, ਫ਼ੁਰਮਾਨ ਹੈ—

*ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ॥*
*ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ॥*
*ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਿਤ ਤੁਮਾਰੇ॥*
*ਰੂੜੋ ਗੂੜੋ ਗਹਿਰ ਗੰਭੀਰੋ ਊਚੌ ਅਗਮ ਅਪਾਰੇ॥*
*ਸਾਧਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ॥*
*ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ॥*
(ਪੰਨਾ ੬੧੩)

ਇਸ ਪਦ ਵਿਚ ਗੁਰੂ ਅਰਜਨ ਦੇਵ ਜੀ ਨੇ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਦੇ ਹੋਏ, ਉਸੇ ਦੀ ਟੇਕ ਜਾਂ ਆਸਰਾ ਲੈਣ ਦਾ ਉਪਦੇਸ਼ ਵੀ ਦਿੱਤਾ ਹੈ ਕਿਉਂਕਿ ਉਸ ਤੋਂ ਬਿਨਾਂ ਕੋਈ ਹੋਰ ਉਸ ਦੇ ਬਰਾਬਰ ਹੈ ਹੀ ਨਹੀਂ। ਹੇ ਪ੍ਰਭੂ ! ਤੈਨੂੰ ਛੱਡ ਕੇ ਹੋਰ ਕਿਧਰ ਜਾਈਏ—

*ਤੁਧਨੋ ਛੋਡਿ ਜਾਈਐ ਪ੍ਰਭ ਕੈਂ ਧਰਿ॥ ਆਨ ਨ ਬੀਆ ਤੇਰੀ ਸਮਸਰਿ॥*
(ਪੰਨਾ ੩੭੧)

ਉਸ ਤੋਂ ਬਿਨਾਂ ਸਭ ਆਸਰੇ ਝੂਠੇ ਹਨ—

*ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥ ਦੇਵਨ ਕਉ ਏਕੈ ਭਗਵਾਨੁ॥*
(ਪੰਨਾ ੨੮੧)

ਜੇ ਉਸ ਪ੍ਰਮਾਤਮਾ ਨੂੰ ਛੱਡ ਕੇ ਕਿਸੇ ਹੋਰ ਦੀ ਆਸ ਰੱਖੀ ਜਾਏ ਤਾਂ ਹਰਿ ਸਭ

ਘਾਲ ਨਿਸਫਲ ਕਰ ਦਿੰਦਾ ਹੈ—

***ਜੇ ਹਰਿ ਤਿਆਗ ਅਵਰ ਕੀ ਆਸ ਕੀਜੈ ਤਾ ਹਰਿ ਨਿਹਫਲ ਸਭ ਘਾਲ ਗਵਾਸਾ ॥***

*(ਪੰਨਾ ੮੬੦)*

ਫਿਰ ਤਾਂ ਸਭ ਆਸਾਂ ਲਾਹ ਕੇ ਉਸ ਇਕ ਉਤੇ ਹੀ ਆਸ ਰੱਖਣੀ ਚਾਹੀਦੀ ਹੈ—

***ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ ॥***
***ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥***

*(ਪੰਨਾ ੨੫੭)*

ਕਿਉਂਕਿ ਉਸ ਇਕ ਸੱਚੇ ਤੋਂ ਬਿਨਾਂ ਬਾਕੀ ਸਭ ਝੂਠਾ ਮਾਨ ਹੈ—

***ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ॥***
***ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ ॥*** *(ਪੰਨਾ ੧੧੩੮)*

★ ★ ★

# ਆਠ ਪਹਰ ਗੋਵਿੰਦ ਗੁਣ ਗਾਈਐ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਮਨੁੱਖ ਨੂੰ ਅੱਠੇ ਪਹਿਰ ਗੋਬਿੰਦ ਦੇ ਗੁਣ ਗਾਉਣ ਲਈ ਬਾਰ ਬਾਰ ਸੁਚੇਤ ਕਰਦੀ ਹੈ। ਗੁਰਬਾਣੀ ਅਨੁਸਾਰ ਇਕ ਵੀ ਸੁਆਸ ਅਕਾਲ ਪੁਰਖ ਦੀ ਯਾਦ ਤੋਂ ਬਿਨਾਂ ਨਹੀਂ ਜਾਣਾ ਚਾਹੀਦਾ। ਪ੍ਰਮਾਤਮਾ ਦੇ ਗੁਣ ਗਾਉਣੇ, ਉਸਦਾ ਜਸ ਕਰਨਾ, ਉਸਦੇ ਸੋਹਿਲੇ ਗਾਉਣੇ, ਉਸਨੂੰ ਯਾਦ ਕਰਨ ਦਾ ਹੀ ਇਕ ਢੰਗ ਹੈ। ਮਨੁਖਾ ਜੀਵਨ ਦਾ ਇਕ ਪਲ ਵੀ, ਪਰਮੇਸ਼ਰ ਦੀ ਯਾਦ ਤੋਂ ਬਿਨਾਂ ਖਾਲੀ ਨਹੀਂ ਜਾਣਾ ਚਾਹੀਦਾ। ਗੁਰਬਾਣੀ ਅਨੁਸਾਰ ਤਾਂ, ਮਨੁਖ ਨੂੰ ਇਹ ਜੀਵਨ ਮਿਲਿਆ ਹੀ ਕਿਸੇ ਖਾਸ ਉਦੇਸ਼ ਲਈ ਹੈ ਅਤੇ ਉਹ ਉਦੇਸ਼ ਹੈ—ਅੱਠੇ ਪਹਿਰ, ਦਿਨ ਰਾਤ, ਉਠਦਿਆਂ ਬਹਿੰਦਿਆਂ, ਸੌਂਦਿਆਂ, ਜਾਗਦਿਆਂ, ਸੁਆਸ ਸੁਆਸ ਗੋਬਿੰਦ ਦੇ ਗੁਣ ਗਾਉਣੇ। ਇਕ ਸੁਆਸ ਵੀ ਪ੍ਰਮਾਤਮਾ ਨੂੰ ਨ ਵਿਸਾਰਨ ਲਈ ਮਨੁਖ ਨੂੰ ਗੁਰਬਾਣੀ ਵਿਚ ਸਾਵਧਾਨ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਫੁਰਮਾਨ ਹੈ—

***ਆਠ ਪਹਰ ਗੋਵਿੰਦ ਗੁਣ ਗਾਈਐ ਬਿਸਰੁ ਨ ਕੋਈ ਸਾਸਾ ਜੀਉ॥***

*(ਪੰਨਾ ੧੦੮)*

ਪ੍ਰਭੂ ਦੇ ਗੁਣ ਗਾਉਣ ਲਈ ਕੋਈ ਸਮਾਂ ਨਿਸਚਿਤ ਨਹੀਂ ਕੀਤਾ ਜਾ ਸਕਦਾ। ਭਾਵੇਂ ਅੰਮ੍ਰਿਤ ਵੇਲਾ ਇਸ ਕੰਮ ਲਈ ਉੱਤਮ ਸਮਝਿਆ ਗਿਆ ਹੈ, ਪਰ ਗੁਰਬਾਣੀ ਅਨੁਸਾਰ ਤਾਂ, ਕੋਈ ਵੀ ਸਮਾਂ, ਇਸ ਤੋਂ ਬਿਨਾਂ ਖਾਲੀ ਨਹੀਂ ਜਾਣਾ ਚਾਹੀਦਾ। ਹਰ ਰੁਤ, ਹਰ ਮਹੀਨਾ, ਮਹੂਰਤ, ਘੜੀ, ਪ੍ਰਮਾਤਮਾ ਦੇ ਗੁਣ ਉਚਾਰਨ ਲਈ ਸ਼ੁਭ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਜ਼ੂਰ ਫੁਰਮਾਨ ਕਰਦੇ ਹਨ—

***ਜਸੁ ਗਾਵਹੁ ਵਡਭਾਗੀਹੋ ਕਰਿ ਕਿਰਪਾ ਭਗਵੰਤ ਜੀਉ॥***
***ਰੁਤੀ ਮਾਹ ਮੂਰਤ ਘੜੀ ਗੁਣ ਉਚਰਤ ਸੋਭਾਵੰਤ ਜੀਉ॥***

*(ਪੰਨਾ ੯੨੭)*

ਗੁਰਬਾਣੀ ਮਨੁਖ ਨੂੰ ਸੁੱਤਿਆਂ ਹੋਇਆਂ ਵੀ ਤੇ ਉਠਦਿਆਂ ਵੀ ਪਰਮ ਪਿਤਾ ਨੂੰ ਸਾਲਾਹੁਣ ਦਾ ਆਦੇਸ਼ ਦੇ ਰਹੀ ਹੈ—

***ਸੁਤਿਆ ਗੁਰੁ ਸਾਲਾਹੀਐ ਉਠਦਿਆ ਭੀ ਗੁਰੁ ਆਲਾਉ॥***
***ਕੋਈ ਐਸਾ ਗੁਰਮੁਖਿ ਜੇ ਮਿਲੈ ਹਉ ਤਾ ਕੇ ਧੋਵਾ ਪਾਉ॥***

*(ਪੰਨਾ ੭੫੮)*

ਗੁਰੂ ਰਾਮਦਾਸ ਜੀ ਐਸੇ ਗੁਰਮੁਖ ਉਤੇ ਕਿੰਨੀ ਬਖਸ਼ਿਸ਼ ਕਰਦੇ ਹਨ ਕਿ ਜੋ ਸੁਤਿਆਂ ਵੀ ਤੇ ਉਠਦਿਆਂ ਵੀ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ, ਉਸਦੇ ਪੈਰ ਧੋਣੇ ਚਾਹੀਦੇ ਹਨ। ਗੁਰਬਾਣੀ ਅਨੁਸਾਰ ਅਸਲ ਕੰਮ ਹੀ ਇਹ ਹੈ ਕਿ ਦਿਨ ਰਾਤ ਅਕਾਲ ਪੁਰਖ ਦੇ ਗੁਣ ਗਾਏ ਜਾਣ। ਫੁਰਮਾਨ ਹੈ—

***ਦਿਨੁ ਰੈਨਿ ਸਦਾ ਗੁਨ ਗਾਉ॥ ਪੂਰਨ ਏਹੀ ਸੁਆਉ॥***

(ਪੰਨਾ ੮੯੫)

ਦਿਨ ਰੈਨ ਜਾਂ ਅੱਠੇ ਪਹਿਰ ਹੀ ਨਹੀਂ ਸਗੋਂ ਹਰ ਸੁਆਸ ਨਾਲ ਪ੍ਰਭੂ ਦੇ ਗੁਣ ਗਾਉਣ ਦਾ ਹੁਕਮ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ—

***ਜੇਤੇ ਸਾਸ ਗ੍ਰਾਸ ਮਨੁ ਲੇਤਾ ਤੇਤੇ ਹੀ ਗੁਨ ਗਾਈਐ॥***
***ਜਉ ਹੋਇ ਦੈਆਲੁ ਸਤਿਗੁਰੁ ਅਪੁਨਾ ਤਾ ਇਹ ਮਤਿ ਬੁਧਿ ਪਾਈਐ॥***

(ਪੰਨਾ ੨੧੩)

ਪ੍ਰਭੂ ਦੇ ਗੁਣ ਗਾਉਣ ਦੀ ਇਹ ਮਤਿ ਬੁਧਿ, ਹਰ ਇਕ ਨੂੰ ਨਹੀਂ ਮਿਲਦੀ। ਮਨੁਖ ਆਪਣੀ ਮਤਿ ਅਨੁਸਾਰ, ਆਪਣੀ ਸਿਆਣਪ ਨਾਲ ਆਪਣੇ ਜੀਵਨ ਨੂੰ ਸੁਆਰਨ ਦਾ ਯਤਨ ਕਰਦਾ ਰਹਿੰਦਾ ਹੈ। ਪ੍ਰਭੂ ਦੀਆਂ ਦਿੱਤੀਆਂ ਹੋਈਆਂ ਦਾਤਾਂ ਵਿਚ ਇੰਨਾ ਖਚਿਤ ਹੋ ਜਾਂਦਾ ਹੈ ਕਿ ਦੇਣਹਾਰ ਨੂੰ ਭੁਲਾ ਹੀ ਦਿੰਦਾ ਹੈ। ਇਸ ਲਈ ਗੁਰਬਾਣੀ ਐਸੇ ਮਨੁਖ ਨੂੰ ਬਾਰ ਬਾਰ ਸੁਚੇਤ ਕਰਦੀ ਹੈ ਕਿ ਹੇ ਪ੍ਰਾਣੀ! ਇਹ ਵੱਡਮੁੱਲਾ ਜਨਮ ਵਿਅਰਥ ਨ ਗੁਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਤੇਗ ਬਹਾਦਰ ਜੀ ਦਾ ਫੁਰਮਾਨ ਹੈ—

***ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥***
***ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ॥***

(ਪੰਨਾ ੧੪੨੬)

ਇਸੇ ਲਈ ਮਨੁਖ ਨੂੰ ਸਭ ਸਿਆਣਪਾਂ ਛੱਡ ਕੇ, ਮਨ ਦੀ ਮਤਿ ਤਿਆਗ ਕੇ, ਗੁਰੂ ਦੀ ਸ਼ਰਣ ਵਿਚ ਆ ਕੇ, ਗੋਬਿੰਦ ਦੇ ਗੁਣ ਗਾਉਣ ਦੀ ਪ੍ਰੇਰਨਾ, ਗੁਰਬਾਣੀ ਵਿਚ ਕੀਤੀ ਗਈ ਹੈ—

***ਮਨ ਮੇਰੇ ਕਰਤੇ ਨੋ ਸਾਲਾਹਿ॥***
***ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ॥***

(ਪੰਨਾ ੪੩)

ਮਨੁੱਖ ਨੂੰ ਇਹ ਜੋ ਵੱਡਮੁੱਲਾ ਸਮਾਂ ਮਨੁੱਖ ਜਨਮ ਵਿਚ ਮਿਲਿਆ ਹੈ, ਇਹ ਵਿਅਰਥ ਬੀਤਦਾ ਜਾ ਰਿਹਾ ਹੈ ਅਤੇ ਗੁਰਬਾਣੀ ਪੁਕਾਰ ਪੁਕਾਰ ਕੇ ਕਹਿ ਰਹੀ ਹੈ ਕਿ ਇਸ ਜਨਮ ਵਿਚ ਕੀਤਾ ਹਰਿ ਜਸ, ਕੰਮ ਆਏਗਾ, ਇਸ ਲਈ ਹੇ ਮਨਾ ਹਰਿ ਜਸ ਗਾ ਲੈ—

***ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ॥***
***ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ॥***

*(ਪੰਨਾ ੭੨੭)*

ਗੁਰਬਾਣੀ ਵਿਚ ਮਨੁਖ ਨੂੰ ਪਾਰਬ੍ਰਹਮ ਦੇ ਗੁਣ ਗਾਉਣ ਦੀ ਪ੍ਰੇਰਨਾ ਹੀ ਨਹੀਂ ਕੀਤੀ ਗਈ ਸਗੋਂ ਉਸਦੀ ਅਪਾਰ ਮਹਿਮਾ ਦਾ ਵਰਣਨ ਬਹੁਤ ਵਿਸਥਾਰ ਵਿਚ ਕੀਤਾ ਗਿਆ ਹੈ। ਉਸਨੂੰ ਸਭ ਤੋਂ ਉੱਚਾ, ਸਭ ਤੋਂ ਸੁੱਚਾ, ਅਗਮ, ਅਗੋਚਰ, ਅਬਿਨਾਸੀ, ਕਰਨ ਕਰਾਵਨਹਾਰ, ਘਟ ਘਟ ਦੀਆਂ ਜਾਣਨ ਵਾਲਾ, ਬੇਅੰਤ ਬੇਅੰਤ ਕਿਹਾ ਗਿਆ ਹੈ। ਉਸਦੇ ਗੁਣ ਇੰਨੇ ਹਨ ਕਿ ਕੋਈ ਜਾਣ ਹੀ ਨਹੀਂ ਸਕਦਾ। ਇਕ ਜੀਭ ਪਰਮੇਸਰ ਦੇ ਅਨੇਕ ਗੁਣਾਂ ਨੂੰ ਦੱਸਣ ਤੋਂ ਅਸਮਰਥ ਹੈ—

***ਹਮਰੀ ਜਿਹਬਾ ਏਕ ਪ੍ਰਭ ਹਰਿ ਕੇ ਗੁਣ ਅਗਮ ਅਥਾਹ॥***
***ਹਮ ਕਿਉ ਕਰਿ ਜਪਹ ਇਆਣਿਆ ਹਰਿ ਤੁਮ ਵਡ ਅਗਮ ਅਗਾਹ॥***

*(ਪੰਨਾ ੧੩੧੪)*

ਅਗਮ ਅਗੋਚਰ ਦੇ ਗੁਣ ਦੱਸਦੇ ਹੋਏ ਵੀ, ਗੁਰਬਾਣੀ ਵਿਚ ਪ੍ਰਭੂ ਅੱਗੇ ਹੀ ਬੇਨਤੀ ਕੀਤੀ ਗਈ ਹੈ ਕਿ ਸਾਡੀ ਮਤਿ, ਤੇਰੇ ਹੀ ਵੱਸ ਵਿਚ ਹੈ, ਤੂੰ ਸਮਰਥ ਹੈ, ਤੇਰੀ ਸੋਭਾ ਬਹੁਤ ਬਹੁਤ ਹੈ, ਪਰ ਤੁਛ ਕਰਕੇ ਹੀ ਵਰਨਣ ਹੋ ਸਕਦੀ ਹੈ। ਗੁਰਵਾਕ ਹੈ—

***ਹਰਿ ਕੇ ਗੁਨ ਬਹੁਤ ਬਹੁਤ ਬਹੁ ਸੋਭਾ ਹਮ ਤੁਛ ਕਰਿ ਕਰਿ ਬਰਨਥੇ॥***
***ਹਮਰੀ ਮਤਿ ਵਸਗਤਿ ਪ੍ਰਭ ਤੁਮਰੈ ਜਨ ਨਾਨਕ ਕੇ ਪ੍ਰਭ ਸਮਰਥੇ॥***

*(ਪੰਨਾ ੧੩੨੦)*

ਅਕਾਲ ਪੁਰਖ ਦੇ ਗੁਣ ਗਾਉਣ ਦਾ ਸੁਆਦ ਕੋਈ ਵਿਰਲਾ ਹੀ ਜਾਣਦਾ ਹੈ। ਇਹ ਕਹਿਣ, ਕਥਨ ਦੀ ਗੱਲ ਨਹੀਂ ਅਨੁਭਵ ਕਰਨ ਦੀ ਗੱਲ ਹੈ। ਗੂੰਗੇ ਦੇ ਗੁੜ ਖਾਣ ਵਾਂਗ, ਸੁਆਦ ਦੱਸਿਆ ਨਹੀਂ ਜਾ ਸਕਦਾ। ਗੁਰਬਾਣੀ ਵਿਚ ਇਸ ਨੂੰ ਵਿਸਮਾਦ ਹੀ ਕਿਹਾ ਗਿਆ ਹੈ—

***ਏਕੋ ਏਕੁ ਬਖਾਨੀਐ ਬਿਰਲਾ ਜਾਣੈ ਸ੍ਵਾਦੁ॥***
***ਗੁਣ ਗੋਬਿੰਦ ਨ ਜਾਣੀਐ ਨਾਨਕ ਸਭੁ ਬਿਸਮਾਦੁ॥***

*(ਪੰਨਾ ੨੫੯)*

ਜਿਵੇਂ ਅਣਵੇਖੀ ਗੱਲ ਨੂੰ ਕਹਿਣਾ ਔਖਾ ਹੁੰਦਾ ਹੈ। ਇਸੇ ਤਰ੍ਹਾਂ ਗੋਬਿੰਦ ਦੇ ਗੁਣਾਂ ਨੂੰ ਜਾਣੇ ਤੋਂ ਬਿਨਾਂ ਉਨ੍ਹਾਂ ਦਾ ਕਥਨ ਕਿਵੇਂ ਕੀਤਾ ਜਾ ਸਕਦਾ ਹੈ—

***ਗੁਣ ਗੋਬਿੰਦ ਨ ਜਾਣੀਅਹਿ ਮਾਇ॥***
***ਅਣਡੀਠਾ ਕਿਛੁ ਕਹਣੁ ਨ ਜਾਇ॥***
***ਕਿਆ ਕਰਿ ਆਖਿ ਵਖਾਣੀਐ ਮਾਇ॥***

*(ਪੰਨਾ ੧੨੫੬)*

ਪ੍ਰਮਾਤਮਾ ਦੀ ਵਡਿਆਈ ਭਾਵੇਂ ਕਥਨ ਨਹੀਂ ਕੀਤੀ ਜਾ ਸਕਦੀ, ਪਰ ਫਿਰ ਵੀ ਸਾਰੀ ਕਾਇਨਾਤ ਆਪਣੀ ਸਮਰਥਾ ਅਨੁਸਾਰ ਉਸਨੂੰ ਗਾ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਸੋ ਦਰੁ' ਦੀ ਬਾਣੀ ਵਿਚ ਗੁਰੂ ਨਾਨਕ ਦੇਵ ਜੀ ਫ਼ੁਰਮਾਨ ਕਰਦੇ ਹਨ—

***ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥***
***ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ॥***

*(ਪੰਨਾ ੮)*

ਹੋਰ ਫ਼ੁਰਮਾਨ ਹੈ ਕਿ ਉਸਨੂੰ ਈਸ਼ਰ, ਬ੍ਰਹਮਾ, ਇੰਦਰ, ਦੇਵੀ, ਦੇਵਤੇ, ਸਿੱਧ, ਸਾਧ, ਜਤੀ, ਸਤੀ, ਸੰਤੋਖੀ, ਪੰਡਿਤ, ਵੀਰ, ਜੋਧੇ, ਮਹਾਂਬਲੀ, ਸੂਰਮੇ, ਖੰਡ, ਮੰਡਲ, ਬ੍ਰਹਿਮੰਡ ਆਦਿ ਸਭ ਗਾ ਰਹੇ ਹਨ—

***ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ***
***ਨਾਨਕੁ ਕਿਆ ਬੀਚਾਰੇ॥*** *(ਪੰਨਾ ੯)*

ਉਸ ਬੇਅੰਤ ਦੀ ਬੇਅੰਤ ਵਡਿਆਈ ਨੂੰ, ਬੇਅੰਤ ਹੀ ਗਾ ਰਹੇ ਹਨ, ਪਰ ਉਸਦਾ ਨ ਤਿਲ ਘਟਦਾ ਹੈ, ਨ ਤਿਲ ਵਧਦਾ ਹੈ—

***ਜੇ ਸਭਿ ਮਿਲਿ ਕੈ ਆਖਣ ਪਾਹਿ॥ ਵਡਾ ਨ ਹੋਵੈ ਘਾਟਿ ਨ ਜਾਇ॥***

*(ਪੰਨਾ ੯)*

ਉਸਦੀ ਮਹਿਮਾ ਕਰਨ ਨਾਲ ਉਸਨੂੰ ਭਾਵੇਂ ਕੋਈ ਫਰਕ ਨਹੀਂ ਪੈਂਦਾ ਪਰ ਉਸਦੀ ਵਡਿਆਈ ਕਹਿਣ ਵਾਲਾ ਜ਼ਰੂਰ ਧੰਨ ਵੱਡਭਾਗੀ ਹੋ ਜਾਂਦਾ ਹੈ—

***ਬਡਭਾਗੀ ਤੇ ਜਨ ਜਗ ਮਾਹਿ॥ ਸਦਾ ਸਦਾ ਹਰਿ ਕੇ ਗੁਣ ਗਾਹਿ॥***

*(ਪੰਨਾ ੨੮੧)*

ਉਹ ਰਸਨਾ ਧੰਨ ਹੋ ਜਾਂਦੀ ਹੈ ਜੋ ਹਰੀ ਦੇ ਗੁਣ ਗਾਉਂਦੀ ਹੈ—

***ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥***

*(ਪੰਨਾ ੫੪੦)*

ਉਹ ਸਮਾਂ ਵੀ ਧੰਨ ਹੈ ਜਦੋਂ ਹਰਿ ਜਸ ਕੰਨਾਂ ਵਿਚ ਪੈਂਦਾ ਹੈ—

***ਧੰਨੁ ਸੁ ਵੇਲਾ ਜਿਤੁ ਹਰਿ ਗਾਵਤ ਸੁਨਣਾ ਆਏ ਤੇ ਪਰਵਾਨਾ ਜੀਉ॥***

*(ਪੰਨਾ ੧੦੩)*

ਜੋ ਮਨੁਖ ਹਰਿ ਜਸ ਨਹੀਂ ਸੁਣਦੇ, ਉਨ੍ਹਾਂ ਨੂੰ ਮਨੁਖਾ ਜਨਮ ਲੈਣ ਦੇ ਬਾਵਜੂਦ, ਗੁਰਬਾਣੀ, ਪਸ਼ੂ, ਪੰਖੀ ਦੀਆਂ ਜੂਨਾਂ ਤੋਂ ਵੀ ਮੰਦਾ ਦੱਸਦੀ ਹੈ—

***ਜੋ ਨ ਸੁਨਹਿ ਜਸੁ ਪਰਮਾਨੰਦਾ॥ ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ॥***

*(ਪੰਨਾ ੧੮੮)*

ਫਿਰ ਤਾਂ ਗੋਬਿੰਦ ਦਾ ਜਸ ਸੁਣਦੇ ਜਾਂ ਕਰਦੇ ਰਹਿਣਾ ਚਾਹੀਦਾ ਹੈ, ਪਰ ਜਸ ਤਾਂ ਹੀ ਕੀਤਾ ਜਾ ਸਕਦਾ ਹੈ ਜੇ ਕਰਤੇ ਨੂੰ ਭਾਉਂਦਾ ਹੋਵੇ—

***ਹਰਿ ਕੇ ਗੁਣ ਗਾਵਾ ਜੇ ਹਰਿ ਪ੍ਰਭ ਭਾਵਾ॥***
***ਅੰਤਰਿ ਹਰਿ ਨਾਮੁ ਸਬਦਿ ਸੁਹਾਵਾ॥***

*(ਪੰਨਾ ੧੦੬੫)*

ਜਿਸਦੇ ਮਸਤਕ ਵਿਚ ਧੁਰੋਂ ਲੇਖ ਲਿਖੇ ਹੋਣ, ਉਹ ਹੀ ਪ੍ਰਭੂ ਦੇ ਗੁਣ ਗਾਉਂਦਾ ਹੈ। ਬਾਣੀ ਵਿਚ ਫੁਰਮਾਨ ਹੈ—

***ਸੇਈ ਪੁਰਖ ਹਰਿ ਸੇਵਦੇ ਜਿਨ ਧੁਰਿ ਮਸਤਕਿ ਲੇਖੁ ਲਿਖਾਹੀ॥***
***ਹਰਿ ਕੇ ਗੁਣ ਨਿਤ ਗਾਵਦੇ ਹਰਿ ਗੁਣ ਗਾਇ ਗੁਣੀ ਸਮਝਾਹੀ॥***

*(ਪੰਨਾ ੬੪੯)*

ਜਿਨ੍ਹਾਂ ਦੇ ਮਸਤਕ ਵਿਚ ਲੇਖ ਨਹੀਂ ਹਨ, ਉਹ ਸੱਚ ਨੂੰ ਨਹੀਂ ਪਛਾਣਦੇ ਅਤੇ ਦੂਜੇ ਭਾਉ ਕਾਰਨ, ਝੂਠ ਦੇ ਗੁਣ ਗਾਉਂਦੇ ਹਨ। ਝੂਠ ਜਾਂ ਮਾਇਆ ਸਦਾ ਟਿਕ ਨਹੀਂ ਸਕਦੀ ਅਤੇ ਇਨ੍ਹਾਂ ਦੀ ਸੋਭਾ ਵੀ ਸਦਾ ਨਹੀਂ ਰਹਿੰਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਫੁਰਮਾਨ ਹੈ ਕਿ ਮਾਇਆ ਦੀ ਸੋਭਾ ਚਾਰ ਦਿਹਾੜੇ ਹੀ ਰਹਿੰਦੀ ਹੈ—

***ਇਸੁ ਜੁਗ ਮਹਿ ਸੋਭਾ ਨਾਮ ਕੀ ਬਿਨੁ ਨਾਵੈ ਸੋਭ ਨ ਹੋਇ॥***
***ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ ਜਾਦੀ ਬਿਲਮੁ ਨ ਹੋਇ॥***

*(ਪੰਨਾ ੪੨੯)*

ਉਸ ਸੱਚੇ ਤੋਂ ਬਿਨਾਂ ਕਿਸੇ ਹੋਰ ਦੀ ਵਡਿਆਈ ਕਰਨ ਵਾਲਾ ਆਪਣਾ ਜਨਮ ਵਿਅਰਥ ਹੀ ਗੁਆ ਦਿੰਦਾ ਹੈ, ਜਿਵੇਂ ਫੁਰਮਾਨ ਹੈ—

***ਜਿਹਵਾ ਸਚੀ ਸਚਿ ਰਤੀ ਤਨੁ ਮਨੁ ਸਚਾ ਹੋਇ॥***
***ਬਿਨੁ ਸਾਚੇ ਹੋਰੁ ਸਾਲਾਹਣਾ ਜਾਸਹਿ ਜਨਮੁ ਸਭੁ ਖੋਇ॥***

*(ਪੰਨਾ ੫੬੫)*

ਤਾਂ ਤੇ, ਇਸ ਵੱਡਮੁੱਲੇ ਜਨਮ ਨੂੰ ਵਿਅਰਥ ਨ ਗੁਆ ਕੇ ਸਦਾ ਗੋਬਿੰਦ ਦੇ ਗੁਣ ਗਾਉਂਦੇ ਰਹਿਣਾ ਚਾਹੀਦਾ ਹੈ।

ਮਨੁੱਖੀ ਮਨ 'ਤੇ ਜੋ ਜਨਮਾਂ ਜਨਮਾਂਤਰਾ ਦੀ ਮੈਲ ਲੱਗੀ ਹੋਈ ਹੈ ਜਿਸ ਕਾਰਨ, ਇਹ ਆਪਣੇ ਮੂਲ ਨੂੰ ਪਛਾਣ ਨਹੀਂ ਸਕਦਾ, ਇਹ ਮੈਲ ਕੇਵਲ ਹਰਿ ਜਸ ਦੁਆਰਾ ਹੀ ਧੋਤੀ ਜਾ ਸਕਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ ਕਿ ਅੱਠੇ ਪਹਿਰ ਹਰਿ ਜਸ ਕਰਨ ਨਾਲ ਵਿਕਾਰਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ ਕਿ—

***ਆਠ ਪਹਰ ਹਰਿ ਜਸੁ ਰਵਣਾ ਬਿਖੈ ਠਗਉਰੀ ਲਾਥੀ॥***
***ਸੰਗਿ ਮਿਲਾਇ ਲੀਆ ਮੇਰੈ ਕਰਤੈ ਸੰਤ ਸਾਧ ਭਏ ਸਾਥੀ॥***

*(ਪੰਨਾ ੬੨੮)*

ਕਾਮ ਕ੍ਰੋਧ ਆਦਿ ਵਿਕਾਰ ਜੋ ਪ੍ਰਭੂ ਮਿਲਾਪ ਵਿਚ ਵੱਡੀ ਰੁਕਾਵਟ ਹਨ, ਗੋਬਿੰਦ ਦੇ ਗੁਣ ਗਾਉਣ ਨਾਲ ਦੂਰ ਹੋ ਜਾਂਦੇ ਹਨ, ਗੁਰਵਾਕ ਹੈ—

***ਕਰਿ ਕਿਰਪਾ ਅਪਨੇ ਪ੍ਰਭਿ ਕੀਨੇ ਨਾਮ ਅਪੁਨੇ ਕੀ ਕੀਨੀ ਦਾਤਿ॥***
***ਆਠ ਪਹਰ ਗੁਨ ਗਾਵਤ ਪ੍ਰਭ ਕੇ ਕਾਮ ਕ੍ਰੋਧ ਇਸੁ ਤਨ ਤੇ ਜਾਤ॥***

*(ਪੰਨਾ ੮੨੦)*

ਮਨੁੱਖ ਦੇ ਔਗੁਣ ਵੀ, ਵਿਕਾਰਾਂ ਵਾਂਗ ਪ੍ਰਭੂ ਮਿਲਾਪ ਦੇ ਰਸਤੇ ਵਿਚ ਵੱਡੀ ਰੁਕਾਵਟ ਬਣਦੇ ਹਨ। ਨਿੱਤ ਗੋਬਿੰਦ ਦੇ ਗੁਣ ਗਾਉਣ ਨਾਲ, ਔਗੁਣ ਵੀ ਕੱਟੇ ਜਾ ਸਕਦੇ ਹਨ। ਹਜ਼ੂਰ ਦਾ ਫੁਰਮਾਨ ਹੈ—

***ਗੁਣ ਗੋਵਿੰਦ ਨਿਤ ਗਾਵੀਅਹਿ ਅਵਗੁਣ ਕਟਣਹਾਰ॥***
***ਬਿਨੁ ਹਰਿ ਨਾਮ ਨ ਸੁਖੁ ਹੋਇ ਕਰਿ ਡਿਠੇ ਬਿਸਥਾਰ॥***

*(ਪੰਨਾ ੪੮)*

ਪ੍ਰਭੂ ਦੇ ਗੁਣ ਗਾਉਣ ਨਾਲ ਮਨ ਤੋਂ ਧੋਖਾ ਲਹਿ ਜਾਂਦਾ ਹੈ, ਦੁੱਖ ਦਰਦ ਮਿਟ ਜਾਂਦੇ ਹਨ ਅਤੇ ਗੁਰਬਾਣੀ ਵਿਚ ਤਾਂ ਫੁਰਮਾਨ ਹੈ ਕਿ ਪਿਛਲੇ ਕੀਤੇ ਹੋਏ ਪਾਪ ਵੀ ਉਤਰ ਜਾਂਦੇ ਹਨ—

***ਹਰਿ ਜਸੁ ਗਾਵਹੁ ਭਗਵਾਨ॥ ਜਸੁ ਗਾਵਤ ਪਾਪ ਲਹਾਨ॥***

*(ਪੰਨਾ ੧੨੯੮)*

ਪ੍ਰਭੂ ਦੇ ਗੁਣ ਗਾਉਣ ਨਾਲ ਤਨ ਅਤੇ ਮਨ ਹੀ ਨਿਰਮਲ ਨਹੀਂ ਹੁੰਦੇ, ਸਗੋਂ ਗੁਰਬਾਣੀ ਵਿਚ ਤਾਂ ਫੁਰਮਾਨ ਹੈ ਕਿ ਸਾਰੇ ਦੁੱਖ ਦਰਦ ਦੂਰ ਹੋ ਜਾਂਦੇ ਹਨ ਤੇ ਸਭ ਇੱਛਾਂ ਪੂਰੀਆਂ ਹੋ ਜਾਦੀਆਂ ਹਨ। ਗੁਰਵਾਕ ਹੈ—

***ਗੁਨ ਗਾਵਤ ਗੋਵਿੰਦ ਕੇ ਸਭ ਇਛ ਪੁਜਾਮੀ ਰਾਮ॥***
***ਨਾਨਕ ਉਧਰੇ ਜਪਿ ਹਰੇ ਸਭਹੂ ਕਾ ਸੁਆਮੀ ਰਾਮ॥***

(ਪੰਨਾ ੮੪੮)

ਮਨੁਖ ਨੂੰ ਆਪਣੇ ਕੀਤੇ ਕਰਮਾਂ ਕਾਰਨ, ਜਮਾਂ ਦਾ ਡਰ ਸਦਾ ਲੱਗਾ ਰਹਿੰਦਾ ਹੈ, ਪਰ ਹਜ਼ੂਰ ਨੇ ਬਖਸ਼ਿਸ਼ ਕੀਤੀ ਹੈ ਕਿ ਹੋਰ ਜੰਜਾਲ ਛੱਡ ਕੇ ਅੱਠੇ ਪਹਿਰ ਗੋਬਿੰਦ ਦੇ ਗੁਣ ਗਾਈਏ ਤਾਂ ਜਮ ਵੀ ਨੇੜੇ ਨਹੀਂ ਲੱਗਦੇ।

ਇਹ ਜੋ ਸੰਸਾਰ ਮਨੁਖ ਨੂੰ ਇਕ ਅਥਾਹ ਸਮੁੰਦਰ ਦੇ ਸ੍ਰਮਾਨ ਦਿਸਦਾ ਹੈ ਅਤੇ ਇਸ ਡੂੰਘੇ ਸਮੁੰਦਰ ਨੂੰ ਪਾਰ ਕਰਕੇ ਹੀ ਜੀਵ ਦਾ ਪਰਮ ਪਿਤਾ ਨਾਲ ਮੇਲ ਸੰਭਵ ਹੋ ਸਕਦਾ ਹੈ। ਗੁਰਬਾਣੀ ਅਨੁਸਾਰ ਜੋ ਪ੍ਰਾਣੀ ਹਰਿ ਗੁਣ ਗਾਉਂਦਾ ਹੈ, ਉਹ ਇਸ ਸਾਗਰ ਨੂੰ ਸੌਖਾ ਹੀ ਤਰ ਜਾਂਦਾ ਹੈ।

ਮਨੁੱਖ ਆਵਾਗਉਣ ਦੇ ਚੱਕਰ ਕਾਰਨ, ਚੁਰਾਸੀ ਲੱਖ ਜੂਨਾਂ ਵਿਚ ਭਾਉਂਦਾ ਦੁੱਖ ਸਹਾਰਦਾ ਹੈ। ਜੰਮਦਾ ਹੈ ਫਿਰ ਮਰਦਾ ਹੈ ਅਤੇ ਫਿਰ ਜੰਮਦਾ ਹੈ। ਉਸਨੂੰ ਗਰਭ ਦਾ ਦੁੱਖ ਜੋ ਸਭ ਤੋਂ ਵੱਡਾ ਦੁੱਖ ਹੈ, ਬਾਰ ਬਾਰ ਸਹਿਣਾ ਪੈਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਹਜ਼ੂਰ ਬਖਸ਼ਿਸ਼ ਕਰਦੇ ਹਨ ਕਿ ਗੋਵਿੰਦ ਦੇ ਗੀਤ ਗਾਉਣ ਨਾਲ, ਆਵਾਗਉਣ ਦਾ ਚੱਕਰ ਹੀ ਮਿੱਟ ਜਾਂਦਾ ਹੈ—

***ਗਾਵਹੁ ਰਾਮ ਕੇ ਗੁਣ ਗੀਤ॥***
***ਨਾਮੁ ਜਪਤ ਪਰਮ ਸੁਖੁ ਪਾਈਐ ਆਵਾ ਗਉਣੁ ਮਿਟੈ ਮੇਰੇ ਮੀਤ॥***

(ਪੰਨਾ ੯੦੧)

ਉਸ ਦੀਆਂ ਸਿਫਤਾਂ ਕਰਨ ਨਾਲ, ਸੱਚੇ ਦਰਬਾਰ ਨਾਲ ਨਾਤਾ ਜੁੜਦਾ ਹੈ—

***ਨਾਨਕੁ ਆਖੈ ਏਹੁ ਬੀਚਾਰੁ॥ ਸਿਫਤੀ ਗੰਢੁ ਪਵੈ ਦਰਬਾਰਿ॥***

(ਪੰਨਾ ੧੪੩)

ਰਾਮ ਦੇ ਗੁਣ ਗਾਉਣ ਨਾਲ, ਇਹ ਲੋਕ ਵੀ ਤੇ ਪਰਲੋਕ ਵੀ, ਦੋਨੋਂ ਸੁਹੇਲੇ ਹੋ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ—

**ਰਾਮ ਕੇ ਗੁਨ ਗਾਉ॥**
**ਹਲਤੁ ਪਲਤੁ ਹੋਹਿ ਦੋਵੈ ਸੁਹੇਲੇ ਅਚਰਜ ਪੁਰਖ ਧਿਆਉ॥**

(ਪੰਨਾ ੮੯੫)

ਗੁਣ ਗਾਉਣ ਦੇ ਅਨੇਕ ਫਲ ਤਾਂ ਦੱਸੇ ਹੀ ਗਏ ਹਨ ਪਰ ਸ਼ਰਿ ਜਸ ਕਰਨਾ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਗੁਰ ਪੂਰੇ ਨੂੰ ਵਾਹੁ ਵਾਹੁ ਭਾਉਂਦੀ ਹੈ—

**ਵਾਹੁ ਵਾਹੁ ਗੁਰਸਿਖ ਨਿਤ ਸਭ ਕਰਹੁ ਗੁਰ ਪੂਰੇ ਵਾਹੁ ਵਾਹੁ ਭਾਵੈ॥**
**ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ ਤਿਸੁ ਜਮਕੰਕਰੁ ਨੇੜਿ ਨ ਆਵੈ॥**

(ਪੰਨਾ ੫੧੫)

ਗੋਵਿੰਦ ਦੇ ਗੁਣ ਤਾਂ ਹਰ ਕੋਈ ਗਾ ਰਿਹਾ ਹੈ, ਪਰ ਸੁਆਦ ਕਿਸੇ ਕਿਸੇ ਨੂੰ ਆਉਂਦਾ ਹੈ। ਹਉਮੈ ਵਿਚ ਆ ਕੇ ਕੀਤਾ ਹਰਿ ਜਸ ਵੀ ਵਿਅਰਥ ਜਾਂਦਾ ਹੈ। ਗੁਰਬਾਣੀ ਵਿਚ ਫੁਰਮਾਨ ਹੈ—

**ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ॥**
**ਹਉਮੈ ਵਿਚਿ ਗਾਵਹਿ ਬਿਰਥਾ ਜਾਇ॥**

(ਪੰਨਾ ੧੫੮)

ਇਸ ਲਈ ਆਪਣਾ ਆਪ ਗੁਆ ਕੇ, ਸਾਵਧਾਨ ਅਤੇ ਇਕਾਗਰ ਚਿੱਤ ਹੋ ਕੇ ਪ੍ਰਭੂ ਦੇ ਗੁਣ ਗਾਉਣੇ ਚਾਹੀਦੇ ਹਨ—

**ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥ ਸਾਵਧਾਨ ਏਕਾਗਰ ਚੀਤ॥**

(ਪੰਨਾ ੨੯੫)

ਪਰ ਕੇਵਲ ਆਪਣੇ ਉੱਦਮ ਨਾਲ ਹੀ, ਪ੍ਰਭੂ ਦੇ ਗੁਣ ਗਾਏ ਨਹੀਂ ਜਾ ਸਕਦੇ, ਨਾਲ ਉਸਦੀ ਕਿਰਪਾ ਵੀ ਹੋਵੇ ਤਾਂ ਹੀ ਗਾਏ ਜਾਂਦੇ ਹਨ। ਗੁਰਬਾਣੀ ਵਿਚ ਫੁਰਮਾਨ ਹੈ—

**ਜਾ ਕਉ ਕ੍ਰਿਪਾ ਕਰਹੁ ਪ੍ਰਭ ਮੇਰੇ ਸੋ ਹਰਿ ਕਾ ਜਸੁ ਗਾਵੈ॥**
**ਆਠ ਪਹਰ ਗੋਬਿੰਦ ਗੁਨ ਗਾਵੈ ਜਨੁ ਨਾਨਕੁ ਸਦ ਬਲਿ ਜਾਵੈ॥**

(ਪੰਨਾ ੧੨੨੧)

ਅੱਠੇ ਪਹਿਰ ਗੋਬਿੰਦ ਦੇ ਗੁਣ ਗਾਉਣ ਵਾਲੇ 'ਤੇ ਹਜ਼ੂਰ ਬਲਿਹਾਰੇ ਜਾਂਦੇ ਹਨ। ਸਿਰਜਣਹਾਰ ਦੀ ਕਿਰਪਾ ਦੇ ਪਾਤਰ ਬਣਨ ਲਈ ਫਿਰ ਤਾਂ ਉਸ ਅੱਗੇ ਸਦਾ ਇਹ ਹੀ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ—

***ਆਠ ਪਹਰ ਸਾਲਾਹਿ ਸਿਰਜਨਹਾਰ ਤੂੰ॥***
***ਜੀਵਾਂ ਤੇਰੀ ਦਾਤਿ ਕਿਰਪਾ ਕਰਹੁ ਮੂੰ॥***

(ਪੰਨਾ ੩੯੭)

ਅਤੇ ਜੇ ਉਸਦੀ ਰਹਿਮਤ ਹੋ ਜਾਵੇ, ਉਹ ਆਪਣੀ ਸਿਫਤ ਸਾਲਾਹ ਬਖਸ਼ ਦੇਵੇ, ਤਾਂ ਸਾਰੀਆਂ ਪਾਤਸ਼ਾਹੀਆਂ ਮਿਲ ਜਾਂਦੀਆਂ ਹਨ—

***ਜਿਸਨੋ ਬਖਸੇ ਸਿਫਤਿ ਸਾਲਾਹ॥ਨਾਨਕ ਪਾਤਿਸਾਹੀ ਪਾਤਿਸਾਹੁ॥***

(ਪੰਨਾ ੫)

★ ★ ★

# ਬਾਣੀ ਗੁਰੂ ਗੁਰੂ ਹੈ ਬਾਣੀ

ਮਹਾਂ ਪੁਰਖਾਂ, ਸੰਤਾਂ, ਭਗਤਾਂ ਨੂੰ ਜੋ ਰੱਬੀ ਗਿਆਨ ਪ੍ਰਾਪਤ ਹੁੰਦਾ ਹੈ, ਉਸਨੂੰ ਜਦੋਂ ਉਹ ਬੋਲ ਕੇ ਜਾਂ ਲਿਖ ਕੇ ਪ੍ਰਗਟ ਕਰਦੇ ਹਨ, ਉਸਨੂੰ 'ਸ਼ਬਦ' ਜਾਂ 'ਬਾਣੀ' ਕਿਹਾ ਜਾਂਦਾ ਹੈ। ਗੁਰੂ ਸਾਹਿਬਾਨ ਅਤੇ ਅਨੁਭਵੀ ਮਹਾਂਪੁਰਸ਼ਾਂ, ਪ੍ਰਭੂ-ਭਗਤਾਂ ਨੇ, ਸਮੇਂ ਸਮੇਂ ਅਨੁਸਾਰ ਜੋ ਸ਼ਬਦ ਉਚਾਰਣ ਕੀਤੇ, ਭਾਵ ਅਕਾਲ ਪੁਰਖ ਦੇ ਹੁਕਮ ਅਨੁਸਾਰ, ਜੋ ਬਾਣੀ, ਉਨ੍ਹਾਂ ਦੇ ਮੁਖਾਰਬਿੰਦ ਤੋਂ ਉਚਾਰਣ ਹੋਈ, ਉਸ ਬਾਣੀ ਨੂੰ, 'ਗੁਰਬਾਣੀ' ਜਾਂ 'ਧੁਰ ਕੀ ਬਾਣੀ' ਆਖਿਆ ਜਾਂਦਾ ਹੈ। ਇਹ ਬਾਣੀ ਕੋਈ ਯਤਨ ਕਰਕੇ ਨਹੀਂ ਲਿਖੀ ਗਈ ਸਗੋਂ ਇਸ ਦੇ ਉਚਾਰਣ ਵਾਲਿਆਂ ਨੂੰ ਧੁਰ ਦਰਗਾਹੋਂ ਉਤਰੀ ਹੈ। ਗੁਰੂ ਨਾਨਕ ਦੇਵ ਜੀ ਨੂੰ ਜਦੋਂ ਬਾਣੀ ਦਾ ਆਵੇਸ਼ ਹੁੰਦਾ ਸੀ ਤਾਂ ਮਰਦਾਨੇ ਨੂੰ ਕਹਿੰਦੇ ਸਨ, 'ਮਰਦਾਨਿਆਂ, ਰਬਾਬ ਵਜਾ, ਬਾਣੀ ਆਈ ਹੈ' ਅਤੇ ਮਰਦਾਨੇ ਦੀ ਰਬਾਬ ਨਾਲ ਗਾ ਕੇ ਬਾਣੀ ਉਚਾਰਣ ਕਰਦੇ ਸਨ। ਇਸ ਪਵਿੱਤਰ ਬਾਣੀ ਦੇ 'ਰੱਬੀ ਬਾਣੀ' ਹੋਣ ਦੇ ਅਨੇਕ ਪ੍ਰਮਾਣ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀ ਵਿਚੋਂ ਮਿਲਦੇ ਹਨ। ਲੱਗਭਗ ਸਾਰੇ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ, ਇਹ ਹੀ ਫੁਰਮਾਨ ਕੀਤਾ ਹੈ ਕਿ ਜੋ ਕੁਝ ਵੀ ਉਨ੍ਹਾਂ ਨੇ ਕਿਹਾ ਹੈ, ਉਹ ਉਨ੍ਹਾਂ ਨੇ ਆਪਣੇ ਵਲੋਂ ਨਹੀਂ ਕਿਹਾ ਸਗੋਂ ਜੋ ਅਕਾਲ ਪੁਰਖ ਵਲੋਂ ਹੁਕਮ ਹੋਇਆ ਹੈ ਜਾਂ ਜੋ ਉਸਨੇ ਅਖਵਾਇਆ ਹੈ, ਉਹ ਹੀ ਆਖਿਆ ਹੈ ਗੁਰੂ ਨਾਨਕ ਦੇਵ ਜੀ ਦਾ ਬਚਨ ਹੈ—

***ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥***

(ਪੰਨਾ ੭੨੨)

ਗੁਰੂ ਅਮਰਦਾਸ ਜੀ, ਰੱਬੀ ਬਾਣੀ ਦੇ ਆਵੇਸ਼ ਬਾਰੇ ਇਉਂ ਫੁਰਮਾਨ ਕਰਦੇ ਹਨ—

***ਸਬਦੇ ਉਪਜੈ ਅੰਮ੍ਰਿਤ ਬਾਣੀ ਗੁਰਮੁਖਿ ਆਖਿ ਸੁਣਾਵਣਿਆ॥***

(ਪੰਨਾ ੧੨੫)

ਭਾਵ ਅੰਮ੍ਰਿਤਮਈ ਬਾਣੀ, ਬ੍ਰਹਮ ਤੋਂ ਹੀ ਉਪਜ ਰਹੀ ਹੈ, ਮੈਂ ਤਾਂ ਕੇਵਲ ਆਖ ਕੇ ਸੁਣਾ ਹੀ ਰਿਹਾ ਹਾਂ। ਗੁਰੂ ਰਾਮ ਦਾਸ ਜੀ ਦਾ ਵੀ ਕਥਨ ਹੈ ਕਿ ਪਰਮ ਪਿਤਾ ਜਿਵੇਂ ਉਨ੍ਹਾਂ ਤੋਂ ਵਖਿਆਨ ਕਰਵਾ ਰਿਹਾ ਹੈ, ਉਹ ਹੀ, ਉਹ ਕਰ ਰਹੇ ਹਨ—

***ਦਾਸਨਿ ਦਾਸੁ ਕਹੈ ਜਨੁ ਨਾਨਕੁ***

***ਜੇਹਾ ਤੂੰ ਕਰਾਇਹਿ ਤੇਹਾ ਹਉ ਕਰੀ ਵਖਿਆਨੁ॥***

(ਪੰਨਾ ੭੩੪)

ਆਪ ਦਾ ਹੋਰ ਵੀ ਫੁਰਮਾਨ ਹੈ ਕਿ ਮੈਂ ਆਪੂੰ ਕੁਝ ਕਹਿਣਾ ਨਹੀਂ ਜਾਣਦਾ ਜੋ ਹੁਕਮ ਹੋਇਆ ਹੈ, ਉਹ ਹੀ ਕਿਹਾ ਹੈ—

***ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥***

(ਪੰਨਾ ੭੬੩)

ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਨੂੰ ਸਪਸ਼ਟ ਸ਼ਬਦਾਂ ਵਿਚ 'ਧੁਰ ਕੀ ਬਾਣੀ' ਕਿਹਾ ਹੈ ਜੋ ਸਭ ਚਿੰਤਾਵਾਂ ਦੂਰ ਕਰਦੀ ਹੈ—

***ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥***

(ਪੰਨਾ ੬੨੮)

ਆਪ ਦਾ ਫੁਰਮਾਨ ਹੈ ਕਿ ਮੈਂ ਉਸਦਾ ਬੋਲਾਇਆ ਹੀ ਬੋਲ ਰਿਹਾ ਹਾਂ—

***ਨਾਵੈ ਕੀ ਪੈਜ ਰਖਦਾ ਆਇਆ॥ ਨਾਨਕ ਬੋਲੈ ਤਿਸਕਾ ਬੋਲਾਇਆ॥***

(ਪੰਨਾ ੧੨੭੧)

ਗੁਰੂ ਨੌਵੇਂ ਪਾਤਸ਼ਾਹ ਵੀ ਇਸ ਗੱਲ ਦੀ ਪੁਸ਼ਟੀ ਆਪਣੀ ਬਾਣੀ ਵਿਚ ਕਰਦੇ ਹਨ ਕਿ ਜਿਵੇਂ ਅਕਾਲ ਪੁਰਖ ਨੇ ਮੈਨੂੰ ਉਪਦੇਸ਼ਿਆ ਹੈ, ਉਹ ਉਪਦੇਸ਼ ਹੀ ਮੈਂ ਸੁਣਾ ਰਿਹਾ ਹਾਂ—

***ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ॥***
***ਨਾਨਕ ਕਹਤ ਪੁਕਾਰਿ ਕੈ ਗਹੁ ਪ੍ਰਭ ਸਰਨਾਈ॥***

(ਪੰਨਾ ੭੨੭)

ਦਸਵੇਂ ਪਾਤਸ਼ਾਹ, ਗੁਰੂ ਗੋਬਿੰਦ ਸਿੰਘ ਜੀ ਵੀ, ਬਾਣੀ ਨੂੰ ਆਪਣੀ ਉਚਾਰਣ ਕੀਤੀ ਨਹੀਂ ਕਹਿੰਦੇ ਸਗੋਂ ਫੁਰਮਾਉਂਦੇ ਹਨ ਕਿ ਜੋ ਪ੍ਰਭੂ ਨੇ ਉਨ੍ਹਾਂ ਨੂੰ ਹੁਕਮ ਕੀਤਾ ਹੈ, ਉਹ ਹੀ ਜਗ ਵਿਚ ਕਹਿ ਰਹੇ ਹਨ—

***ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿਹੋ ਜਗ ਮਾਹਿ॥***

(ਪੰਨਾ ੧੦)

ਇਹ ਬਾਣੀ ਜੋ ਉਸ ਕਰਤੇ ਨੇ ਆਪ ਮੂੰਹੋਂ ਕਢਵਾਈ ਹੈ, ਇਹ ਕੋਈ ਸਾਧਾਰਣ ਕਥਨ ਨਹੀਂ ਹੋ ਸਕਦੀ। ਮਤ ਕੋਈ ਜਾਣੇ, ਇਹ ਕੋਈ ਆਮ ਕਵਿਤਾ ਜਾਂ ਗੀਤ ਹੈ। ਨਹੀਂ, ਇਸ ਵਿਚ ਤਾਂ ਬ੍ਰਹਮ-ਗਿਆਨ ਹੈ, ਕਰਤੇ ਦੀ ਹੀ ਵੀਚਾਰ ਹੈ। ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ ਸਪਸ਼ਟ ਕਰ ਦਿੱਤਾ ਹੈ—

***ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥***
***ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ॥***

*(ਪੰਨਾ ੩੩੫)*

ਗੁਰੂ ਨਾਨਕ ਦੇਵ ਜੀ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਤੇ ਫੁਰਮਾਇਆ ਹੈ ਕਿ ਇਹ ਬਾਣੀ ਕੋਈ ਬਿਰਹਾ ਦੇ ਗੀਤ ਨਹੀਂ ਹਨ, ਸਗੋਂ ਬ੍ਰਹਮ ਦੀ ਵਿਚਾਰ ਹੈ—

***ਬਈਅਰਿ ਨਾਮਿ ਸੋੁਹਾਗਣੀ ਸਚੁ ਸਵਾਰਣਹਾਰੋ॥***
***ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ॥***

*(ਪੰਨਾ ੫੮੧)*

ਇਹ ਬਾਣੀ ਜੋ ਅਕਾਲ ਪੁਰਖ ਦੇ ਹੁਕਮ ਅਨੁਸਾਰ ਗੁਰੂ ਸਾਹਿਬਾਨ ਅਤੇ ਸੰਤਾਂ ਭਗਤਾਂ ਵਲੋਂ ਉਚਾਰਣ ਕੀਤੀ ਗਈ, ਇਸ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸਨੂੰ ਇਸ ਦੇ ਰਚਨਹਾਰਿਆਂ ਦੇ ਜੀਵਨ ਕਾਲ ਵਿਚ ਹੀ ਲਿਖ ਕੇ ਸੰਭਾਲ ਲਿਆ ਗਿਆ। ਇਸੇ ਲਈ ਇਹ ਬਾਣੀ ਆਪਣੇ ਅਸਲੀ ਤੇ ਪ੍ਰਮਾਣਿਕ ਰੂਪ ਵਿਚ ਸਾਡੇ ਤਕ ਪੁਜ ਸਕੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਹੀ ਸੱਚੀ ਬਾਣੀ ਹੈ ਅਤੇ ਇਸੇ ਨੂੰ ਗੁਰੂ-ਬਾਣੀ ਕਿਹਾ ਜਾ ਸਕਦਾ ਹੈ। ਇਸ ਬਾਣੀ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਕੇਵਲ ਇਸ ਬਾਣੀ ਨੂੰ ਹੀ ਗੁਰੂ-ਪਦਵੀ ਪ੍ਰਾਪਤ ਹੋਈ ਹੈ। ਇਸ ਤੋਂ ਬਿਨਾਂ ਹੋਰ ਬਾਣੀ ਜੋ ਸਤਿਗੁਰੂ ਦੀ ਰੀਸੇ ਕੱਚ ਪਿਚ ਬੋਲਿਆ ਗਿਆ ਹੈ, ਉਹ ਕੱਚੀ ਬਾਣੀ ਹੈ। 'ਅਨੰਦੁ ਸਾਹਿਬ' ਦੀ ਬਾਣੀ ਵਿਚ ਫੁਰਮਾਨ ਹੈ—

***ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥***
***ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥***
***ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ॥***

*(ਪੰਨਾ ੯੨੦)*

ਕੱਚੀ ਬਾਣੀ ਤੋਂ ਸੱਚੀ ਬਾਣੀ ਨੂੰ ਵੱਖ ਕਰਨ ਲਈ, ਗੁਰੂ ਅਰਜਨ ਦੇਵ ਜੀ ਨੇ ਬਖਸ਼ਿਸ਼ ਕੀਤੀ ਅਤੇ ਗੁਰੂ ਸਾਹਿਬਾਨ ਤੇ ਹੋਰ ਅਨੁਭਵੀ ਮਹਾਂ-ਪੁਰਸ਼ਾਂ ਦੀ ਬਾਣੀ ਵੱਖ ਵੱਖ ਸੋਮਿਆਂ ਤੋਂ ਇਕੱਤਰ ਕਰਕੇ, ਉਸਦੀ ਸੰਪਾਦਨਾ ਕੀਤੀ ਅਤੇ ਭਾਈ ਗੁਰਦਾਸ ਜੀ ਤੋਂ ਲਿਖਵਾ ਕੇ, ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਤਿਆਰ ਕਰਵਾਈ ਅਤੇ ਹੁਕਮ ਕਰ ਦਿੱਤਾ ਕਿ ਇਸ ਬਾਣੀ ਵਿਚ ਇਸ ਤੋਂ ਬਾਅਦ ਇਕ ਅੱਖਰ ਦਾ ਵੀ ਵਾਧਾ ਘਾਟਾ ਨਹੀਂ ਕੀਤਾ ਜਾ ਸਕਦਾ। 'ਧੁਰ ਕੀ ਬਾਣੀ' ਦੀ ਇਸ ਬੀੜ ਦਾ ਹਰਿਮੰਦਰ ਸਾਹਿਬ

ਵਿਖੇ ਪ੍ਰਕਾਸ਼ ਕਰਵਾ ਕੇ, ਇਸ ਦਾ ਪੂਰਾ ਸਤਿਕਾਰ ਕੀਤਾ ਗਿਆ। ਗੁਰੂ ਅਰਜਨ ਦੇਵ ਜੀ ਦਾ ਬਚਨ ਹੈ—

***ਪੋਥੀ ਪਰਮੇਸਰ ਕਾ ਥਾਨੁ॥***
***ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥***

*(ਪੰਨਾ ੧੨੨੬)*

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਦਰਜ ਕਰਵਾ ਕੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਨਾਂਦੇੜ ਹਜ਼ੂਰ ਸਾਹਿਬ ਵਿਖੇ ਮਰਯਾਦਾ ਅਨੁਸਾਰ ਇਸ ਗ੍ਰੰਥ ਸਾਹਿਬ ਨੂੰ ਗੁਰੂ ਪਦਵੀ ਪ੍ਰਦਾਨ ਕੀਤੀ। ਭਾਈ ਨੰਦ ਲਾਲ ਜੀ ਜੋ ਉਸ ਸਮੇਂ ਨਾਂਦੇੜ ਵਿਚ ਮੌਕੇ 'ਤੇ ਮੌਜੂਦ ਸਨ, ਨੇ ਆਪਣੇ ਰਹਿਤਨਾਮੇ ਵਿਚ, 'ਗੁਰੂ ਓ ਵਾਚ' ਦੇ ਸਿਰਲੇਖ ਹੇਠ ਸਪਸ਼ਟ ਲਿਖਿਆ ਹੈ—

***ਮੇਰਾ ਦੂਸਰਾ ਰੂਪ ਗ੍ਰੰਥ ਜੀ ਜਾਣ। ਉਨ ਕੋ ਅੰਗ ਮੇਰੇ ਕਰ ਮਾਨ।***
***ਮੇਰਾ ਰੂਪ ਗ੍ਰੰਥ ਜੀ ਜਾਣ। ਇਸ ਮੇਂ ਭੇਦ ਨਹੀਂ ਕਛੁ ਮਾਨ।***

ਭਾਵ ਗੁਰੂ ਗੋਬਿੰਦ ਸਿੰਘ ਜੀ ਨੇ ਗ੍ਰੰਥ ਜੀ ਨੂੰ ਗੁਰੂ ਥਾਪ ਦਿੱਤਾ ਤੇ ਗੁਰੂ ਗ੍ਰੰਥ ਜੀ ਨੂੰ ਹੀ ਅੱਗੇ ਤੋਂ ਗੁਰੂ ਮੰਨਣ ਦਾ ਹੁਕਮ ਕੀਤਾ।

ਕਿਹਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਅੱਗੋਂ ਆਉਣ ਵਾਲੇ ਸਮੇਂ ਵਿਚ, ਗੁਰੂ-ਗੱਦੀ ਸੰਬੰਧੀ ਹੋਣ ਵਾਲੇ ਝੇੜਿਆਂ ਤੋਂ ਸਿੱਖਾਂ ਨੂੰ ਮੁਕਤ ਕਰਨ ਲਈ, ਗੁਰੂ ਗੱਦੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇ ਕੇ, ਦੇਹਧਾਰੀ ਗੁਰੂ ਦੀ ਪ੍ਰਥਾ ਹਮੇਸ਼ਾਂ ਲਈ ਸਮਾਪਤ ਕਰ ਦਿੱਤੀ। ਪਰ ਅਸਲੀਅਤ ਇਹ ਹੈ ਕਿ ਰਸਮੀ ਤੌਰ 'ਤੇ ਭਾਵੇਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ-ਪਦਵੀ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤੀ ਪਰ ਬਾਣੀ ਤਾਂ ਆਦਿ ਤੋਂ ਹੀ ਗੁਰੂ ਹੈ।

ਗੁਰੂ ਨਾਨਕ ਦੇਵ ਜੀ ਨੇ 'ਸ਼ਬਦ' ਨੂੰ ਹੀ ਆਪਣਾ ਗੁਰੂ ਮੰਨਿਆ ਹੈ। ਜਦੋਂ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ—

***ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥***

*(ਪੰਨਾ ੯੪੨)*

ਤਾਂ ਗੁਰੂ ਜੀ ਨੇ ਉੱਤਰ ਦਿੱਤਾ—

***ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥***

*(ਪੰਨਾ ੯੪੩)*

ਭਾਵ 'ਸ਼ਬਦ' ਹੀ ਗੁਰੂ ਹੈ। ਇਸੇ ਸ਼ਬਦ ਨੂੰ ਗੁਰੂ ਨਾਨਕ ਦੇਵ ਜੀ ਨੇ ਗੁਰ ਪੀਰ,

ਗਹਿਰ ਗੰਭੀਰ ਆਖਿਆ ਹੈ—

***ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥***

*(ਪੰਨਾ ੬੩੫)*

ਗੁਰਬਾਣੀ ਵਿਚ 'ਸ਼ਬਦ' 'ਗੁਰ ਸ਼ਬਦ' ਅਤੇ 'ਬਾਣੀ' ਇਨ੍ਹਾਂ ਵਿਚ ਕੋਈ ਭੇਦ ਨਹੀਂ ਰੱਖਿਆ ਗਿਆ। ਜਿਵੇਂ ਫੁਰਮਾਨ ਹੈ—

***ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥***

*(ਪੰਨਾ ੬੪੬)*

ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ 'ਸ਼ਬਦ ਗੁਰੂ' ਦੇ ਸਿੱਧਾਂਤ ਨੂੰ ਹੀ ਅੱਗੋਂ ਹੋਰ ਪਾਤਸ਼ਾਹੀਆਂ ਨੇ ਵੀ ਦ੍ਰਿੜ੍ਹ ਕਰਵਾਇਆ ਹੈ। ਗੁਰੂ ਰਾਮਦਾਸ ਜੀ, ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੯੮੨ 'ਤੇ ਦਰਜ ਆਪਣੀ ਬਾਣੀ ਵਿਚ ਸਪਸ਼ਟ ਲਿਖਦੇ ਹਨ ਕਿ ਬਾਣੀ ਹੀ ਗੁਰੂ ਹੈ—

***ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥***
***ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥***

*(ਪੰਨਾ ੯੮੨)*

ਅਰਥਾਤ ਬਾਣੀ ਹੀ ਗੁਰੂ ਹੈ ਅਤੇ ਗੁਰੂ ਹੀ ਬਾਣੀ ਹੈ, ਕੋਈ ਭੇਦ ਨਹੀਂ, ਬਾਣੀ ਵਿਚ ਅੰਮ੍ਰਿਤ ਰੂਪੀ 'ਨਾਮ' ਭਰਪੂਰ ਹੈ। ਗੁਰਬਾਣੀ ਦੇ ਉਪਦੇਸ਼ ਨੂੰ ਸੇਵਕ ਜਨ ਮੰਨ ਲੈਣ ਤਾਂ ਗੁਰੂ ਨਿਸਚੇ ਹੀ ਤਾਰ ਦਿੰਦਾ ਹੈ।

'ਗੁਰੂ' ਤੋਂ ਭਾਵ ਹੈ ਗਿਆਨ ਦੇਣ ਵਾਲਾ ਅਤੇ ਇਸ ਪੱਖੋਂ ਵੇਖਿਆਂ, ਗੁਰਬਾਣੀ ਸਹੀ ਅਰਥਾਂ ਵਿਚ ਗੁਰੂ ਹੈ। ਗੁਰਬਾਣੀ ਗਿਆਨ ਦਾ ਇਕ ਅਥਾਹ ਸਮੁੰਦਰ ਹੈ ਅਤੇ ਇਸ ਗਿਆਨ ਰਾਹੀਂ ਗੁਰਬਾਣੀ ਸੰਸਾਰ ਨੂੰ ਚਾਨਣ ਦੇ ਰਹੀ ਹੈ—

***ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਇ॥***

*(ਪੰਨਾ ੬੭)*

ਗਿਆਨ ਦਾ ਇਹ ਚਾਨਣ, ਗੁਰੂ ਆਪਣੇ ਉਪਦੇਸ਼ ਦੁਆਰਾ ਸੇਵਕ ਨੂੰ ਦਿੰਦਾ ਹੈ। ਗੁਰਬਾਣੀ, ਮਨੁਖ ਨੂੰ ਉਪਦੇਸ਼ ਦੇ ਕੇ ਬਾਰ-ਬਾਰ ਸਮਝਾ ਰਹੀ ਹੈ ਕਿ ਮਨੁਖਾ ਜਨਮ ਦਾ ਉਦੇਸ਼ ਕੀ ਹੈ ਅਤੇ ਇਹ ਉਦੇਸ਼ ਪੂਰਾ ਕਿਵੇਂ ਕਰਨਾ ਹੈ? ਮਨੁਖ ਨੂੰ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਆਦਿ ਪੰਜ ਵਿਕਾਰ ਚੰਬੜੇ ਹੋਏ ਹਨ। ਪਰਮਾਰਥ ਦੇ ਰਾਹ 'ਤੇ ਤੁਰਨ ਲਈ ਇਨ੍ਹਾਂ ਤੋਂ ਛੁਟਕਾਰਾ ਪਾਉਣਾ ਜ਼ਰੂਰੀ ਹੈ। ਗੁਰਬਾਣੀ, ਇਨ੍ਹਾਂ ਵਿਕਾਰਾਂ ਨੂੰ ਦੂਰ ਕਰਨ ਵਿਚ ਅਤੇ ਪਾਪਾਂ ਦੀ ਮੈਲ ਲਾਹੁਣ ਵਿਚ ਸਹਾਈ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਫੁਰਮਾਨ ਹੈ—

***ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ॥***
***ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ॥***

(ਪੰਨਾ ੭੭੩)

ਗੁਰਬਾਣੀ, ਜਗਿਆਸੂ ਦੀ ਮਮਤਾ, ਕ੍ਰੋਧ ਆਦਿ ਵਿਕਾਰਾਂ ਦੀ ਮੈਲ ਹੀ ਦੂਰ ਨਹੀਂ ਕਰਦੀ, ਸਗੋਂ ਸਾਰੇ ਭਰਮ ਮਿਟਾ ਦਿੰਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ, ਹਜ਼ੂਰ ਫੁਰਮਾਨ ਕਰਦੇ ਹਨ—

***ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ॥***
***ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ॥***

(ਪੰਨਾ ੭੭੩)

ਗੁਰਬਾਣੀ ਵਿਚ ਜਗਿਆਸੂ ਨੂੰ ਉਪਦੇਸ਼ ਦੇਣ ਦੇ ਵੱਖ ਵੱਖ ਢੰਗ ਅਪਨਾਏ ਗਏ ਹਨ। ਇਹ ਉਪਦੇਸ਼ ਕਿਤੇ ਆਪਣੇ ਆਪ ਨੂੰ ਸੰਬੋਧਨ ਕਰ ਕੇ ਦਿੱਤਾ ਗਿਆ ਹੈ ਅਤੇ ਆਪਣੇ ਹੀ ਮਨ ਨੂੰ ਸਮਝਾਇਆ ਗਿਆ ਹੈ, ਜਿਵੇਂ—

***ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ॥***
***ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ॥***

(ਪੰਨਾ ੭੨੭)

ਕਿਤੇ ਇਹ ਉਪਦੇਸ਼ ਸੰਗਤ ਨੂੰ ਸੰਬੋਧਨ ਕਰਕੇ ਦਿੱਤਾ ਗਿਆ ਹੈ, ਜਿਵੇਂ—

***ਭਾਈ ਰੇ ਰਾਮੁ ਕਹਹੁ ਚਿਤੁ ਲਾਇ॥***
***ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ॥***

(ਪੰਨਾ ੨੨)

ਗੁਰਬਾਣੀ ਦੁਆਰਾ ਉਚਰੇ ਸਤਿਗੁਰ ਦੇ ਇਨ੍ਹਾਂ ਬਚਨਾਂ ਨੂੰ, ਜਿਸ ਨੇ ਸੁਣ ਕੇ ਜਾਂ ਪੜ੍ਹ ਕੇ ਮੰਨ ਲਿਆ ਅਤੇ ਕਮਾ ਲਿਆ, ਉਸ ਜਗਿਆਸੂ ਦਾ ਨਿਸ਼ਚੇ ਹੀ ਪਾਰ ਉਤਾਰਾ ਹੋ ਜਾਂਦਾ ਹੈ। ਜੋ ਬਾਣੀ ਨੂੰ ਸੁਣ ਕੇ, ਇਸ ਵਿਚ ਦਿੱਤੀ ਸਤਿਗੁਰ ਦੀ ਆਗਿਆ ਨੂੰ ਸਤਿ ਸਤਿ ਕਰਕੇ ਮੰਨ ਲੈਂਦੇ ਹਨ, ਕੇਵਲ ਉਨ੍ਹਾਂ ਦਾ ਗਾਵਿਆ ਸੁਣਿਆ, ਦਰਗਾਹ ਵਿਚ ਕਬੂਲ ਹੁੰਦਾ ਹੈ, ਫੁਰਮਾਨ ਹੈ—

***ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥***
***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥***

(ਪੰਨਾ ੬੬੯)

ਸਤਿਗੁਰ ਤੇ ਸਤਿਗੁਰ ਦੇ ਬਚਨ ਵਿਚ ਕੋਈ ਭੇਦ ਨਹੀਂ ਹੈ, ਸਤਿਗੁਰ ਦਾ ਬਚਨ ਹੀ ਮੁਕਤੀ ਦਾ ਰਾਹ ਦਿਖਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਫੁਰਮਾਨ ਹੈ—

***ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ॥***
***ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ॥***

*(ਪੰਨਾ ੧੩੧੦)*

ਸਤਿਗੁਰ ਦਾ ਬਚਨ ਹੀ ਸਾਧਕ ਲਈ ਉਪਦੇਸ਼ ਵੀ ਹੈ ਤੇ ਮੰਤਰ ਵੀ। ਸਾਧਕ ਨੂੰ ਹੋਰ ਕਿਧਰੋਂ ਗੁਰ-ਮੰਤਰ ਲੈਣ ਦੀ ਲੋੜ ਨਹੀਂ, ਬਾਣੀ ਹੀ ਗੁਰ-ਮੰਤਰ ਵੀ ਹੈ। ਹਜ਼ੂਰ ਦਾ ਫੁਰਮਾਨ ਹੈ—

***ਬਾਣੀ ਮੰਤ੍ਰੁ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ॥***
***ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ॥***

*(ਪੰਨਾ ੧੨੦੮)*

ਪਰਮਾਰਥ ਵਿੱਚ ਗੁਰੂ ਤੋਂ ਨਾਮ ਲੈਣ ਦੀ ਗੱਲ ਆਮ ਕੀਤੀ ਜਾਂਦੀ ਹੈ ਪਰ ਜਿਸ ਸਾਧਕ ਨੇ ਬਾਣੀ ਨੂੰ ਆਪਣਾ ਆਧਾਰ ਬਣਾ ਲਿਆ, ਉਸਨੂੰ ਕਿਸੇ ਹੋਰ ਗੁਰੂ ਪਾਸੋਂ ਨਾਮ ਲੈਣ ਦੀ ਲੋੜ ਨਹੀਂ, ਉਸਨੂੰ ਬਾਣੀ ਤੋਂ ਹੀ ਨਾਮ ਪ੍ਰਾਪਤ ਹੋ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਫੁਰਮਾਨ ਹੈ—

***ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥***

*(ਪੰਨਾ ੧੦੬੬)*

ਬਾਣੀ ਤੋਂ ਨਾਮ ਦੀ ਪ੍ਰਾਪਤੀ ਹੀ ਨਹੀਂ ਹੁੰਦੀ, ਸਗੋਂ ਬਾਣੀ ਤਾਂ 'ਨਾਮ' ਹੀ ਹੈ ਅਤੇ ਇਸ ਦੁਆਰਾ ਨਾਮ, ਰਿਦੇ ਵਿਚ ਵੱਸ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਹਜ਼ੂਰ ਦਾ ਫੁਰਮਾਨ ਹੈ—

***ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ॥***
***ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈਂ॥***

*(ਪੰਨਾ ੧੨੩੯)*

ਬਾਣੀ ਗੁਰੂ ਹੈ, ਬਾਣੀ ਗੁਰ-ਉਪਦੇਸ਼ ਹੈ, ਬਾਣੀ ਗੁਰ-ਮੰਤਰ ਹੈ, ਬਾਣੀ ਨਾਮ ਹੈ ਅਤੇ ਬਾਣੀ ਆਪ ਨਿਰੰਕਾਰ ਹੈ, ਸਤਿ ਸਰੂਪ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਤੀਜੇ ਪਾਤਸ਼ਾਹ ਦਾ ਬਚਨ ਹੈ—

***ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥***

***ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ॥***

*(ਪੰਨਾ ੫੧੫)*

ਇਹ ਨਿਰੰਕਾਰ ਰੂਪ ਬਾਣੀ, ਸਾਧਕ ਨੂੰ ਨਿਰੰਕਾਰ ਦੇ ਦੇਸ ਲੈ ਜਾਣ ਦੀ ਸਮਰਥਾ ਰੱਖਦੀ ਹੈ, ਕਿਉਂਕਿ ਇਹ ਪੂਰੇ ਗੁਰੂ ਦੀ ਬਾਣੀ ਹੈ, ਪੂਰੇ ਗੁਰੂ ਤੋਂ ਉਪਜੀ ਹੈ; ਇਸਦੇ ਨਾਲ ਜੀਵ ਸੱਚ ਵਿਚ ਸਮਾ ਜਾਂਦਾ ਹੈ ਕਿਉਂਕਿ ਇਹ ਬਾਣੀ ਸੱਚ ਵਿਚ ਸਮਾਈ ਹੋਈ ਹੈ—

***ਵਾਹੁ ਵਾਹੁ ਪੂਰੇ ਗੁਰ ਕੀ ਬਾਣੀ॥ ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ॥***

*(ਪੰਨਾ ੭੫੪)*

★ ★ ★

# ਨਾਮ ਗੋਬਿੰਦ ਕਾ ਸਦਾ ਲੀਜੈ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ, ਆਦਿ ਤੋਂ ਅੰਤ ਤਕ ਇਹੋ ਉਪਦੇਸ਼ ਬਾਰ ਬਾਰ ਦ੍ਰਿੜ੍ਹ ਕਰਵਾਉਂਦੀ ਹੈ ਕਿ ਸੁਆਸ ਸੁਆਸ ਉਠਦਿਆਂ, ਬਹਿੰਦਿਆਂ, ਸੌਂਦਿਆਂ, ਜਾਗਦਿਆਂ, ਅੱਠੇ ਪਹਿਰ, ਸਦਾ ਸਦਾ, ਨਾਮ ਦੀ ਅਰਾਧਨਾ ਕੀਤੀ ਜਾਏ ਅਤੇ ਇਕ ਸੁਆਸ ਵੀ ਨਾਮ ਤੋਂ ਬਿਨਾਂ ਖਾਲੀ ਨ ਜਾਏ ਕਿਉਂਕਿ ਨਾਮ ਤੋਂ ਬਿਨਾਂ ਇਕ ਵੀ ਸਾਹ ਜੋ ਲਿਆ ਹੈ, ਉਹ ਵਿਅਰਥ ਹੈ—

***ਸਾਸੁ ਸਾਸੁ ਜਾਇ ਨਾਮੈ ਬਿਨੁ ਸੋ ਬਿਰਥਾ ਸਾਸੁ ਬਿਕਾਰੇ॥***

(ਪੰਨਾ ੯੮੧)

ਸਾਰੀ ਬਾਣੀ ਦਾ ਮੂਲ ਵਿਸ਼ਾ ਹੀ 'ਨਾਮ' ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਾਇਦ ਹੀ ਕੋਈ ਪਤ੍ਰਾ ਅਜਿਹਾ ਹੋਵੇ ਜਿਸ ਉਪਰ ਨਾਮ ਦੀ ਵਡਿਆਈ, ਨਾਮ ਦੀ ਮਹਿਮਾ, ਨਾਮ ਦਾ ਜਸ, ਨਾਮ ਧਿਆਉਣ ਦਾ ਉਪਦੇਸ਼ ਨ ਹੋਵੇ। ਸਾਰੀ ਗੁਰਬਾਣੀ ਦਾ ਸਾਰ ਤੱਤ ਇਹੋ ਹੈ, ਮਾਨਸ ਜਨਮ ਦਾ ਸੱਚਾ ਲਾਹਾ ਇਹੋ ਹੈ, ਗੁਰਮਤਿ ਦੀ ਸੱਚੀ ਮੱਤ ਇਹੋ ਹੈ।

ਗੁਰੂ ਅਰਜਨ ਦੇਵ ਜੀ ਇਸੇ ਉਪਦੇਸ਼ ਨੂੰ ਦ੍ਰਿੜ੍ਹ ਕਰਵਾਉਂਦੇ ਹੋਏ, ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੬੮੩ 'ਤੇ ਫੁਰਮਾਨ ਕਰਦੇ ਹਨ—

***ਹਲਤਿ ਸੁਖੁ ਪਲਤਿ ਸੁਖੁ ਨਿਤ ਸੁਖੁ***
***ਸਿਮਰਨੋ ਨਾਮੁ ਗੋਬਿੰਦ ਕਾ ਸਦਾ ਲੀਜੈ॥***
***ਮਿਟਹਿ ਕਮਾਣੇ ਪਾਪ ਚਿਰਾਣੇ***
***ਸਾਧ ਸੰਗਤਿ ਮਿਲਿ ਮੁਆ ਜੀਜੈ॥ ੧॥***

(ਪੰਨਾ ੫)

ਭਾਵ ਗੋਬਿੰਦ ਦਾ ਨਾਮ ਸਿਮਰਨ ਨਾਲ ਸਦਾ ਸੁਖ ਮਿਲਦਾ ਹੈ। ਇਹ ਸੁਖ ਸਦੀਵੀ ਹੁੰਦਾ ਹੈ, ਇਸ ਲੋਕ ਵਿਚ ਵੀ ਤੇ ਪਰਲੋਕ ਵਿਚ ਵੀ ਕਾਇਮ ਰਹਿੰਦਾ ਹੈ, ਉਸ ਗੋਬਿੰਦ ਦਾ ਨਾਮ ਸਦਾ ਲੈਣਾ ਚਾਹੀਦਾ ਹੈ। ਨਾਮ ਦਾ ਸਿਮਰਨ ਕਰਨ ਨਾਲ ਜਨਮਾਂ ਜਨਮਾਂਤਰਾਂ ਦੇ ਪਾਪ ਮਿਟ ਜਾਂਦੇ ਹਨ, ਨਾਮ ਤੋਂ ਹੀਨ ਜੀਵ-ਆਤਮਾ ਮੋਏ ਦੇ ਸਮਾਨ ਹੈ, ਇਹ ਸਾਧ ਸੰਗਤ ਵਿਚ ਮਿਲ ਕੇ, ਨਾਮ ਜਪਣ ਨਾਲ, ਜਿਉ ਪੈਂਦੀ ਹੈ। ਇਸ ਸ਼ਬਦ ਦੀਆਂ ਅਗਲੀਆਂ ਤੁਕਾਂ ਵਿਚ ਹਜ਼ੂਰ ਫੁਰਮਾਨ ਕਰਦੇ ਹਨ, ਕਿ ਹਰਿ ਨੂੰ ਵਿਸਾਰਿਆਂ

ਰਾਜ, ਜੋਬਨ, ਮਾਇਆ ਮਹਾਂ ਦੁੱਖ ਦਾ ਕਾਰਨ ਬਣਦੇ ਹਨ, ਸਾਰੇ ਮੱਤ ਮਤਾਂਤਰ ਐਸਾ ਕਹਿ ਰਹੇ ਹਨ। ਉਸ ਮਾਲਕ ਨੂੰ ਮਿਲਣ ਦੀ ਆਸ ਅਤੇ ਪਿਆਸ ਹੋਣੀ ਅਤੇ ਉਸਦੇ ਕੀਰਤਨ ਵਿਚ ਲੀਨ ਹੋਣਾ, ਇਹ ਸਭ ਕੁਝ ਭਾਗਾਂ ਵਾਲੇ ਨੂੰ ਪ੍ਰਾਪਤ ਹੁੰਦਾ ਹੈ। ਹੇ ਸਮਰਥ ਅਕੱਥ ਅਗੋਚਰ ਪ੍ਰਭੂ ! ਤੇਰਾ ਨਾਮ, ਸ਼ਰਣ ਵਿਚ ਆਉਣ ਵਾਲੇ ਪਾਪੀਆਂ ਦਾ ਵੀ ਉਧਾਰ ਕਰ ਦਿੰਦਾ ਹੈ। ਉਹ ਅੰਤਰਜਾਮੀ ਮਾਲਕ, ਮੇਰਾ ਠਾਕੁਰ ਸਰਬੱਤ ਪੂਰਨ ਹੈ। ਇਸ ਲਈ ਉਸ ਸਰਬ-ਸ਼ਕਤੀਮਾਨ ਮਾਲਕ ਦਾ ਨਾਮ ਸਦਾ ਲੈਣਾ ਚਾਹੀਦਾ ਹੈ, ਜਿਸ ਦਾ ਸਿਮਰਨ ਕੀਤਿਆਂ ਸਦਾ ਸੁਖ ਤੇ ਜਿਸ ਨੂੰ ਵਿਸਾਰਿਆ ਮਹਾਂ ਦੁੱਖ ਮਿਲਦਾ ਹੈ।

'ਗੋਬਿੰਦ' ਪ੍ਰਮਾਤਮਾ ਦੇ ਅਨੇਕ ਨਾਵਾਂ ਵਿਚੋਂ ਇਕ ਹੈ। ਗੁਰਬਾਣੀ ਵਿਚ ਵੀ ਉਸਨੂੰ ਅਨੇਕ ਨਾਵਾਂ ਨਾਲ ਯਾਦ ਕੀਤਾ ਗਿਆ ਹੈ, ਉਸ ਦਾ ਰੂਪ ਅਗਮ ਅਤੇ ਨਾਮ ਅਨੇਕਾਂ ਹਨ—

*ਅਗਮ ਰੂਪੁ ਗੋਬਿੰਦ ਕਾ ਅਨਿਕ ਨਾਮ ਅਪਾਰ॥*
*ਧਨੁ ਧੰਨੁ ਤੇ ਜਨ ਨਾਨਕਾ ਜਿਨ ਹਰਿ ਨਾਮਾ ਉਰਿ ਧਾਰ॥*

(ਪੰਨਾ ੯੮੬)

ਜਿਸ ਨਾਮ ਨੂੰ ਹਰ ਦਮ ਜਪਣ ਦਾ ਹੁਕਮ ਬਾਣੀ ਕਰ ਰਹੀ ਹੈ, ਉਹ 'ਨਾਮ' ਕੀ ਹੈ? ਇਹ ਪਦ 'ਗੁਰਮਤਿ' ਵਿਚ ਉਸ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ ਤੇ ਸਰਬ ਸਮਰਥ ਹੋਂਦ ਲਈ ਵਰਤਿਆ ਹੈ ਜੋ ਕੇਵਲ ਇਕ ਹੈ। ਨਾਮ ਦੀ ਵਿਆਖਿਆ ਗੁਰਬਾਣੀ ਵਿਚ ਇਉਂ ਕੀਤੀ ਗਈ ਹੈ—

*ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ॥*
*ਜਾ ਤਉ ਭੀਤਰਿ ਮਹਲਿ ਬੁਲਾਵਹਿ ਪੂਛਉ ਬਾਤ ਨਿਰੰਤੀ॥੧॥ਰਹਾਉ॥*
*ਬ੍ਰਹਮਣੁ ਬ੍ਰਹਮ ਗਿਆਨ ਇਸਨਾਨੀ ਹਰਿ ਗੁਣ ਪੂਜੇ ਪਾਤੀ॥*
*ਏਕੋ ਨਾਮੁ ਏਕੁ ਨਾਰਾਇਣੁ ਤ੍ਰਿਭਵਣ ਏਕਾ ਜੋਤੀ॥*

(ਪੰਨਾ ੯੯੨)

ਭਾਵ ਨਾਰਾਇਣ ਅਤੇ ਨਾਮ ਇਕੋ ਹੀ ਹਨ। ਇਕੋ ਜੋਤੀ ਤਿੰਨਾਂ ਲੋਕਾਂ ਵਿਚ ਵਰਤ ਰਹੀ ਹੈ। ਨਾਮ ਹੀ ਨਾਰਾਇਣ ਹੈ, ਉਹ ਹੀ ਨਿਰਭਉ ਅਤੇ ਨਿਰੰਕਾਰ ਹੈ—

*ਨਿਰਭਉ ਨਿਰੰਕਾਰੁ ਸਤਿਨਾਮ॥ ਜਗ ਮਹਿ ਸ੍ਰੇਸਟੁ ਊਤਮ ਕਾਮੁ॥*

(ਪੰਨਾ ੯੯੮)

ਉਸ ਨਿਰੰਕਾਰ ਦੀ ਜੋਤ ਸਾਰੇ ਸੰਸਾਰ ਵਿਚ, ਵਿਆਪਕ ਰੂਪ ਵਿਚ ਵਰਤ ਰਹੀ ਹੈ। ਮਨੁੱਖ ਦੇ ਅੰਦਰ ਵੀ ਉਸੇ ਦੀ ਜੋਤਿ ਹੈ ਕਿਉਂਕਿ ਇਹ ਉਸੇ ਦਾ ਹੀ ਅੰਸ਼ ਹੈ। ਜਨਮ ਤੋਂ ਪਹਿਲਾਂ, ਮਾਂ ਦੇ ਗਰਭ ਅੰਦਰ, ਇਸ ਦੀ ਲਿਵ ਪ੍ਰਮਾਤਮਾ ਨਾਲ ਲੱਗੀ ਹੁੰਦੀ

ਹੈ, ਪਰ ਜਨਮ ਤੋਂ ਬਾਅਦ ਸੰਸਾਰ 'ਤੇ ਆ ਕੇ ਨਾਮ ਨੂੰ ਵਿਸਾਰ ਕੇ, ਦੁਨੀਆਂ ਵਿਚ ਚਿੱਤ ਲਾ ਲੈਂਦਾ ਹੈ—

***ਵਿਚਹੁ ਗਰਭੈ ਨਿਕਲਿ ਆਇਆ॥ ਖਸਮੁ ਵਿਸਾਰਿ ਦੁਨੀ ਚਿਤੁ ਲਾਇਆ॥***

(ਪੰਨਾ ੧੦੦੭)

ਮਨੁਖ ਨੇ ਨਾਮ ਨੂੰ ਵਿਸਾਰ ਕੇ ਦੁਨੀਆਂ ਵਿਚ ਚਿੱਤ ਲਾ ਲਿਆ ਤੇ ਉਸਦੇ ਦੁੱਖਾਂ ਦੀ ਕਹਾਣੀ ਸ਼ੁਰੂ ਹੋ ਗਈ। ਜਿੰਨਾ ਉਹ, ਇਨ੍ਹਾਂ ਦੁੱਖਾਂ ਨੂੰ ਦੂਰ ਕਰਨ ਲਈ ਹੱਥ ਪੈਰ ਮਾਰਦਾ ਹੈ, ਓਨਾ ਹੀ ਇਨ੍ਹਾਂ ਵਿਚ ਹੋਰ ਫਸਦਾ ਜਾਂਦਾ ਹੈ। ਇਸ ਜੀਵਨ ਵਿਚ ਵੀ ਦੁਖੀ ਹੁੰਦਾ ਹੈ ਅਤੇ ਇਥੇ ਕੀਤੇ ਕਰਮਾਂ ਕਾਰਨ ਅਗਲੇ ਜਨਮ ਲਈ ਵੀ ਦੁੱਖ ਸਹੇੜ ਲੈਂਦਾ ਹੈ। ਉਸਨੂੰ ਇਹ ਸੋਝੀ ਹੀ ਨਹੀਂ ਕਿ ਹਲਤ ਪਲਤ ਦੇ ਸੁਖ ਕਿਥੋਂ ਮਿਲਣੇ ਹਨ। ਗੁਰਬਾਣੀ, ਇਹੋ ਸੋਝੀ ਮਨੁਖ ਨੂੰ ਬਾਰ ਬਾਰ ਦੇ ਰਹੀ ਹੈ ਕਿ ਬਹੁਤਾ ਧਨ ਖੱਟਿਆਂ ਸੁਖ ਨਹੀਂ ਮਿਲਣਾ, ਨ ਹੀ ਨਰਿਤ ਨਾਟਕ ਵੇਖਿਆਂ ਸੁਖ ਮਿਲਣਾ ਹੈ। ਕੇਵਲ ਨਾਮ ਦੀ ਕਮਾਈ ਕੀਤਿਆਂ ਹੀ, ਹਲਤ ਪਲਤ ਦਾ ਸੁਖ ਮਿਲ ਸਕਦਾ ਹੈ। ਨਾਮ ਸਿਮਰਨ ਲਈ, ਕੋਈ ਵੇਲਾ ਵਖਤ ਵਿਚਾਰਣ ਦੀ ਲੋੜ ਨਹੀਂ, ਕਿਉਂਕਿ ਅੱਠੇ ਪਹਿਰ, ਸੁਆਸ ਸੁਆਸ ਨਾਮ ਜਪਣ ਦਾ ਹੁਕਮ ਹੈ। ਹਜ਼ੂਰ ਦਾ ਫੁਰਮਾਨ ਹੈ—

***ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥***
***ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ***
***ਤਾ ਸਰਬ ਸੁਖ ਪਾਵਹਿ ਮੇਰੇ ਮਨਾ॥ ੧॥***
***ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥***
***ਹਲਤਿ ਪਲਤਿ ਮੁਖ ਊਜਲ ਹੋਈ ਹੈ***
***ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥***

(ਪੰਨਾ ੬੬੯)

ਉਹ ਮਾਲਕ ਸਾਰੇ ਸੁਖ ਦੇਣ ਵਾਲਾ ਹੈ, ਸਾਰੀਆਂ ਇੱਛਾਂ ਪੂਰੀਆਂ ਕਰਨ ਦੇ ਸਮਰਥ ਹੈ ਕਿਉਂਕਿ ਕਾਮਧੇਨ ਉਸ ਦੇ ਵੱਸ ਵਿਚ ਹੈ। ਐਸੇ ਸਰਬ ਸੁਖ ਦੇਣ ਵਾਲੇ ਹਰਿ ਨੂੰ ਧਿਆਈਐ ਤਾਂ ਸਾਰੇ ਸੁਖ ਪ੍ਰਾਪਤ ਹੋਣਗੇ। ਹੇ ਮਨਾ! ਐਸੇ ਸੱਚੇ ਨਾਮ ਨੂੰ ਸਦਾ ਜਪ ਜੋ ਸਦਾ ਹੀ ਸੱਚ ਹੈ। ਨਿਤ ਪਰਮੇਸ਼ਰ ਦਾ ਸਿਮਰਨ ਕਰਨ ਨਾਲ ਇਸ ਲੋਕ ਵਿਚ ਵੀ ਤੇ ਪਰਲੋਕ ਵਿਚ ਵੀ ਮੁਖ ਊਜਲ ਹੋਵੇਗਾ।

ਸੁਖਮਨੀ ਸਾਹਿਬ ਦੀ ਬਾਣੀ ਵਿਚ ਵੀ ਗੁਰੂ ਅਰਜਨ ਦੇਵ ਜੀ ਮਨੁਖ ਨੂੰ ਇਹ ਹੀ ਉਪਦੇਸ਼ ਕਰ ਰਹੇ ਹਨ—

***ਪੂਰੇ ਗੁਰ ਕਾ ਸੁਨਿ ਉਪਦੇਸੁ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ॥***
***ਸਾਸਿ ਸਾਸਿ ਸਿਮਰਹੁ ਗੋਬਿੰਦ॥ ਮਨ ਅੰਤਰ ਕੀ ਉਤਰੈ ਚਿੰਦ॥***

*(ਪੰਨਾ ੨੯੫)*

ਹੇ ਜੀਵ ! ਪੂਰੇ ਗੁਰੂ ਦਾ ਉਪਦੇਸ਼ ਸੁਣ, ਪਾਰਬ੍ਰਹਮ ਨੂੰ ਨੇੜੇ ਹੀ ਜਾਣ, ਉਹ ਦੂਰ ਨਹੀਂ ਹੈ, ਅੰਦਰ ਹੀ ਹੈ, ਉਸ ਗੋਬਿੰਦ ਨੂੰ ਸੁਆਸ ਸੁਆਸ ਸਿਮਰ। ਉਸ ਇਕ ਨੂੰ ਸਿਮਰਨ ਦਾ ਬਾਰ ਬਾਰ ਉਪਦੇਸ਼ ਇਹ ਦ੍ਰਿੜ੍ਹ ਕਰਵਾਉਣ ਲਈ ਕੀਤਾ ਗਿਆ ਹੈ ਕਿ ਕੇਵਲ ਉਸੇ ਇਕ ਨੂੰ ਸਿਮਰਨਾ ਹੈ। ਗੁਰਬਾਣੀ ਵਿਚ ਹਜ਼ੂਰ ਬਚਨ ਕਰਦੇ ਹਨ—

***ਹਰਿ ਏਕੁ ਸਿਮਰਿ ਏਕੁ ਸਿਮਰਿ ਏਕੁ ਸਿਮਰਿ ਪਿਆਰੇ॥***
***ਕਲਿ ਕਲੇਸ ਲੋਭ ਮੋਹ ਮਹਾ ਭਉਜਲੁ ਤਾਰੇ॥ ਰਹਾਉ॥***

*(ਪੰਨਾ ੬੭੯)*

ਉਸ ਇਕ ਨੂੰ ਸਿਮਰਨ ਨਾਲ ਕਲਹ ਕਲੇਸ਼, ਲੋਭ ਮੋਹ ਸਭ ਦੂਰ ਹੋ ਜਾਂਦੇ ਹਨ ਅਤੇ ਮਹਾਂ ਭਉਜਲ ਨੂੰ ਤਰ ਜਾਈਦਾ ਹੈ। ਅੱਗੇ ਫੁਰਮਾਨ ਕਰਦੇ ਹਨ—

***ਸਾਸਿ ਸਾਸਿ ਨਿਮਖ ਨਿਮਖ ਦਿਨਸੁ ਰੈਨਿ ਚਿਤਾਰੇ॥***
***ਸਾਧਸੰਗ ਜਪਿ ਨਿਸੰਗ ਮਨਿ ਨਿਧਾਨੁ ਧਾਰੇ॥***

*(ਪੰਨਾ ੬੭੯)*

ਉਸ ਇਕ ਨੂੰ ਸੁਆਸ ਸੁਆਸ ਨਿਮਖ ਨਿਮਖ ਅਤੇ ਦਿਨ ਰਾਤ ਸਿਮਰਨ ਦਾ ਹੁਕਮ ਹੈ।

ਗੁਰਬਾਣੀ ਵਿਚ ਗੁਰੂ ਦੇ ਸਿੱਖ ਦੀ ਪਛਾਣ ਦੱਸਦੇ ਹੋਏ, ਗੁਰੂ ਰਾਮ ਦਾਸ ਜੀ ਫੁਰਮਾਨ ਕਰਦੇ ਹਨ—

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***

*(ਪੰਨਾ ੩੦੫)*

ਸਤਿਗੁਰੂ ਦਾ ਸਿੱਖ ਅਖਵਾਉਣ ਵਾਲਾ ਸਵੇਰੇ ਉਠ ਕੇ ਹਰਿ ਨਾਮ ਦਾ ਜਾਪ ਕਰੇ। ਅੱਗੇ ਹੋਰ ਫੁਰਮਾਨ ਕਰਦੇ ਹਨ—

***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ***
***ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥***
***ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ***
***ਸੋ ਗੁਰਸਿਖੁ ਗੁਰੂ ਮਨਿ ਭਾਵੈ॥***

*(ਪੰਨਾ ੩੦੫)*

ਮਤ ਕੋਈ ਸਮਝ ਲਵੇ ਕਿ ਸਵੇਰੇ ਉੱਠ ਕੇ ਹੀ ਸਿਮਰਨ ਕਰਨਾ ਹੈ, ਅਗਲੀਆਂ ਤੁਕਾਂ ਵਿਚ ਸਪਸ਼ਟ ਕਰ ਦਿੱਤਾ ਹੈ ਕਿ ਬਹਿੰਦਿਆਂ ਉਠਦਿਆਂ ਹਰਿ ਨੂੰ ਧਿਆਉਣਾ ਹੈ ਅਤੇ ਜੋ ਗੁਰਸਿੱਖ ਸਾਸ ਗ੍ਰਾਸ ਹਰੀ ਨੂੰ ਧਿਆਉਂਦਾ ਹੈ, ਉਹ ਗੁਰੂ ਦੇ ਮਨ ਨੂੰ ਭਾਉਂਦਾ ਹੈ, ਚੰਗਾ ਲਗਦਾ ਹੈ। ਉਸ ਉਤੇ ਗੁਰੂ ਤੁਠਦਾ ਹੈ। ਉਸ ਉਤੇ ਗੁਰੂ ਦੀਆਂ ਬਖਸ਼ਿਸ਼ਾਂ ਹੁੰਦੀਆਂ ਹਨ ਜਿਸ ਉਤੇ ਉਹ ਮਾਲਕ ਦਿਆਲ ਹੋ ਜਾਵੇ, ਉਸਨੂੰ ਗੁਰੂ ਉਪਦੇਸ਼ ਸੁਣਾਉਂਦਾ ਹੈ। ਹਜ਼ੂਰ ਫ਼ੁਰਮਾਉਂਦੇ ਹਨ ਕਿ ਮੈਂ ਐਸੇ ਗੁਰਸਿੱਖ ਦੀ ਧੂੜ ਮੰਗਦਾ ਹਾਂ ਜੋ ਆਪ ਜਪਦਾ ਤੇ ਹੋਰਨਾਂ ਨੂੰ ਜਪਾਉਂਦਾ ਹੈ। ਕਿੰਨੀ ਬਖਸ਼ਿਸ਼ ਕੀਤੀ ਹੈ ਉਸ ਗੁਰਸਿੱਖ ਉਤੇ ਜੋ ਸ੍ਵਾਸ ਸ੍ਵਾਸ ਸਿਮਰਨ ਕਰਦਾ ਹੈ। ਗੁਰਸਿੱਖ ਵਾਂਗ ਹੀ, ਗੁਰਬਾਣੀ ਵਿਚ ਸੰਤ ਦੀ ਪਛਾਣ ਦੱਸਦੇ ਹੋਏ ਵੀ ਇਹ ਹੀ ਬਚਨ ਕੀਤੇ ਗਏ ਹਨ ਕਿ ਜਿਨ੍ਹਾਂ ਨੂੰ ਸਾਸ ਗ੍ਰਾਸ ਹਰਿ ਦਾ ਨਾਮ ਨ ਵਿਸਰੇ, ਉਹ ਹੀ ਪੂਰਨ ਸੰਤ ਹਨ—

***ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥***

(ਪੰਨਾ ੩੧੯)

ਮਨੁਖ ਨੂੰ ਕੇਵਲ ਇਕ ਪ੍ਰਮਾਤਮਾ ਉਤੇ ਟੇਕ ਰੱਖਣ ਦਾ ਉਪਦੇਸ਼ ਗੁਰਬਾਣੀ ਵਿਚ ਦਿੱਤਾ ਗਿਆ ਹੈ, ਉਸ ਤੋਂ ਬਿਨਾਂ ਹੋਰ ਸਾਰੇ ਆਸਰੇ ਝੂਠੇ ਹਨ। ਜੋ ਆਪ ਜਨਮ ਮਰਨ ਦੇ ਚੱਕਰ ਵਿਚ ਪਿਆ ਹੈ, ਉਹ ਦੂਜਿਆਂ ਨੂੰ ਭਉਜਲ ਵਿਚੋਂ ਕਿਵੇਂ ਕੱਢ ਸਕਦਾ ਹੈ? ਇਸੇ ਲਈ ਸਦਾ ਸਦਾ ਉਸ ਮਾਲਕ ਨੂੰ ਸੇਵਨ ਦਾ ਹੁਕਮ ਹੈ—

***ਸਾਹਿਬੁ ਮੇਰਾ ਸਦਾ ਹੈ ਦਿਸੈ ਸਬਦੁ ਕਮਾਇ॥***
***ਓਹੁ ਅਉਹਾਣੀ ਕਦੇ ਨਾਹਿ ਨਾ ਆਵੈ ਨਾ ਜਾਇ॥***
***ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ॥***
***ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ॥***

(ਪੰਨਾ ੫੦੯)

ਨਾਮ ਤੋਂ ਬਿਨਾਂ ਅੰਤ ਸਮੇਂ ਕੋਈ ਛੁਟਕਾਰਾ ਨਹੀਂ ਕਰਵਾ ਸਕਦਾ ਕਿਉਂਕਿ ਅੰਤ ਸਮੇਂ ਕੋਈ ਬੇਲੀ ਨਹੀਂ ਹੋਣਾ। ਧੀਆਂ ਪੁੱਤਰ ਕੋਈ ਨਾਲ ਨਹੀਂ ਜਾਂਦਾ, ਸਭ ਕੁਝ ਇਥੇ ਹੀ ਧਰਿਆ ਰਹਿ ਜਾਂਦਾ ਹੈ, ਇਥੋਂ ਤਕ ਕਿ ਇਹ ਸਰੀਰ ਜੋ ਨਾਲ ਆਇਆ ਸੀ, ਇਹ ਵੀ ਨਾਲ ਨਹੀਂ ਜਾਂਦਾ, ਨਾਲ ਕੀ ਜਾਂਦਾ ਹੈ? ਕੇਵਲ ਨਾਮ। ਗੁਰਬਾਣੀ ਫ਼ੁਰਮਾ ਰਹੀ ਹੈ—

***ਆਠ ਪਹਰ ਹਰਿ ਨਾਮੁ ਸਿਮਰਹੁ ਚਲੈ ਤੇਰੈ ਸਾਥੇ॥***
***ਭਜੁ ਸਾਧਸੰਗਤਿ ਸਦਾ ਨਾਨਕ ਮਿਟਹਿ ਦੋਖ ਕਮਾਤੇ॥***

(ਪੰਨਾ ੪੬੧)

ਨਾਮ ਜੋ ਸਦਾ ਨਾਲ ਜਾਂਦਾ ਹੈ, ਉਸ ਨੂੰ ਸਾਧ ਸੰਗਤ ਵਿਚ ਸਿਮਰਨ ਨਾਲ ਕਮਾਏ ਹੋਏ ਦੁੱਖ ਮਿਟ ਜਾਂਦੇ ਹਨ। ਹਰਿ ਨੂੰ ਕੇਵਲ ਉਠਦਿਆਂ ਬਹਿੰਦਿਆਂ ਹੀ ਨਹੀਂ, ਸਗੋਂ ਸੁੱਤਿਆਂ ਵੀ ਅਤੇ ਰਸਤੇ ਵਿਚ ਚਲਦਿਆਂ ਵੀ ਸਦਾ ਧਿਆਉਣ ਦਾ ਹੁਕਮ ਹੈ—

***ਊਠਤ ਬੈਠਤ ਸੋਵਤ ਧਿਆਈਐ॥ ਮਾਰਗਿ ਚਲਤ ਹਰੇ ਹਰਿ ਗਾਈਐ॥***

(ਪੰਨਾ ੩੮੬)

ਇਸ ਸੰਸਾਰ ਵਿਚ ਹਰੀ ਦੇ ਨਾਮ ਦੀ ਵਡਿਆਈ ਨੂੰ ਕੋਈ ਵਿਰਲਾ ਹੀ ਜਾਣਦਾ ਹੈ। ਇਸੇ ਲਈ ਚਿੱਤ ਨਾਮ ਵਿਚ ਨਹੀਂ ਲੱਗਦਾ, ਦੁਨਿਆਵੀ ਪਦਾਰਥਾਂ ਵੱਲ ਬਾਰ ਬਾਰ ਭੱਜਦਾ ਹੈ। ਪਰ ਜੇ ਕੋਈ ਗੁਰਮੁਖ ਹਰੀ ਨਾਮ ਦੀ ਵਡਿਆਈ ਜਾਣ ਲਵੇ, ਉਹ ਰੰਗ ਰਲੀਆਂ ਮਾਣਦਾ ਹੈ—

***ਹਰਿ ਕਾ ਨਾਮੁ ਨਿਧਾਨੁ ਹੈ ਕੋਈ ਗੁਰਮੁਖਿ ਜਾਣੈ॥***
***ਨਾਨਕ ਜਿਨ ਸਤਿਗੁਰੁ ਭੇਟਿਆ ਰੰਗਿ ਰਲੀਆ ਮਾਣੈ॥***

(ਪੰਨਾ ੭੨੬)

ਨਾਮ ਦੀ ਵਡਿਆਈ ਦੱਸ ਕੇ ਗੁਰਬਾਣੀ ਇਹ ਸਮਝਾ ਰਹੀ ਹੈ ਕਿ ਕੇਵਲ ਇਕੋ ਹਰੀ ਦਾ ਨਾਮ ਹੀ ਕਮਾਉਣ ਦੀ ਲੋੜ ਹੈ, ਇਹ ਹੀ ਹਲਤ ਪਲਤ ਵਿਚ ਕੰਮ ਆਏਗਾ—

***ਸੰਚਣ ਕਉ ਹਰਿ ਏਕੋ ਨਾਮੁ॥ ਹਲਤਿ ਪਲਤਿ ਤਾ ਕੈ ਆਵੈ ਕਾਮ॥***

(ਪੰਨਾ ੬੭੬)

ਪਰ ਇਸ ਦੇ ਉਲਟ ਮਨੁਖ ਉਸ ਨਾਲ ਚਿੱਤ ਲਾਉਂਦਾ ਹੈ ਜਿਸ ਨੇ ਛੱਡ ਜਾਣਾ ਹੈ, ਉਹ ਕੁਝ ਇਕੱਠਾ ਕਰਦਾ ਹੈ, ਜਿਸ ਨਾਲ ਤ੍ਰਿਸ਼ਨਾ ਤੇ ਭੁੱਖ ਮਿਟਦੀ ਨਹੀਂ ਸਗੋਂ ਹੋਰ ਲਗਦੀ ਹੈ। ਗੁਰਬਾਣੀ ਫੁਰਮਾ ਰਹੀ ਹੈ—

***ਨਾਮੁ ਸੰਗੀ ਸੋ ਮਨਿ ਨ ਬਸਾਇਓ॥ ਛੋਡਿ ਜਾਹਿ ਵਾਹੂ ਚਿਤੁ ਲਾਇਓ॥***
***ਸੋ ਸੰਚਿਓ ਜਿਤੁ ਭੂਖ ਤਿਸਾਇਓ॥ ਅੰਮ੍ਰਿਤ ਨਾਮੁ ਤੋਸਾ ਨਹੀ ਪਾਇਓ॥***

(ਪੰਨਾ ੭੧੫)

ਇਸ ਜਨਮ ਵਿਚ ਤਾਂ ਮਨੁਖ ਨਾਸ਼ਵਾਨ ਚੀਜ਼ਾਂ ਵਿਚ ਚਿੱਤ ਲਾ ਕੇ ਦੁੱਖ ਭੋਗਦਾ ਹੀ ਹੈ, ਪਰ ਇਥੇ ਕੀਤੇ ਕਰਮਾਂ ਦਾ ਜਦੋਂ ਅੱਗੇ ਜਾ ਕੇ ਲੇਖਾ ਹੁੰਦਾ ਹੈ, ਤਾਂ ਜਮ ਡੰਡ, ਇਥੋਂ ਦੇ ਦੁੱਖਾਂ ਤੋਂ ਕਿਤੇ ਵਧੇਰੇ ਦੁਖਦਾਈ ਹੁੰਦਾ ਹੈ। ਜਮਾਂ ਦੇ ਇਸ ਡੰਡੇ ਤੋਂ ਕੇਵਲ ਨਾਮ ਹੀ ਰੱਖਿਆ ਕਰ ਸਕਦਾ ਹੈ। ਗੁਰਬਾਣੀ ਵਿਚ ਫੁਰਮਾਨ ਹੈ ਕਿ ਹਰਿ ਦਾ ਨਾਮ ਜਪਦਿਆਂ, ਜਮਕਾਲ ਵੀ ਕੁਝ ਨਹੀਂ ਕਹਿੰਦਾ—

***ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ॥***

***ਨਾਨਕ ਮਨੁ ਤਨੁ ਸੁਖੀ ਹੋਇ ਅੰਤੇ ਮਿਲੈ ਗੋਪਾਲੁ॥***

*(ਪੰਨਾ ੪੫੭)*

ਜਿਥੇ ਜਮਾਂ ਦੇ ਵੱਸ ਵਿਚ ਪੈ ਕੇ, ਅਵਘਟ ਗਲੀਆਂ ਭੀੜੀਆਂ ਵਿਚੋਂ ਲੰਘਣਾ ਪੈਂਦਾ ਹੈ, ਉਥੇ ਹਰਿ ਦਾ ਨਾਮ ਹੀ ਮੁਕਤ ਕਰਾਉਂਦਾ ਹੈ—

***ਹਰਿ ਹਰਿ ਨਾਮੁ ਨਿਧਾਨੁ ਲੈ ਗੁਰਮਤਿ ਹਰਿ ਪਤਿ ਪਾਇ॥***
***ਹਲਤਿ ਪਲਤਿ ਨਾਲਿ ਚਲਦਾ ਹਰਿ ਅੰਤੇ ਲਏ ਛਡਾਇ॥***
***ਜਿਥੈ ਅਵਘਟ ਗਲੀਆ ਭੀੜੀਆ ਤਿਥੈ ਹਰਿ ਹਰਿ ਮੁਕਤਿ ਕਰਾਇ॥***

*(ਪੰਨਾ ੯੯੬)*

ਇਸ ਲਈ ਰਸਨਾ ਦੁਆਰਾ ਸਦਾ ਨਾਮ ਜਪਣਾ ਚਾਹੀਦਾ ਹੈ, ਇਥੇ ਵੀ ਸੁਖ ਆਨੰਦ ਦੀ ਪ੍ਰਾਪਤੀ ਹੋਵੇਗੀ ਅਤੇ ਅੱਗੇ ਵੀ ਨਾਮ ਜੀਵ ਦੇ ਕੰਮ ਆਏਗਾ—

***ਰਸਨਾ ਜਪੀਐ ਏਕੁ ਨਾਮ॥***
***ਈਹਾ ਸੁਖੁ ਆਨੰਦੁ ਘਨਾ ਆਗੈ ਜੀਅ ਕੈ ਸੰਗਿ ਕਾਮ॥***

*(ਪੰਨਾ ੨੧੧)*

ਪਰ ਹਰ ਕੋਈ ਨਾਮ ਜਪ ਨਹੀਂ ਸਕਦਾ, ਨਾਮ ਨੂੰ ਲੋਚਦਾ ਤਾਂ ਹਰ ਕੋਈ ਹੈ, ਪਰ ਜਿਨ੍ਹਾਂ ਨੇ ਪੂਰਬਲੇ ਜਨਮ ਵਿਚ ਕਮਾਈ ਕੀਤੀ ਹੈ, ਮਿਲਦਾ ਉਨ੍ਹਾਂ ਨੂੰ ਹੈ, ਗੁਰ ਵਾਕ ਹੈ—

***ਨਾਵੈ ਨੋ ਲੋਚੈ ਜੇਤੀ ਸਭ ਆਈ॥***
***ਨਾਉ ਤਿਨਾ ਮਿਲੈ ਧੁਰਿ ਪੁਰਬਿ ਕਮਾਈ॥***

*(ਪੰਨਾ ੧੦੬੪)*

ਕੋਈ ਕਿੰਨੇ ਹੀ ਉਪਾਅ ਕਰ ਲਵੇ, ਕਿਰਪਾ ਤੋਂ ਬਿਨਾ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ। ਹਜ਼ੂਰ ਦੇ ਪਾਵਨ ਬਚਨ ਹਨ—

***ਕੋਈ ਕਰੈ ਉਪਾਵ ਅਨੇਕ ਬਹੁਤੇਰੇ ਬਿਨੁ ਕਿਰਪਾ ਨਾਮੁ ਨ ਪਾਵੈ॥***

*(ਪੰਨਾ ੧੭੨)*

ਕਿਰਪਾ ਦੇ ਪਾਤਰ ਬਣਨ ਲਈ ਪ੍ਰਮਾਤਮਾ ਅੱਗੇ ਅਰਦਾਸ, ਬੇਨਤੀ ਹੀ ਉੱਤਮ ਢੰਗ ਹੈ। ਪ੍ਰਭੂ ਅੱਗੇ ਇਹ ਹੀ ਅਰਦਾਸ ਸਦਾ ਕੀਤੀ ਜਾਏ ਕਿ ਹੇ ਪ੍ਰਭੂ! ਕਦੇ ਵਿਸਰੀ ਨਾ, ਐਸਾ ਦਾਨ ਮੈਨੂੰ ਕਰਨਾ ਜੋ ਦਿਨ ਰਾਤ ਤੈਨੂੰ ਧਿਆਵਾਂ। ਗੁਰੂ ਅਰਜਨ ਦੇਵ ਜੀ, ਐਸੀ ਬੇਨਤੀ ਦਾਤੇ ਅੱਗੇ ਆਪਣੀ ਬਾਣੀ ਵਿਚ ਇਉਂ ਕਰਦੇ ਹਨ—

***ਵਿਸਰੁ ਨਾਹੀ ਏਵਡ ਦਾਤੇ॥ ਕਰਿ ਕਿਰਪਾ ਭਗਤਨ ਸੰਗਿ ਰਾਤੇ॥***

*ਦਿਨਸੁ ਰੈਣਿ ਜਿਉ ਤੁਧੁ ਧਿਆਈ ਏਹੁ ਦਾਨੁ ਮੋਹਿ ਕਰਣਾ ਜੀਉ॥*
(ਪੰਨਾ ੧੦੦)

ਜਿਨ੍ਹਾਂ ਨੇ ਉਸਦੀ ਕਿਰਪਾ ਦੇ ਪਾਤਰ ਬਣ ਕੇ ਦਿਨ ਰਾਤ ਨਾਮ ਦੀ ਕਮਾਈ ਕੀਤੀ, ਉਨ੍ਹਾਂ ਨੂੰ ਲਾਭ ਕੀ ਮਿਲਿਆ—

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥* (ਪੰਨਾ ੮)

★ ★ ★

# ਦਰਸਨੁ ਹਰਿ ਦੇਖਣ ਕੈ ਤਾਈ

ਪਾਰਬ੍ਰਹਮ, ਨਿਰਗੁਣ ਨਿਰਾਕਾਰ ਹੈ। ਨਾ ਉਸਦਾ ਕੋਈ ਰੂਪ ਹੈ, ਨ ਆਕਾਰ ਹੈ, ਨ ਰੰਗ ਹੈ। ਉਹ ਤਿੰਨਾਂ ਗੁਣਾਂ ਤੋਂ ਵੀ ਭਿੰਨ ਹੈ। ਗੁਰਬਾਣੀ ਵਿਚ ਫੁਰਮਾਨ ਹੈ—

*ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥*
*ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥*

(ਪੰਨਾ ੨੮੩)

ਉਸ ਅਗਮ ਅਗੋਚਰ ਦੇ ਦਰਸ਼ਨ ਕਿਵੇਂ ਹੋਣ, ਉਸਨੂੰ ਕਿਸ ਰੂਪ ਵਿਚ ਵੇਖਿਆ ਜਾਏ? ਹਜ਼ੂਰ ਫੁਰਮਾਉਂਦੇ ਹਨ ਕਿ ਜੇ ਕੋਈ ਸਥੂਲ ਵਸਤੂ ਹੋਵੇ ਤਾਂ ਉਸਦਾ ਵਰਣਨ ਕੀਤਾ ਜਾ ਸਕਦਾ ਹੈ, ਪਰ ਉਸ ਪ੍ਰਮੇਸ਼ਰ ਦਾ ਰੂਪ ਰੇਖ ਤਾਂ ਕੋਈ ਹੈ ਹੀ ਨਹੀਂ—

*ਹਰਿ ਅਗਮੁ ਅਗੋਚਰੁ ਅਗਮੁ ਹਰਿ ਕਿਉ ਕਰਿ ਹਰਿ ਦਰਸਨੁ ਪਿਖਾ॥*
*ਕਿਛੁ ਵਖਰੁ ਹੋਇ ਸੁ ਵਰਨੀਐ ਤਿਸੁ ਰੂਪੁ ਨ ਰਿਖਾ॥*

(ਪੰਨਾ ੧੩੧੬)

ਭਾਵੇਂ ਉਸਦਾ ਕੋਈ ਚਿਹਨ ਚੱਕਰ ਨਹੀਂ ਹੈ, ਉਸਨੂੰ ਇਨ੍ਹਾਂ ਦੁਨਿਆਵੀ ਅੱਖਾਂ ਨਾਲ ਸਾਕਾਰ ਨਹੀਂ ਵੇਖਿਆ ਜਾ ਸਕਦਾ, ਪਰ ਫਿਰ ਵੀ, ਉਹ ਸੰਸਾਰ ਵਿਚ ਹਰ ਥਾਂ ਪਸਰਿਆ ਹੋਇਆ ਹੈ, ਉਹ ਘਟ ਘਟ ਵਿਚ ਵਸਿਆ ਹੋਇਆ ਹੈ। ਚਾਰੇ ਪ੍ਰਕਾਰ ਦੇ ਜੀਵਾਂ ਵਿਚ ਉਸਦੀ ਜੋਤਿ ਸਮਾਈ ਹੋਈ ਹੈ। ਗੁਰਬਾਣੀ ਵਿਚ ਫੁਰਮਾਨ ਹੈ—

*ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ॥*
*ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ॥*

(ਪੰਨਾ ੧੧੦੯)

ਮਨੁਖ ਦੇ ਆਪਣੇ ਅੰਦਰ ਵੀ, ਉਸੇ ਦੀ ਜੋਤਿ ਹੈ, ਪਰ ਮੂਰਖ ਪ੍ਰਾਣੀ ਉਸਨੂੰ ਬਾਹਰ ਲੱਭਣ ਦਾ, ਬਾਹਰ ਦੇਖਣ ਦਾ ਯਤਨ ਕਰਦਾ ਹੈ—

*ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ॥*
*ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ॥*

(ਪੰਨਾ ੭੫੪)

ਗੁਰਬਾਣੀ ਦੱਸ ਰਹੀ ਹੈ ਕਿ ਪਤੀ ਪਰਮੇਸ਼ਰ ਦੂਰ ਨਹੀਂ ਹੈ, ਉਹ ਤਾਂ ਹਰ ਇਕ

ਦੇ ਅੰਦਰ ਹੈ, ਪਰ ਦਿਸਦਾ ਨਹੀਂ। ਉਹ ਹੀ ਜੀਵ ਰੂਪੀ ਇਸਤਰੀ ਸੁਹਾਗਨ ਹੈ, ਜਿਸ ਦੇ ਅੰਦਰ ਉਹ ਪ੍ਰਗਟ ਹੋ ਗਿਆ ਹੈ—

***ਸਭਨੀ ਘਟੀ ਸਹੁ ਵਸੈ ਸਹ ਬਿਨੁ ਘਟੁ ਨ ਕੋਇ॥***
***ਨਾਨਕ ਤੇ ਸੋਹਾਗਣੀ ਜਿਨ੍ਾ ਗੁਰਮੁਖਿ ਪਰਗਟੁ ਹੋਇ॥***

(ਪੰਨਾ ੧੪੧੨)

ਪ੍ਰਮਾਤਮਾ ਦਾ ਇਹ ਕੌਤਕ ਹੈ ਕਿ ਉਸਨੇ ਆਪਣੇ ਆਪ ਨੂੰ ਦੁਨੀਆਂ ਵਿਚ ਹੀ ਛੁਪਾ ਕੇ ਦੁਨੀਆਂ ਨੂੰ ਧੰਦੇ ਲਾ ਰਖਿਆ ਹੈ। ਹਜ਼ੂਰ ਫੁਰਮਾਉਦੇ ਹਨ—

***ਦੁਨੀਆ ਧੰਧੈ ਲਾਇ ਆਪੁ ਛਪਾਇਆ॥***
***ਧਰਮੁ ਕਰਾਏ ਕਰਮ ਧੁਰਹੁ ਫੁਰਮਾਇਆ॥***

(ਪੰਨਾ ੧੨੮੦)

ਵੱਡੇ ਅਸਚਰਜ ਦੀ ਗੱਲ ਇਹ ਹੈ ਕਿ ਉਹ ਆਪ ਦੁਨੀਆਂ ਨੂੰ ਵੇਖ ਰਿਹਾ ਹੈ, ਪਰ ਜੀਵ ਉਸਨੂੰ ਵੇਖਣ ਤੋਂ ਅਸਮਰਥ ਹਨ—

***ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥***

(ਪੰਨਾ ੭)

ਜੀਵਾਤਮਾ ਅਤੇ ਪ੍ਰਮਾਤਮਾ ਵਿਚ, ਹਉਮੈ ਦੀ ਕਰੜੀ ਕੰਧ ਪਈ ਹੋਈ ਹੈ। ਇਸੇ ਲਈ ਜੀਵ ਰੂਪੀ ਇਸਤਰੀ ਅਤੇ ਪ੍ਰਮਾਤਮਾ ਰੂਪ ਪਤੀ ਦਾ ਵਾਸਾ ਇਕੋ ਥਾਂ ਹੁੰਦੇ ਹੋਏ ਵੀ ਇਸਤਰੀ ਆਪਣੇ ਪਤੀ ਦੇ ਦਰਸ਼ਨ ਨਹੀਂ ਕਰ ਸਕਦੀ—

***ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ॥***
***ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ॥***

(ਪੰਨਾ ੧੨੬੩)

ਇਕੋ ਘਰ ਵਿਚ ਰਹਿੰਦਿਆਂ ਹੋਇਆਂ ਪਤਨੀ, ਪਤੀ ਨਾਲ ਗੱਲ ਕਰਨ ਤੋਂ ਅਸਮਰਥ ਹੈ—

***ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ॥***
***ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ॥***

(ਪੰਨਾ ੨੦੫)

ਇਸ ਹਉਮੈ ਦੀ ਕੰਧ ਨੂੰ ਤੋੜ ਕੇ, ਪ੍ਰਭੂ ਦਰਸ਼ਨਾਂ ਦਾ ਸੁਭਾਗ, ਕੇਵਲ ਮਨੁਖਾ ਜਨਮ ਵਿਚ ਹੀ ਪ੍ਰਾਪਤ ਹੁੰਦਾ ਹੈ। ਹੋਰ ਅਨੇਕਾਂ ਜੂਨਾਂ ਵਿਚ ਵਿਚਰਦਿਆਂ, ਜੀਵ ਨੂੰ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋ ਸਕਦੇ। ਇਸੇ ਲਈ ਗੁਰਬਾਣੀ ਵਿਚ, ਸਿਰਜਣਹਾਰ

ਅੱਗੇ ਇਹ ਬੇਨਤੀ ਕੀਤੀ ਗਈ ਹੈ—

***ਅਨਿਕ ਜਨਮ ਬਹੁ ਜੋਨੀ ਭ੍ਰਮਿਆ ਬਹੁਰਿ ਬਹੁਰਿ ਦੁਖੁ ਪਾਇਆ॥***
***ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ ਦੇਹੁ ਦਰਸੁ ਹਰਿ ਰਾਇਆ॥***

(ਪੰਨਾ ੨੦੭)

ਇਥੇ ਇਹ ਗੱਲ ਸਪਸ਼ਟ ਕਰ ਦੇਣੀ ਜ਼ਰੂਰੀ ਹੈ ਕਿ ਹਰੀ ਦੇ ਦਰਸ਼ਨਾਂ ਤੋਂ ਭਾਵ, ਉਸ ਪ੍ਰਮਾਤਮਾ ਨਾਲ ਜੀਵਾਤਮਾ ਦਾ ਮਿਲਾਪ ਜਾਂ ਜੋਤ ਵਿਚ ਜੋਤ ਦਾ ਸਮਾ ਜਾਣਾ ਹੀ ਹੈ। ਇਨ੍ਹਾਂ ਦੁਨਿਆਵੀ ਅੱਖਾਂ ਨਾਲ ਕੇਵਲ ਸਥੂਲ ਚੀਜ਼ਾਂ ਵੇਖੀਆਂ ਜਾ ਸਕਦੀਆਂ ਹਨ, ਜਿਨ੍ਹਾਂ ਦਾ ਕੋਈ ਆਕਾਰ ਹੈ, ਰੂਪ ਹੈ। ਫੁੱਲ ਨੂੰ ਵੇਖਿਆ ਜਾ ਸਕਦਾ ਹੈ, ਪਰ ਫੁੱਲ ਦੀ ਸੁਗੰਧ ਨਹੀਂ। ਫੁੱਲ ਦੀ ਸੁਗੰਧ ਵਾਂਗ ਹੀ ਹਰੀ ਘਟ ਘਟ ਵਿਚ ਨਿਰੰਤਰ ਵੱਸ ਰਿਹਾ ਹੈ, ਅੰਦਰੋਂ ਹੀ ਖੋਜਣ ਦੀ ਲੋੜ ਹੈ—

***ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥***
***ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥***

(ਪੰਨਾ ੬੮੪)

ਇਸ ਪ੍ਰਕਾਰ ਨਿਰਗੁਣ ਨਿਰਾਕਾਰ ਪ੍ਰਮਾਤਮਾ ਦੇ ਦਰਸ਼ਨਾਂ ਦੀ ਸਿਕ, ਉਸਨੂੰ ਮਿਲਣ ਦੀ ਤੜਪ ਹੀ ਹੈ। ਮਿਲਣ ਦੀ ਇਸੇ ਲੋਚਾ ਨੂੰ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੭੫੭ ਉਤੇ ਰਾਗ ਸੂਹੀ ਅਸਟਪਦੀਆਂ ਮ: ੪ ਵਿਚ ਇਉਂ ਪ੍ਰਗਟ ਕਰਦੇ ਹਨ—

***ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ***
***ਹਉ ਤਿਸੁ ਪਹਿ ਆਪੁ ਵੇਚਾਈ॥ ੧॥***
***ਦਰਸਨੁ ਹਰਿ ਦੇਖਣ ਕੈ ਤਾਈ॥***
***ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ॥***

ਇਸ ਬਾਣੀ ਵਿਚ ਪ੍ਰਭੂ ਨੂੰ ਮਿਲਣ ਦੀ ਇੱਛਾ, ਇੰਨੀ ਪ੍ਰਬਲ ਹੈ ਕਿ ਹਜ਼ੂਰ ਫੁਰਮਾਉਂਦੇ ਹਨ, ਕਿ ਮੇਰਾ ਪ੍ਰੀਤਮ ਪਿਆਰਾ, ਭਾਵੇਂ ਮੈਨੂੰ ਸੁਖ ਦੇਵੇ ਭਾਵੇਂ ਦੁੱਖ, ਫਿਰ ਵੀ ਮੈਂ ਉਸ ਦੀ ਆਰਾਧਨਾ ਕਰਾਂ। ਦੁੱਖ ਵਿਚ ਹੀ ਸੁਖ ਮਨਾਵਾਂ, ਉਸਨੂੰ ਮਿਲਣ ਲਈ ਆਪਣਾ ਤਨ ਮਨ ਵੀ ਕੱਟ ਕੱਟ ਕੇ ਉਸਨੂੰ ਅਰਪਨ ਕਰ ਦੇਵਾਂ। ਭਾਵ ਜੇ ਉਸਦੇ ਦਰਸ਼ਨ ਹੋ ਜਾਣ ਤਾਂ ਸਭ ਕੁਝ ਉਸ ਉਤੋਂ ਵਾਰ ਦੇਣ ਲਈ ਤਿਆਰ ਹਾਂ। ਇਹ ਅਵਸਥਾ ਪੂਰਨ ਰੂਪ ਵਿਚ ਆਪਣੇ ਆਪ ਨੂੰ ਸਮਰਪਨ ਕਰ ਦੇਣ ਦੀ ਹੈ। ਗੁਰਬਾਣੀ ਦੁਆਰਾ, ਹਜ਼ੂਰ ਮਨੁਖ ਨੂੰ ਸਮਝਾ ਰਹੇ ਹਨ ਕਿ ਆਪਾ ਗੁਆ ਕੇ, ਆਪਣੇ ਆਪ ਨੂੰ

ਉਸਦੇ ਹਵਾਲੇ ਕਰਕੇ, ਉਸਦੀ ਸ਼ਰਣ ਵਿਚ ਆ ਕੇ ਹੀ ਉਸ ਨੂੰ ਪਾਇਆ ਜਾ ਸਕਦਾ ਹੈ। ਇਸੇ ਲਈ ਫੁਰਮਾਉਂਦੇ ਹਨ—

***ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ॥***

*(ਪੰਨਾ ੭੫੭)*

ਇਸੇ ਅਸਟਪਦੀ ਵਿਚ ਫਿਰ ਹਰੀ ਦੇ ਦਰਸ਼ਨਾਂ ਦੀ ਤਾਂਘ, ਇਓਂ ਦਰਸਾਉਂਦੇ ਹਨ—

***ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ॥***

*(ਪੰਨਾ ੭੫੭)*

ਪ੍ਰਮਾਤਮਾ ਨੂੰ ਮਿਲਣ ਦੀ ਤਾਂਘ, ਉਸਦੇ ਦਰਸ਼ਨਾਂ ਦੀ ਸਿਕ, ਜਿੰਨੀ ਦੇਰ ਤੀਬਰ ਰੂਪ ਵਿਚ ਪ੍ਰਗਟ ਨਹੀਂ ਹੁੰਦੀ, ਓਨੀ ਦੇਰ ਉਸਨੂੰ ਮਿਲਿਆ ਨਹੀਂ ਜਾਂਦਾ ਅਤੇ ਇਹ ਤਾਂ ਹੀ ਹੋ ਸਕਦਾ ਹੈ, ਜਦੋਂ ਮਨ ਅੰਦਰ ਉਸਨੂੰ ਮਿਲਣ ਦੀ ਪ੍ਰੀਤ ਪੈਦਾ ਹੋਵੇਗੀ—

***ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ॥***
***ਪਾਇ ਲਗਉ ਮੋਹਿ ਕ੍ਰਉ ਬੇਨਤੀ***
***ਕੋਊ ਸੰਤੁ ਮਿਲੈ ਬਡਭਾਗੀ॥***

*(ਪੰਨਾ ੨੦੪)*

ਮਨ ਅੰਦਰ ਉਸ ਦੀ ਪ੍ਰੀਤ ਪੈਦਾ ਹੋਣ 'ਤੇ ਹੀ, ਉਸਨੂੰ ਮਿਲਣ ਦੀ ਪਿਆਸ ਤੀਬਰ ਹੋਵੇਗੀ। ਹਜ਼ੂਰ ਫੁਰਮਾਉਂਦੇ ਹਨ—

***ਖੋਜਤ ਖੋਜਤ ਭਈ ਬੈਰਾਗਨਿ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ॥***

*(ਪੰਨਾ ੨੦੪)*

ਪ੍ਰਭੂ ਦੇ ਦਰਸ਼ਨਾਂ ਦੀ ਸਿਕ, ਗੁਰੂ ਅਰਜਨ ਦੇਵ ਜੀ ਦੇ ਇਸ ਸ਼ਬਦ ਵਿਚ ਕਿੰਨੀ ਤੀਬਰ ਰੂਪ ਵਿਚ ਪ੍ਰਗਟ ਹੋਈ ਹੈ—

***ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥***
***ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥***

*(ਪੰਨਾ ੯੬)*

ਮਿਲਣ ਦੀ ਤੜਪ ਪ੍ਰਬਲ ਹੋਣ ਕਾਰਨ ਹੀ, ਪ੍ਰਭੂ ਅਬਿਨਾਸੀ ਨੂੰ ਅੰਦਰ ਹੀ ਪਾ ਲਿਆ। ਇਸੇ ਸ਼ਬਦ ਵਿਚ ਅੱਗੇ ਫੁਰਮਾਉਂਦੇ ਹਨ—

***ਭਾਗੁ ਹੋਆ ਗੁਰਿ ਸੰਤ ਮਿਲਾਇਆ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥***

*(ਪੰਨਾ ੯੭)*

ਗੁਰੂ ਰਾਮਦਾਸ ਜੀ ਪ੍ਰਭੂ-ਦਰਸ਼ਨਾਂ ਦੀ ਇਸ ਤੜਪ ਨੂੰ ਪ੍ਰਗਟ ਕਰਦੇ ਹੋਏ ਫੁਰਮਾਉਂਦੇ ਹਨ ਕਿ ਮੈਂ ਆਪਣੇ ਪ੍ਰੀਤਮ ਨੂੰ ਵੇਖੇ ਤੋਂ ਬਿਨਾਂ ਰਹਿ ਨਹੀਂ ਸਕਦਾ ਅਤੇ ਵਿਛੋੜੇ ਦਾ ਦੁੱਖ ਇੰਨਾ ਹੈ ਕਿ ਨੈਣਾਂ ਵਿਚੋਂ ਨੀਰ ਵਹਿ ਰਿਹਾ ਹੈ—

**ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ॥**
**ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ॥**
**ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ**
**ਮੈ ਨੀਰੁ ਵਹੇ ਵਹਿ ਚਲੈ ਜੀਉ॥**

(ਪੰਨਾ ੯੪)

ਮਨ ਅਤੇ ਤਨ ਵਿਚ, ਪ੍ਰਮਾਤਮਾ ਦੇ ਵਿਛੋੜੇ ਦੀ ਵੇਦਨ ਇੰਨੀ ਪ੍ਰਬਲ ਹੈ ਕਿ ਨੀਂਦ ਵੀ ਨਹੀਂ ਆਉਂਦੀ—

**ਮੈ ਬਿਨੁ ਗੁਰ ਦੇਖੇ ਨੀਦ ਨ ਆਵੈ॥**
**ਮੇਰੇ ਮਨ ਤਨਿ ਵੇਦਨ ਗੁਰ ਬਿਰਹੁ ਲਗਾਵੈ॥**
**ਹਰਿ ਹਰਿ ਦਇਆ ਕਰਹੁ ਗੁਰੁ ਮੇਲਹੁ**
**ਜਨ ਨਾਨਕ ਗੁਰ ਮਿਲਿ ਰਹਸੈ ਜੀਉ॥**

(ਪੰਨਾ ੯੪)

ਪ੍ਰਮਾਤਮਾ ਦੇ ਵਿਛੋੜੇ ਜਾਂ ਬਿਰਹਾ ਦੀ ਤੜਪ, ਬਾਬਾ ਫਰੀਦ ਜੀ ਨੇ ਵੀ, ਆਪਣੀ ਬਾਣੀ ਵਿਚ ਬਿਆਨ ਕੀਤੀ ਹੈ, ਉਹ ਤਾਂ ਬਿਰਹਾ ਨੂੰ ਹੀ ਸੁਲਤਾਨ ਕਹਿੰਦੇ ਹਨ ਅਤੇ ਜਿਸ ਤਨ ਵਿਚ ਬਿਰਹਾ ਨਹੀਂ ਹੈ, ਉਸਨੂੰ ਮਸਾਨ ਦੱਸਦੇ ਹਨ—

**ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥**
**ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥**

(ਪੰਨਾ ੧੩੭੯)

ਜੀਵ ਰੂਪੀ ਇਸਤਰੀ ਲਈ ਪਤੀ ਪਰਮੇਸ਼ਰ ਦੇ ਦਰਸ਼ਨਾਂ ਦੀ ਸਿਕ ਨੂੰ ਪ੍ਰਗਟ ਕਰਦੇ ਹੋਏ, ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਦਰਸ਼ਨ ਤੋਂ ਬਿਨਾਂ ਹੁਣ ਰਿਹਾ ਨਹੀਂ ਜਾਂਦਾ—

**ਕਿਆ ਜਾਨਾ ਕਿਆ ਹੋਇਗਾ ਰੀ ਮਾਈ॥**
**ਹਰਿ ਦਰਸਨ ਬਿਨੁ ਰਹਨੁ ਨ ਜਾਈ॥**

(ਪੰਨਾ ੩੫੭)

ਗੁਰੂ ਦਾ ਬਚਨ ਸੁਣ ਕੇ, ਜੇ ਮਨ ਵਿਚ ਪ੍ਰਭੂ-ਪ੍ਰੇਮ ਦਾ ਤੀਰ ਲੱਗ ਜਾਵੇ ਤਾਂ ਪ੍ਰਭੂ

ਦਰਸ਼ਨਾਂ ਦੀ ਪਿਆਸ ਇੰਨੀ ਤੀਬਰ ਹੋ ਜਾਂਦੀ ਹੈ ਕਿ ਮਨ ਦੀ ਬਿਰਥਾ ਮਨ ਹੀ ਜਾਣਦਾ ਹੈ, ਹੋਰ ਕੋਈ ਪਰਾਈ ਪੀੜ ਨੂੰ ਕਿਵੇਂ ਜਾਣ ਸਕਦਾ ਹੈ—

***ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰ ਬਚਨ ਮਨਿ ਤੀਰ ਲਗਈਆ॥***
***ਮਨ ਕੀ ਬਿਰਥਾ ਮਨ ਹੀ ਜਾਣੈ ਅਵਰੁ ਕਿ ਜਾਣੈ ਕੋ ਪੀਰ ਪਰਈਆ॥***

*(ਪੰਨਾ ੮੩੫)*

ਜਦੋਂ ਮਨ ਤਨ, ਰੋਮ ਰੋਮ ਵਿਚ ਪ੍ਰਭੂ ਪ੍ਰੇਮ ਦੀ ਪੀੜ ਉਠਦੀ ਹੈ, ਹਿਰਦੇ ਵਿਚ ਉਸਦੇ ਵਿਛੋੜੇ ਦੀ ਵੇਦਨਾ ਪੈਦਾ ਹੁੰਦੀ ਹੈ ਤਾਂ ਨੀਂਦ ਨਹੀਂ ਆਉਂਦੀ, ਖਿਨ ਪਲ ਉਸ ਦੇ ਦਰਸ਼ਨਾਂ ਤੋਂ ਬਿਨਾਂ ਰਿਹਾ ਨਹੀਂ ਜਾਂਦਾ ਅਤੇ ਐਸੀ ਅਵਸਥਾ ਹੋ ਜਾਂਦੀ ਹੈ, ਜਿਵੇਂ ਉਸ ਅਮਲੀ ਦੀ, ਜੋ ਅਮਲ ਤੋਂ ਬਿਨਾਂ ਮਰ ਜਾਂਦਾ ਹੈ, ਫਿਰ ਹਰੀ-ਦਰਸ਼ਨਾਂ ਤੋਂ ਬਿਨਾਂ ਕੁਝ ਵੀ ਚੰਗਾ ਨਹੀਂ ਲਗਦਾ। ਹਜ਼ੂਰ ਐਸੀ ਹੀ ਵੇਦਨ ਦਾ ਪ੍ਰਗਟਾਅ ਬਾਣੀ ਵਿਚ ਇਉਂ ਕਰਦੇ ਹਨ—

***ਰੋਮਿ ਰੋਮਿ ਮਨਿ ਤਨਿ ਇਕ ਬੇਦਨ ਮੈ***
***ਪ੍ਰਭ ਦੇਖੇ ਬਿਨੁ ਨੀਦ ਨ ਪਈਆ॥***
***ਬੈਦਕ ਨਾਟਿਕ ਦੇਖਿ ਭੁਲਾਨੇ ਮੈ ਹਿਰਦੈ***
***ਮਨਿ ਤਨਿ ਪ੍ਰੇਮ ਪੀਰ ਲਗਈਆ॥੨॥***
***ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ***
***ਜਿਉ ਬਿਨੁ ਅਮਲੈ ਅਮਲੀ ਮਰਿ ਗਈਆ॥***
***ਜਿਨ ਕਉ ਪਿਆਸ ਹੋਇ ਪ੍ਰਭ ਕੇਰੀ***
***ਤਿਨ੍ ਅਵਰੁ ਨ ਭਾਵੈ ਬਿਨੁ ਹਰਿ ਕੋ ਦੁਈਆ॥***

*(ਪੰਨਾ ੮੩੬)*

ਹਰੀ-ਦਰਸ਼ਨ ਲਈ, ਮਨ ਵਿਚ ਇੰਨੀ ਤੜਪ ਪੈਦਾ ਹੋ ਜਾਵੇ, ਜਿਵੇਂ ਇਕ ਪਿਆਸਾ ਆਦਮੀ ਪਾਣੀ ਲਈ ਤੜਪਦਾ ਹੈ—

***ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ॥੧॥***
***ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ॥***
***ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ॥***

*(ਪੰਨਾ ੮੬੧)*

ਮਨ ਅੰਦਰ ਦੀ ਇਹ ਪੀੜ, ਗੁਰੂ ਅਰਜਨ ਦੇਵ ਜੀ ਨੇ ਵਡਹੰਸ ਰਾਗ ਵਿਚ ਹੋਰ ਵੀ ਤੀਬਰ ਰੂਪ ਵਿਚ ਪ੍ਰਗਟ ਕੀਤੀ ਹੈ ਤੇ ਫੁਰਮਾਉਂਦੇ ਹਨ ਕਿ ਮੇਰੇ ਅੰਦਰ ਪਿਆਰੇ ਨੂੰ

ਮਿਲਣ ਦੀ ਇੰਨੀ ਤੀਬਰ ਲੋਚਾ ਹੈ ਕਿ ਜਿਵੇਂ ਬਾਲਕ ਨੂੰ ਕਿੰਨੀਆਂ ਹੀ ਖੇਡਾਂ ਵਿਚ ਟਾਲੋ, ਪਰ ਉਹ ਦੁੱਧ ਤੋਂ ਬਿਨਾ ਰਹਿ ਨਹੀਂ ਸਕਦਾ, ਇਸੇ ਤਰ੍ਹਾਂ ਸੌ ਪ੍ਰਕਾਰ ਦੇ ਭੋਜਨ ਵੀ ਮੇਰੇ ਅੰਦਰ ਦੀ ਪ੍ਰਭੂ ਦਰਸ਼ਨ ਦੀ ਭੁੱਖ ਮਿਟਾ ਨਹੀਂ ਸਕਦੇ। ਫੁਰਮਾਉਂਦੇ ਹਨ—

***ਮੇਰੈ ਅੰਤਰਿ ਲੋਚਾ ਮਿਲਣ ਕੀ ਪਿਆਰੇ ਹਉ ਕਿਉ ਪਾਈ ਗੁਰ ਪੂਰੇ॥***
***ਜੇ ਸਉ ਖੇਲ ਖੇਲਾਈਐ ਬਾਲਕੁ ਰਹਿ ਨ ਸਕੈ ਬਿਨੁ ਖੀਰੇ॥***
***ਮੇਰੈ ਅੰਤਰਿ ਭੁਖ ਨ ਉਤਰੈ ਅੰਮਾਲੀ ਜੇ ਸਉ ਭੋਜਨ ਮੈ ਨੀਰੇ॥***
***ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਬਿਨੁ ਦਰਸਨ ਕਿਉ ਮਨੁ ਧੀਰੇ॥***

(ਪੰਨਾ ੫੬੪)

ਪ੍ਰਭੂ ਦੇ ਦਰਸ਼ਨਾਂ ਨੂੰ ਲੋਚਦਾ ਤਾਂ ਹਰ ਕੋਈ ਹੈ, ਪਰ ਭਾਗਾਂ ਨਾਲ ਉਸਦੇ ਦਰਸ਼ਨ ਪ੍ਰਾਪਤ ਹੁੰਦੇ ਹਨ—

***ਸਤਿਗੁਰ ਨੋ ਸਭ ਕੋ ਲੋਚਦਾ ਜੇਤਾ ਜਗਤੁ ਸਭੁ ਕੋਇ॥***
***ਬਿਨੁ ਭਾਗਾ ਦਰਸਨੁ ਨ ਥੀਐ ਭਾਗਹੀਣ ਬਹਿ ਰੋਇ॥***

(ਪੰਨਾ ੪੧)

ਉਸਦੇ ਦਰਸ਼ਨਾਂ ਨੂੰ ਭਾਵੇਂ ਲੋਚਦਾ ਤਾਂ ਹਰ ਕੋਈ ਹੈ, ਪਰ ਮਿਲਦਾ ਕਿਸੇ ਵਿਰਲੇ ਨੂੰ ਹੈ—

***ਤੇਰੇ ਦਰਸਨ ਕਉ ਕੇਤੀ ਬਿਲਲਾਇ॥***
***ਵਿਰਲਾ ਕੋ ਚੀਨਸਿ ਗੁਰ ਸਬਦਿ ਮਿਲਾਇ॥***

(ਪੰਨਾ ੧੧੮੮)

ਉਸਨੂੰ ਵੇਖਣ ਨੂੰ ਭਾਵੇਂ ਸਭ ਕੋਈ ਲੋਚਦਾ ਹੈ, ਪਰ ਵੇਖ ਉਹ ਹੀ ਸਕਦਾ ਹੈ. ਜਿਸ ਨੂੰ ਉਹ ਆਪ ਵਿਖਾਲੇ। ਹਜ਼ੂਰ ਬਾਣੀ ਵਿਚ ਫੁਰਮਾਉਂਦੇ ਹਨ—

***ਹਰਿ ਵੇਖਣ ਕਉ ਸਭੁ ਕੋਈ ਲੋਚੈ ਸੋ ਵੇਖੈ ਜਿਸੁ ਆਪਿ ਵਿਖਾਲੇ॥***

(ਪੰਨਾ ੫੬੨)

ਅਤੇ ਉਹ ਆਪ ਉਸ ਉਤੇ ਕਿਰਪਾ ਕਰਦਾ ਹੈ, ਜੋ ਉਸਨੂੰ ਭਾਉਂਦਾ ਹੈ। ਗੁਰਬਾਣੀ ਵਿਚ ਫੁਰਮਾਨ ਹੈ—

***ਦਰਸਨੁ ਪਾਵਾ ਜੇ ਤੁਧੁ ਭਾਵਾ॥ ਭਾਇ ਭਗਤਿ ਸਾਚੇ ਗੁਣ ਗਾਵਾ॥***

(ਪੰਨਾ ੧੦੩੪)

ਪ੍ਰਮਾਤਮਾ ਦੇ ਦਰਸ਼ਨਾਂ ਨੂੰ ਭਾਵੇਂ ਤੇਤੀ ਕਰੋੜ ਸਿੱਧ ਜਤੀ ਜੋਗੀ ਲੋਚਦੇ ਹਨ, ਪਰ ਉਸਦੀ ਕਿਰਪਾ ਤੋਂ ਬਿਨਾਂ ਘਾਲ ਥਾਇ ਨਹੀਂ ਪੈਂਦੀ। ਹਜ਼ੂਰ ਦਾ ਬਚਨ ਹੈ—

***ਹਰਿ ਦਰਸਨ ਕਉ ਹਰਿ ਦਰਸਨ ਕਉ ਕੋਟਿ ਕੋਟਿ ਤੇਤੀਸ ਸਿਧ ਜਤੀ ਜੋਗੀ ਤਟ ਤੀਰਥ ਪਰਭਵਨ ਕਰਤ ਰਹਤ ਨਿਰਾਹਾਰੀ॥ ਤਿਨ ਜਨ ਕੀ ਸੇਵਾ ਥਾਇ ਪਈ ਜਿਨ੍ ਕਉ ਕਿਰਪਾਲ ਹੋਵਤੁ ਬਨਵਾਰੀ॥***

(ਪੰਨਾ ੧੨੦੧)

ਭਾਵੇਂ ਮਿਲਦਾ ਉਹ ਕਰਮਾਂ ਨਾਲ ਹੈ, ਫਿਰ ਵੀ ਉਸਦੇ ਦਰਸ਼ਨ ਪ੍ਰਾਪਤ ਕਰਨ ਲਈ ਮਨੁਖ ਨੂੰ ਉਦਮ ਕਰਨ ਦਾ ਬਾਣੀ ਵਿਚ ਹੁਕਮ ਹੈ—

***ਜੋ ਜਨੁ ਭਗਤੁ ਦਾਸੁ ਨਿਜੁ ਪ੍ਰਭ ਕਾ ਸੁਣਿ ਜੀਵਾਂ ਤਿਸੁ ਸੋਇ॥***
***ਉਦਮੁ ਕਰਉ ਦਰਸਨੁ ਪੇਖਨ ਕੌ ਕਰਮਿ ਪਰਾਪਤਿ ਹੋਇ॥***

(ਪੰਨਾ ੧੨੨੩)

ਉੱਦਮ ਕੀ ਕਰਨਾ ਹੈ—ਸ਼ਬਦ ਦੀ ਕਮਾਈ ਕਿਉਂਕਿ ਸ਼ਬਦ ਦੀ ਕਮਾਈ ਦੁਆਰਾ ਹੀ ਹਾਜ਼ਰ ਨਾਜ਼ਰ ਪ੍ਰਮਾਤਮਾ ਨੂੰ ਮਿਲਿਆ ਜਾ ਸਕਦਾ ਹੈ—

***ਸਾਹਿਬੁ ਮੇਰਾ ਸਦਾ ਹੈ ਦਿਸੈ ਸਬਦੁ ਕਮਾਇ॥***

(ਪੰਨਾ ੫੦੯)

ਆਪਣੀ ਮਤਿ ਤਿਆਗ ਕੇ, ਤਨ ਮਨ, ਧਨ ਸਭ ਗੁਰੂ ਨੂੰ ਸੌਂਪ ਕੇ, ਗੁਰੂ ਦੀ ਸ਼ਰਣ ਵਿਚ ਆ ਕੇ, ਸ਼ਬਦ ਦੀ ਕਮਾਈ ਕਰਨ ਨਾਲ ਉਸ ਦੇ ਦਰਸ਼ਨ ਹੋ ਸਕਦੇ ਹਨ। ਇਸ ਤੋਂ ਬਿਨਾਂ ਹੋਰ ਕੋਈ ਚਤੁਰਾਈ ਜਾਂ ਸਿਆਣਪ ਕੰਮ ਨਹੀਂ ਕਰਦੀ। ਪ੍ਰਭੂ-ਦਰਸ਼ਨਾਂ ਲਈ ਉੱਦਮ ਕਰਨ ਦੇ ਨਾਲ ਨਾਲ, ਸਦਾ ਉਸ ਅੱਗੇ ਇਹ ਹੀ ਬੇਨਤੀ ਕੀਤੀ ਜਾਏ ਕਿ ਹੇ ਸੁਖਦਾਤਿਆ! ਸਾਡੇ ਵੱਸ ਕੁਝ ਨਹੀਂ ਹੈ, ਤੂੰ ਆਪ ਹੀ ਕਿਰਪਾ ਕਰਕੇ ਦਰਸ ਦੇਹੁ—

***ਤੇਰਿਆ ਭਗਤਾ ਭੁਖ ਸਦ ਤੇਰੀਆ॥ ਹਰਿ ਲੋਚਾ ਪੂਰਨ ਮੇਰੀਆ॥***
***ਦੇਹੁ ਦਰਸੁ ਸੁਖਦਾਤਿਆ ਮੈ ਗਲ ਵਿਚਿ ਲੈਹੁ ਮਿਲਾਇ ਜੀਉ॥***

(ਪੰਨਾ ੭੪)

ਹੇ ਪ੍ਰਭੂ ! ਮੇਰਾ ਸਭ ਕੁਝ ਤੇਰੇ ਵੱਸ ਵਿਚ ਹੈ, ਦਇਆ ਕਰਕੇ ਆਪਣਾ ਦਰਸ ਦਿਖਾ, ਮੇਰੇ ਮਨ ਤਨ ਵਿਚ ਤੈਨੂੰ ਮਿਲਣ ਦੀ ਤੀਬਰ ਲੋਚਾ ਹੈ—

***ਹਮਰੇ ਪ੍ਰਾਨ ਵਸਗਤਿ ਪ੍ਰਭ ਤੁਮਰੈ ਮੇਰਾ ਜੀਉ ਪਿੰਡੁ ਸਭ ਤੇਰੀ॥***
***ਦਇਆ ਕਰਹੁ ਹਰਿ ਦਰਸੁ ਦਿਖਾਵਹੁ ਮੇਰੈ ਮਨਿ ਤਨਿ ਲੋਚ ਘਣੇਰੀ॥***

(ਪੰਨਾ ੧੭੦)

ਐਸੀ ਤੀਬਰ ਲੋਚਾ ਹੋਵੇ ਤਾਂ ਉਹ ਜ਼ਰੂਰ ਕਿਰਪਾ ਕਰਦਾ ਹੈ, ਮਨ ਵਿਚ ਐਸਾ

ਵਿਸ਼ਵਾਸ ਬਣਾ ਦਿੰਦਾ ਹੈ ਕਿ 'ਸਭੁ ਗੋਬਿੰਦੁ ਹੈ ਸਭੁ ਗੋਬਿਦੁ ਹੈ॥' ਅਜਿਹੀ ਪ੍ਰਭੂ-ਮਿਲਣ ਦੀ ਅਵਸਥਾ ਬਾਰੇ, ਹਜ਼ੂਰ ਨੇ ਬਾਣੀ ਵਿਚ ਇਉਂ ਫੁਰਮਾਨ ਕੀਤਾ ਹੈ—

***ਐਸੋ ਪਰਚਉ ਪਾਇਓ॥ ਕਰੀ ਕ੍ਰਿਪਾ ਦਇਆਲ ਬੀਠੁਲੈ ਸਤਿਗੁਰ ਮੁਝਹਿ ਬਤਾਇਓ॥ ੧॥ ਰਹਾਉ॥ ਜਤ ਕਤ ਦੇਖਉ ਤਤ ਤਤ ਤੁਮ ਹੀ ਮੋਹਿ ਇਹੁ ਬਿਸੁਆਸੁ ਹੋਇ ਆਇਓ॥ ਕੈ ਪਹਿ ਕਰਉ ਅਰਦਾਸਿ ਬੇਨਤੀ ਜਉ ਸੁਨਤੋ ਹੈ ਰਘੁਰਾਇਓ॥***

( ਪੰਨਾ ੨੦੫)

★ ★ ★

# ਵਡੀ ਆਰਜਾ ਹਰਿ ਗੋਬਿੰਦ ਕੀ

ਗੁਰੂ ਅਰਜਨ ਦੇਵ ਜੀ ਦੇ ਘਰ, ੧੫੯੫ ਈ: ਨੂੰ ਬਾਲਕ ਹਰਿ ਗੋਬਿੰਦ ਜੀ ਦਾ ਪਵਿੱਤਰ ਆਗਮਨ ਹੋਇਆ। ਪਿਤਾ ਗੁਰੂ ਨੇ ਬਾਲਕ ਨੂੰ ਗੋਦ ਵਿਚ ਲੈ ਕੇ ਪਿਆਰ ਕੀਤਾ, ਹਰਗੋਬਿੰਦ ਨਾਮ ਧਰਿਆ ਅਤੇ ਵੱਡੀ ਉਮਰ ਹੋਣ ਦੀ ਅਸੀਸ ਦਿੰਦੇ ਹੋਏ ਸ਼ਬਦ ਉਚਾਰਨ ਕੀਤਾ ਜੋ ਬਿਲਾਵਲ ਰਾਗ ਵਿਚ, ਗੁਰੂ ਗ੍ਰੰਥ ਸਾਹਿਬ ਜੀ ਦੇ ਅੰਕ ੮੦੬ ਉਤੇ ਦਰਜ ਹੈ। ਪੂਰਾ ਸ਼ਬਦ ਇਸ ਤਰ੍ਹਾਂ ਹੈ—

*ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦ ਸਮ੍ਹਾਰਿਆ ॥*
*ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ ॥ ੧ ॥*
*ਕਾਰਜੁ ਸਤਿਗੁਰਿ ਆਪਿ ਸਵਾਰਿਆ ॥*
*ਵਡੀ ਆਰਜਾ ਹਰਿ ਗੋਬਿੰਦ ਕੀ*
*ਸੂਖ ਮੰਗਲ ਕਲਿਆਣ ਬੀਚਾਰਿਆ ॥ ੧ ॥ ਰਹਾਉ ॥*
*ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ ॥*
*ਮਨ ਇਛੇ ਨਾਨਕ ਫਲ ਪਾਏ ਪੂਰਨ ਇਛ ਪੁਜਾਰਿਆ ॥*

ਇਸ ਸ਼ਬਦ ਵਿਚ, ਗੁਰੂ ਜੀ ਫੁਰਮਾਉਂਦੇ ਹਨ ਕਿ ਪਰਮੇਸ਼ਰ ਨੇ ਸਭ ਪਾਸੇ ਖੁਸ਼ੀਆਂ ਅਤੇ ਖੇੜੇ ਲੈ ਆਂਦੇ ਹਨ, ਇਥੋਂ ਤਕ ਕਿ ਬਨਸਪਤੀ ਵੀ ਖੇੜੇ ਵਿਚ ਆ ਗਈ ਹੈ ਅਤੇ ਸਤਿਗੁਰੂ ਨੇ ਸਾਰੀਆਂ ਇੱਛਾਂ ਪੂਰਨ ਕਰ ਦਿੱਤੀਆਂ ਹਨ। ਆਪ, ਪੁੱਤਰ-ਜਨਮ ਤੇ ਪਰਿਵਾਰ ਦੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ, ਸਤਿਗੁਰੂ ਦਾ ਹੀ ਸ਼ੁਕਰਾਨਾ ਕਰਦੇ ਹਨ ਕਿਉਂਕਿ ਪੁੱਤਰ ਹਰਿ ਗੋਬਿੰਦ ਜੀ ਨੂੰ ਸਤਿਗੁਰ ਸੱਚੇ ਨੇ ਆਪ ਭੇਜਿਆ ਹੈ—

*ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥ ਉਦਰੈ ਮਾਹਿ ਆਇ ਕੀਆ ਨਿਵਾਸੁ ॥ ਮਾਤਾ ਕੈ ਮਨਿ ਬਹੁਤੁ ਬਿਗਾਸੁ ॥ ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ ਰਹਾਉ ॥* (ਪੰਨਾ ੩੯੬)

ਬਾਲਕ ਹਰਿ ਗੋਬਿੰਦ ਜੀ ਦੇ ਪ੍ਰਕਾਸ਼ ਸਮੇਂ ਜਿਥੇ ਪਰਿਵਾਰ ਅਤੇ ਸੰਗਤਾਂ ਨੇ ਖੁਸ਼ੀਆਂ ਮਨਾਈਆਂ, ਉਥੇ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ, ਬਾਬਾ ਪ੍ਰਿਥੀ ਚੰਦ ਦੇ ਪਰਿਵਾਰ ਵਿਚ ਸੋਗ ਛਾ ਗਿਆ।

ਉਨ੍ਹਾਂ ਦੇ ਸਾਰੇ ਮਨਸੂਬਿਆਂ 'ਤੇ ਪਾਣੀ ਫਿਰ ਗਿਆ। ਦੋਖੀਆਂ ਵਲੋਂ ਬਾਲਕ ਨੂੰ ਖਤਮ ਕਰਨ ਦੀਆਂ ਕਈ ਚਾਲਾਂ ਚੱਲੀਆਂ ਗਈਆਂ। ਅਜਿਹੀਆਂ ਕਈ ਘਟਨਾਵਾਂ ਦੀ ਗਵਾਹੀ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਵੀ ਮਿਲਦੀ ਹੈ। ਜਦੋਂ ਦਾਈ ਰਾਹੀਂ, ਬਾਲਕ ਹਰਿਗੋਬਿੰਦ ਜੀ ਨੂੰ ਜ਼ਹਿਰ ਦੇਣ ਦਾ ਯਤਨ ਕੀਤਾ ਗਿਆ ਤਾਂ ਵਾਹਿਗੁਰੂ ਨੇ ਆਪ ਉਨ੍ਹਾਂ ਦੀ ਰੱਖਿਆ ਕੀਤੀ। ਸ਼ਾਂਤੀ ਦੇ ਪੁੰਜ, ਗੁਰੂ ਅਰਜਨ ਦੇਵ ਜੀ ਨੂੰ, ਇਸ ਘਟਨਾ ਦਾ ਪਤਾ ਲੱਗਾ ਤਾਂ ਬਜਾਏ ਕ੍ਰੋਧ ਜਾਂ ਗਿਲਾ ਕਰਨ ਦੇ, ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਅਤੇ ਸ਼ਬਦ ਉਚਾਰਿਆ—

*ਗੁਰ ਪੂਰੇ ਰਾਖਿਆ ਦੇ ਹਾਥ॥*
*ਪ੍ਰਗਟੁ ਭਇਆ ਜਨ ਕਾ ਪਰਤਾਪੁ॥*
*ਗੁਰੁ ਗੁਰੁ ਜਪੀ ਗੁਰੂ ਗੁਰੁ ਧਿਆਈ॥*
*ਜੀਅ ਕੀ ਅਰਦਾਸਿ ਗੁਰੂ ਪਹਿ ਪਾਈ॥ ਰਹਾਉ॥*

*(ਪੰਨਾ ੩੯੬)*

ਜਦੋਂ ਦਾਈ ਵਾਲਾ ਵਾਰ ਖਾਲੀ ਗਿਆ ਤਾਂ ਦੋਖੀਆਂ ਵਲੋਂ ਇਕ ਹੋਰ ਚਾਲ ਚੱਲੀ ਗਈ। ਰਸੋਈਏ ਰਾਹੀਂ ਬਾਲਕ ਹਰਿ ਗੋਬਿੰਦ ਜੀ ਨੂੰ ਜ਼ਹਿਰ ਮਿਲਾ ਕੇ ਦਹੀਂ ਖਿਲਾਉਣ ਦਾ ਯਤਨ ਕੀਤਾ ਗਿਆ। ਪਰ ਜਿਸਨੂੰ ਪ੍ਰਮਾਤਮਾ ਆਪ ਰੱਖੇ, ਉਸਨੂੰ ਕੌਣ ਮਾਰ ਸਕਦਾ ਹੈ? ਬਾਲਕ ਨੇ ਦਹੀਂ ਖਾਣ ਤੋਂ ਇਨਕਾਰ ਕਰ ਦਿੱਤਾ, ਪਰ ਦੂਜੇ ਪਾਸੇ ਉਸ ਰਸੋਈਏ ਦੇ ਢਿੱਡ ਵਿਚ ਐਸਾ ਸੂਲ ਉਠਿਆ ਕਿ ਦਮ ਤੋੜ ਗਿਆ। ਗੁਰੂ ਅਰਜਨ ਦੇਵ ਜੀ ਪਾਸ ਖ਼ਬਰ ਪੁਜੀ ਤਾਂ ਕੋਈ ਰੋਸ ਜਾਂ ਗਿਲਾ ਨਹੀਂ ਕੀਤਾ ਸਗੋਂ ਸ਼ੁਕਰਾਨੇ ਦਾ ਸ਼ਬਦ ਉਚਾਰਣ ਕੀਤਾ—

*ਲੇਪੁ ਨ ਲਾਗੋ ਤਿਲ ਕਾ ਮੂਲਿ॥*
*ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥੧॥*
*ਹਰਿ ਜਨ ਰਾਖੇ ਪਾਰਬ੍ਰਹਮਿ ਆਪਿ॥*
*ਪਾਪੀ ਮੂਆ ਗੁਰ ਪਰਤਾਪਿ॥੧॥ ਰਹਾਉ॥*

*(ਪੰਨਾ ੧੧੩੭)*

ਪਾਪੀਆਂ ਨੂੰ ਫਿਰ ਨਿਰਾਸਤਾ ਹੋਈ ਤੇ ਪ੍ਰਭੂ ਨੇ ਆਪਣੇ ਦਾਸ ਦੀ ਆਪ ਰੱਖਿਆ ਕੀਤੀ। ਵਿਰੋਧੀਆਂ ਦੀਆਂ ਅਜਿਹੀਆਂ ਚਾਲਾਂ ਨੂੰ ਦੇਖਦੇ ਹੋਏ, ਗੁਰੂ ਅਰਜਨ ਦੇਵ ਜੀ ਨੇ ਬਾਲਕ ਹਰਿਗੋਬਿੰਦ ਜੀ ਨੂੰ ਵਡਾਲੀ ਤੋਂ ਅੰਮ੍ਰਿਤਸਰ ਬੁਲਾ ਭੇਜਿਆ। ਉਨ੍ਹਾਂ ਦਿਨਾਂ ਵਿਚ ਅੰਮ੍ਰਿਤਸਰ ਚੇਚਕ ਦੀ ਬਿਮਾਰੀ ਫੈਲੀ ਹੋਈ ਸੀ। ਬਾਲਕ ਹਰਿਗੋਬਿੰਦ ਜੀ ਨੂੰ

ਬਿਮਾਰੀ ਦਾ ਸਖਤ ਹੱਲਾ ਹੋਇਆ। ਪਰਿਵਾਰ ਨੂੰ ਇਸ ਬਿਮਾਰੀ ਦੇ ਕਈ ਉਪਾਅ ਦੱਸੇ ਗਏ, ਪਰ ਗੁਰੂ ਅਰਜਨ ਦੇਵ ਜੀ ਨੂੰ ਆਪਣੇ ਪ੍ਰਭੂ 'ਤੇ ਅਟੱਲ ਨਿਸਚਾ ਸੀ, ਉਨ੍ਹਾਂ ਨੇ ਫੁਰਮਾਇਆ ਕਿ ਜਿਸ ਨੇ ਦਿੱਤਾ ਹੈ ਰੱਖਿਆ ਵੀ ਉਹ ਆਪ ਕਰੇਗਾ। ਵਾਹਿਗੁਰੂ ਨੇ ਕਿਰਪਾ ਕੀਤੀ ਤੇ ਬਾਲਕ ਦੀ ਬਿਮਾਰੀ ਟਲ ਗਈ। ਗੁਰੂ ਅਰਜਨ ਦੇਵ ਜੀ ਨੇ ਸ਼ੁਕਰਾਨੇ ਵਜੋਂ ਸ਼ਬਦ ਉਚਾਰਨ ਕੀਤਾ ਅਤੇ ਸੰਗਤਾਂ ਨੂੰ ਸਮਝਾਇਆ ਕਿ ਆਪਣੇ ਦਾਸ ਦੀ ਬੇਨਤੀ ਪ੍ਰਮਾਤਮਾ ਜ਼ਰੂਰ ਸੁਣਦਾ ਹੈ—

***ਸਦਾ ਸਦਾ ਹਰਿ ਜਾਪੇ॥ ਪ੍ਰਭ ਬਾਲਕ ਰਾਖੇ ਆਪੇ॥***
***ਸੀਤਲਾ ਠਾਕਿ ਰਹਾਈ॥ ਬਿਘਨ ਗਏ ਹਰਿ ਨਾਈ॥***
***ਮੇਰਾ ਪ੍ਰਭੁ ਹੋਆ ਸਦਾ ਦਇਆਲਾ॥***
***ਅਰਦਾਸਿ ਸੁਣੀ ਭਗਤ ਅਪੁਨੇ ਕੀ***
***ਸਭ ਜੀਅ ਭਇਆ ਕਿਰਪਾਲਾ॥ ਰਹਾਉ॥***

(ਪੰਨਾ ੬੨੭)

ਬਾਲਕ ਹਰਿ ਗੋਬਿੰਦ ਜੀ, ਬਚਪਨ ਦੀਆਂ ਔਕੜਾਂ, ਦੋਖੀਆਂ ਵਲੋਂ ਕੀਤੇ ਗਏ ਵਾਰਾਂ ਅਤੇ ਭਿਆਨਕ ਬੀਮਾਰੀ ਤੋਂ ਬਚ ਕੇ, ਬਿਲਕੁਲ ਠੀਕ ਹੋ ਗਏ। ਬਚਪਨ ਤੋਂ ਹੀ ਪਿਤਾ ਗੁਰੂ ਨੇ ਉਨ੍ਹਾਂ ਨੂੰ ਆਉਣ ਵਾਲੇ ਬਿਖੜੇ ਸਮਿਆਂ ਲਈ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਸੀ। ਜਿਥੇ ਉਨ੍ਹਾਂ ਨੂੰ ਵੱਡੀ ਆਰਜ਼ਾ ਦੀ ਅਸੀਸ ਦਿੱਤੀ, ਉਥੇ ਹਰ ਖਤਰੇ ਲਈ ਤਿਆਰ ਵੀ ਕੀਤਾ। ਉਨ੍ਹਾਂ ਦੀ ਸਿਖਲਾਈ ਅਤੇ ਵਿਦਿਆ ਦੀ ਪੂਰੀ ਜ਼ਿੰਮੇਵਾਰੀ, ਬਾਬਾ ਬੁੱਢਾ ਜੀ ਨੂੰ ਸੌਂਪੀ ਗਈ। ਵਿਦਿਆ ਦੇ ਨਾਲ ਨਾਲ ਘੋੜ ਸਵਾਰੀ, ਨੇਜ਼ਾ ਬਾਜ਼ੀ ਤੇ ਸ਼ਸਤਰਾਂ ਨੂੰ ਚਲਾਉਣ ਵਿਚ ਵੀ ਗੁਰੂ ਹਰਿਗੋਬਿੰਦ ਜੀ ਨੇ ਨਿਪੁੰਨਤਾ ਹਾਸਲ ਕੀਤੀ।

ਉਹ ਅਜੇ ਗਿਆਰ੍ਹਾਂ ਸਾਲ ਦੇ ਹੀ ਸਨ ਕਿ ਗੁਰੂ ਅਰਜਨ ਦੇਵ ਜੀ ਨੇ ਆਪਣਾ ਅੰਤਿਮ ਸਮਾਂ ਨੇੜੇ ਜਾਣ ਕੇ ਗੁਰੂ ਘਰ ਦੀ ਮਰਯਾਦਾ ਅਨੁਸਾਰ ਆਪ ਹੀ ਉਨ੍ਹਾਂ ਨੂੰ ਗੁਰੂ-ਗੱਦੀ ਬਖਸ਼ ਦਿੱਤੀ। ਭਾਈ ਗੁਰਦਾਸ ਜੀ ਨੇ ਗੁਰੂ ਹਰਿਗੋਬਿੰਦ ਜੀ ਦੇ ਗੱਦੀ ਨਸ਼ੀਨ ਹੋਣ ਦੀ ਘਟਨਾ ਦਾ ਵਰਣਨ, ਆਪਣੀਆਂ ਵਾਰਾਂ ਵਿਚ ਇਉਂ ਕੀਤਾ ਹੈ—

***ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰ ਭਾਰੀ॥***
***ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ॥***
***ਚੱਲੀ ਪੀੜ੍ਹੀ ਸੋਢੀਆਂ ਰੂਪੁ ਦਿਖਾਵਣਿ ਵਾਰੋ ਵਾਰੀ॥***
***ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ॥***

ਭਾਈ ਗੁਰਦਾਸ ਨੇ ਥੋੜ੍ਹੇ ਜਿਹੇ ਸ਼ਬਦਾਂ ਵਿਚ, ਬਹੁਪੱਖੀ ਸ਼ਖਸੀਅਤ ਦੇ ਮਾਲਕ,

ਗੁਰੂ ਹਰਿਗੋਬਿੰਦ ਜੀ ਨੂੰ ਮਹਾਨ ਗੁਰੂ 'ਬਹਾਦਰ ਸੂਰਮਾ, ਬਹੁਤ ਵੱਡਾ ਜੋਧਾ ਅਤੇ ਬਹੁਤ ਪਰਉਪਕਾਰੀ ਦਰਸਾਇਆ ਹੈ।

ਗੁਰੂ ਹਰਿਗੋਬਿੰਦ ਦੇ ਗੁਰੂ ਗੱਦੀ 'ਤੇ ਬਿਰਾਜਮਾਨ ਹੋਣ ਸਮੇਂ ਹਾਲਾਤ ਅਜਿਹੇ ਬਣ ਚੁਕੇ ਸਨ ਕਿ ਉਨ੍ਹਾਂ ਨੇ ਸਮਝ ਲਿਆ ਸੀ ਕਿ ਹੁਣ ਟਿਕ ਕੇ ਬੈਠਣ ਦਾ ਸਮਾਂ ਨਹੀਂ ਹੈ। ਗੁਰੂ ਅਰਜਨ ਦੇਵ ਜੀ ਵਲੋਂ ਦਿੱਤੀ ਸਿੱਖਿਆ, ਪਿਤਾ ਗੁਰੂ ਦਾ ਸ਼ਹੀਦ ਹੋਣਾ ਅਤੇ ਜ਼ਾਲਮ ਸਰਕਾਰ ਵਲੋਂ ਦਿਨੋਂ ਦਿਨ ਵੱਧ ਰਹੇ ਜ਼ੁਲਮਾਂ ਨੂੰ ਵੇਖਦੇ ਹੋਏ ਗੁਰੂ ਹਰਿਗੋਬਿੰਦ ਜੀ ਨੇ ਨਿਸਚਾ ਕਰ ਲਿਆ ਸੀ ਕਿ ਹੁਣ ਜ਼ੁਲਮ ਦਾ ਟਾਕਰਾ, ਤਲਵਾਰ ਨਾਲ ਕਰਨ ਤੋਂ ਬਿਨਾਂ, ਗੁਜ਼ਾਰਾ ਨਹੀਂ ਹੋਣਾ। ਇਸੇ ਲਈ ਗੱਦੀ ਉਤੇ ਬੈਠਦਿਆਂ ਹੀ ਉਨ੍ਹਾਂ ਨੇ ਬਾਬਾ ਬੁੱਢਾ ਜੀ ਨੂੰ ਦੋ ਤਲਵਾਰਾਂ ਪਹਿਨਾਉਣ ਲਈ ਫੁਰਮਾਇਆ। ਇਕ ਤਲਵਾਰ ਮੀਰੀ ਦਾ ਚਿੰਨ੍ਹ ਸੀ ਤੇ ਦੂਜੀ ਪੀਰੀ ਦਾ। ਗੁਰੂ ਹਰਿਗੋਬਿੰਦ ਜੀ ਵਲੋਂ, ਦੋ ਤਲਵਾਰਾਂ ਧਾਰਨ ਕਰਨ ਬਾਰੇ, ਸਮਕਾਲੀ ਢਾਡੀ ਨੱਥਾ ਮੱਲ ਤੇ ਅਬਦੁਲ ਜਿਨ੍ਹਾਂ ਨੇ ਤਖਤ ਨਸ਼ੀਨੀ ਦੀ ਵਾਰ ਗਾਈ ਸੀ, ਇਉਂ ਲਿਖਦੇ ਹਨ:-

***ਦੋ ਤਰਵਾਰੀ ਬੱਧੀਆਂ, ਇਕ ਮੀਰੀ ਦੀ, ਇਕ ਪੀਰੀ ਦੀ।***
***ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰੀ ਦੀ।***

ਗੁਰੂ ਹਰਿਗੋਬਿੰਦ ਜੀ, ਸਮੇਂ ਦੀ ਹਕੂਮਤ ਨਾਲ ਟੱਕਰ ਨਹੀਂ ਸਨ ਲੈਣਾ ਚਾਹੁੰਦੇ, ਪਰ ਉਹ ਬੇਦੋਸ਼ਾਂ ਉਤੇ ਹੋ ਰਹੇ ਜ਼ੁਲਮ ਨੂੰ ਵੇਖ ਕੇ, ਚੁੱਪ ਵੀ ਨਹੀਂ ਸਨ ਬੈਠ ਸਕਦੇ। ਇਸੇ ਲਈ ਉਨ੍ਹਾਂ ਨੇ ਆਪਣੀ ਫੌਜ ਖੜੀ ਕੀਤੀ, ਸ਼ਸਤਰ ਧਾਰਨ ਕੀਤੇ, ਵਧੀਆ ਘੋੜੇ ਰੱਖੇ, ਸਿੱਖ ਸੰਗਤਾਂ ਨੂੰ ਸੁਨੇਹੇ ਭੇਜੇ ਕਿ ਉਹ ਵਧੀਆਂ ਸ਼ਸਤਰ ਅਤੇ ਘੋੜੇ ਭੇਟਾ ਵਜੋਂ ਲੈ ਕੇ ਆਉਣ। ਦਿਨਾਂ ਵਿਚ ਹੀ ਸੈਂਕੜੇ ਨੌਜੁਆਨ ਸੂਰਬੀਰ ਉਨ੍ਹਾਂ ਦੀ ਫੌਜ ਵਿਚ ਭਰਤੀ ਹੋ ਗਏ। ਇਸ ਤਰ੍ਹਾਂ ਥੋੜ੍ਹੇ ਸਮੇਂ ਵਿਚ ਹੀ ਤਕੜੀ ਫੌਜ ਖੜੀ ਹੋ ਗਈ। ਕਿਲ੍ਹੇ ਦੀ ਲੋੜ ਮਹਿਸੂਸ ਕਰਦਿਆਂ ਹੋਇਆਂ, ਉਨ੍ਹਾਂ ਨੇ ਸਿੱਖਾਂ ਦਾ ਪਹਿਲਾ ਕਿਲ੍ਹਾ ੧੬੦੯ ਈ: ਵਿਚ ਲੋਹਗੜ੍ਹ ਉਸਾਰਿਆ।

ਬਾਦਸ਼ਾਹ ਜਹਾਂਗੀਰ ਨੇ ਐਲਾਨ ਕੀਤਾ ਹੋਇਆ ਸੀ ਕਿ ਕੋਈ ਆਪਣਾ ਨਿਜੀ ਥੜ੍ਹਾ ਵੀ ਦੋ ਫੁਟ ਤੋਂ ਉੱਚਾ ਨਹੀਂ ਰੱਖ ਸਕਦਾ। ਗੁਰੂ ਜੀ ਨੇ ਦਰਬਾਰ ਸਾਹਿਬ ਦੇ ਸਾਹਮਣੇ ਅਕਾਲ ਤਖਤ ੧੨ ਫੁੱਟ ਉੱਚਾ ਬਣਵਾਇਆ। ਅਕਾਲ ਤਖਤ ਬਣਵਾਉਣ ਸਮੇਂ ਐਸੀ ਸੂਝ ਦਾ ਸਬੂਤ ਦਿੱਤਾ ਕਿ ਤਖਤ ਐਸੀ ਥਾਂ 'ਤੇ ਬਣਵਾਇਆ ਕਿ ਹਰਿਮੰਦਰ ਸਾਹਿਬ ਵਿਚ ਬੈਠਿਆਂ ਅਕਾਲ ਤਖਤ ਨਜ਼ਰ ਆਵੇ ਤਾਂ ਜੋ ਹਰਿਮੰਦਰ ਵਿਚ ਬੈਠਾ ਹੋਇਆ ਸਿੱਖ, ਇਨਸਾਨੀ ਫਰਜ਼ ਨ ਭੁੱਲ ਜਾਏ ਤੇ ਦੂਜੇ ਪਾਸੇ ਤਖ਼ਤ 'ਤੇ ਬੈਠਾ ਹੋਇਆ ਸਿੱਖ, ਰਾਜ ਦੇ ਨਸ਼ੇ ਵਿਚ ਧਰਮ ਹੀ ਨ ਭੁੱਲ ਜਾਏ। ਅਕਾਲ ਤਖ਼ਤ ਦੀ

ਉਸਾਰੀ ਤੋਂ ਬਾਅਦ ਗੁਰੂ ਜੀ ਨੇ ਸਿੱਖ ਸੰਗਤਾਂ ਦੇ ਨਿਜੀ ਝਗੜਿਆਂ ਨੂੰ ਵੀ ਤਖ਼ਤ 'ਤੇ ਬੈਠ ਕੇ ਹੀ ਨਿਪਟਾਉਣਾ ਸ਼ੁਰੂ ਕਰ ਦਿੱਤਾ।

ਇਥੇ ਇਹ ਸਪਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਗੁਰੂ ਜੀ ਇਹ ਸਭ ਕੁਝ ਸਮੇਂ ਦੀ ਹਕੂਮਤ ਨੂੰ ਵੰਗਾਰਨ ਲਈ ਨਹੀਂ ਸਨ ਕਰ ਰਹੇ, ਸਗੋਂ ਧਰਮ ਅਤੇ ਨਿਆਂ ਦੀ ਰਾਖੀ ਲਈ ਕਰ ਰਹੇ ਸਨ। ਭਾਈ ਗੁਰਦਾਸ ਜੀ, ਇਸ ਸੰਬੰਧ ਵਿਚ ਲਿਖਦੇ ਹਨ ਕਿ ਧਰਮ ਦੀ ਖੇਤੀ ਨੂੰ ਵਾੜ ਕੀਤੀ ਜਾ ਰਹੀ ਸੀ, ਜਿਵੇਂ ਬਾਗ ਦੇ ਆਸ ਪਾਸ ਬਚਾਉ ਲਈ ਕਿੱਕਰਾਂ ਲਗਾਈਆਂ ਜਾਂਦੀਆਂ ਹਨ ਜਾਂ ਘਰ ਦੀ ਰੱਖਿਆ ਲਈ ਬੂਹੇ ਨੂੰ ਜੰਦਰਾ ਲਾਇਆ ਜਾਂਦਾ ਹੈ ਜਾਂ ਕੁੱਤਾ ਰਖਿਆ ਹੁੰਦਾ ਹੈ। ਉਹ ਆਪਣੀਆਂ ਵਾਰਾਂ ਵਿਚ ਲਿਖਦੇ ਹਨ—

***ਖੇਤੀ ਵਾੜ ਸੁ ਢਿੰਗਰੀ, ਕਿਕਰ ਆਸ ਪਾਸ ਜਿਉਂ ਬਾਗੈ।***
***ਸਪ ਪਲੇਟੇ ਚੰਨਣੈ, ਬੂਹੇ ਜੰਦ੍ਰਾ ਕੁਤਾ ਜਾਗੈ।***

ਧਰਮ ਦੀ ਰੱਖਿਆ ਲਈ ਅਤੇ ਸਿੱਖੀ ਦੀ ਆਨ ਸ਼ਾਨ ਲਈ ਗੁਰੂ ਜੀ ਨੇ ਆਪਣੇ ਜੀਵਨ ਵਿਚ ਅੰਮ੍ਰਿਤਸਰ, ਹਰਿਗੋਬਿੰਦ, ਨਥਾਣਾ ਅਤੇ ਕਰਤਾਰਪੁਰ ਦੀਆਂ ਚਾਰ ਜੰਗਾਂ ਲੜੀਆਂ ਅਤੇ ਚਾਰਾਂ ਵਿਚ ਹੀ ਅਥਾਹ ਬਹਾਦਰੀ ਦਾ ਸਬੂਤ ਦਿੰਦੇ ਹੋਏ, ਵੈਰੀ ਨੂੰ ਹਰਾ ਕੇ, ਬੇਮਿਸਾਲ ਜਿੱਤਾਂ ਪ੍ਰਾਪਤ ਕੀਤੀਆਂ। ਵੇਖਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਜੰਗਾਂ ਦਾ ਮਨੋਰਥ ਕਿਸੇ ਦੇ ਇਲਾਕੇ ਉਤੇ ਕਬਜ਼ਾ ਕਰਨਾ ਬਿਲਕੁਲ ਨਹੀਂ ਸੀ ਜਿਵੇਂ ਕਿ ਆਮ ਜੰਗਾਂ ਵਿਚ ਹੁੰਦਾ ਹੈ। ਗੁਰੂ ਜੀ ਨੇ ਜੰਗ ਲਈ, ਪਹਿਲ ਕਦੀ ਵੀ ਨਹੀਂ ਕੀਤੀ। ਪਰ ਜਦੋਂ ਉਨ੍ਹਾਂ ਦੀ ਅਣਖ ਨੂੰ ਵੰਗਾਰਿਆ ਗਿਆ ਤਾਂ ਪਿੱਛੇ ਨਹੀਂ ਹਟੇ, ਵੈਰੀ ਦੇ ਚੰਗੇ ਦੰਦ ਖੱਟੇ ਕੀਤੇ।

ਗੁਰੂ ਹਰਿਗੋਬਿੰਦ ਜੀ, ਜਿਥੇ ਇਕ ਪਾਸੇ ਮਹਾਨ ਜੋਧੇ ਅਤੇ ਸੂਰਬੀਰ ਸਨ, ਉਥੇ ਉਹ ਗੁਰੂ ਨਾਨਕ ਦੀ ਗੱਦੀ 'ਤੇ ਬੈਠੇ ਰੂਹਾਨੀ ਆਗੂ ਵੀ ਸਨ। ਉਨ੍ਹਾਂ ਵਲੋਂ ਫ਼ੌਜ ਬਣਾ ਕੇ ਲੜਾਈਆਂ ਕਰਨ ਦੀ ਕਿਰਿਆ ਨੂੰ ਕਈ ਸ਼ੰਕਾ ਦੀ ਨਿਗਾਹ ਨਾਲ ਦੇਖਦੇ ਸਨ ਕਿ ਉਨ੍ਹਾਂ ਨੇ ਪਹਿਲੇ ਪੰਜ ਗੁਰੂ ਸਾਹਿਬਾਨ ਵਾਲਾ ਰਸਤਾ ਛੱਡ ਕੇ ਨਵਾਂ ਰਾਹ ਅਪਨਾ ਲਿਆ ਹੈ। ਭਾਈ ਗੁਰਦਾਸ ਜੀ ਆਪਣੀ ੨੬ਵੀਂ ਵਾਰ ਵਿਚ, ਉਠਾਏ ਗਏ ਅਜਿਹੇ ਸ਼ੰਕਿਆਂ ਦਾ ਵਰਣਨ ਕਰਨ ਉਪਰੰਤ ਲਿਖਦੇ ਹਨ ਕਿ ਇਸ ਦਿਸਦੀ ਤਬਦੀਲੀ ਨਾਲ ਸੱਚ ਨੂੰ ਲੁਕਾਇਆ ਨਹੀਂ ਜਾ ਸਕਦਾ, ਸਿੱਖ ਭੰਵਰੇ ਵਾਂਗ ਹਨ ਤੇ ਉਹ ਚਰਣ ਕੰਵਲਾਂ 'ਤੇ ਲੁਭਿਤ ਹਨ, ਉਹ ਜਾਣਦੇ ਹਨ ਕਿ ਗੁਰੂ ਹਰਿਗੋਬਿੰਦ ਅਜਰ ਨੂੰ ਜਰ ਰਹੇ ਹਨ, ਆਪਾ ਨਹੀਂ ਜਣਾਉਂਦੇ। ਭਾਈ ਗੁਰਦਾਸ ਜੀ ਸਪਸ਼ਟ ਲਿਖਦੇ ਹਨ ਕਿ ਗੁਰੂ ਹਰਿਗੋਬਿੰਦ ਜੀ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਵਾਲੀ ਹੀ ਜੋਤਿ ਸੀ ਅਤੇ ਇਹ ਜੋਤਿ ਗੁਰੂ ਅਰਜਨ ਦੇਵ ਜੀ ਵਲੋਂ ਉਨ੍ਹਾਂ ਵਿਚ ਟਿਕਾਈ ਗਈ—

***ਹਰਿਗੋਬਿੰਦ ਗੁਰੂ ਅਰਜਨਹੁ ਗੁਰੂ ਗੋਬਿੰਦ ਨਾਉਂ ਸਦਵਾਯਾ'***

ਭਾਵੇਂ ਗੁਰੂ ਹਰਿਗੋਬਿੰਦ ਜੀ ਧਾਰਮਿਕ ਪਖੋਂ ਵੀ ਉੱਚ ਬਿਰਤੀ ਦੇ ਮਾਲਕ ਸਨ, ਫਿਰ ਵੀ ਉਨ੍ਹਾਂ ਦੇ ਸ਼ਾਹੀ ਠਾਠ ਨੂੰ ਵੇਖ ਕੇ, ਉਨ੍ਹਾਂ ਦੇ ਧਾਰਮਿਕ ਆਗੂ ਹੋਣ 'ਤੇ ਸ਼ੰਕਾ ਕੀਤੀ ਜਾਂਦੀ ਰਹੀ। ਉਨ੍ਹਾਂ ਦੇ ਗੁਜਰਾਤ ਦੇ ਦੌਰੇ ਸਮੇਂ ਸ਼ਾਹ ਦੌਲਾ ਦੇ ਚੇਲੇ ਜਹਾਂਗੀਰ ਨੇ ਆਪਣੀ ਸ਼ੰਕਾ ਇਸ ਤਰ੍ਹਾਂ ਪ੍ਰਗਟ ਕੀਤੀ ਸੀ:—

***ਹਿੰਦੂ ਕਿਆ ਤੇ ਪੀਰ ਕਿਆ। ਔਰਤ ਕਿਆ ਤੇ ਫਕੀਰ ਕਿਆ।***
***ਦੌਲਤ ਕਿਆ ਤੇ ਤਿਆਗ ਕਿਆ। ਪੁਤਰ ਕਿਆ ਤੇ ਵੈਰਾਗ ਕਿਆ।***

ਤਾਂ ਗੁਰੂ ਹਰਿਗੋਬਿੰਦ ਜੀ ਨੇ ਐਸਾ ਉੱਤਰ ਦਿੱਤਾ ਕਿ ਉਸਦੀ ਤਸੱਲੀ ਹੋ ਗਈ। ਆਪ ਨੇ ਫੁਰਮਾਇਆ—

***ਪੀਰੀ ਖ਼ੁਦਾ ਦਾ ਦਾਨ ਔਰਤ ਈਮਾਨ ਦੌਲਤ ਗੁਜ਼ਰਾਨ ਪੁਤਰ ਨਿਸ਼ਾਨ।***

ਇਸੇ ਤਰ੍ਹਾਂ ਉੱਤਰ ਪ੍ਰਦੇਸ਼ ਦੇ ਇਲਾਕੇ ਵਿਚ ਸ੍ਰੀ ਨਗਰ ਦੇ ਸਥਾਨ 'ਤੇ ਸਮਰਥ ਰਾਮਦਾਸ ਜੋ ਧਰਮ ਦਾ ਰਾਹ ਲੱਭਣ ਲਈ ਧਰਮ ਅਸਥਾਨਾਂ ਦੇ ਦਰਸ਼ਨ ਕਰ ਰਿਹਾ ਸੀ, ਨਾਲ ਗੁਰੂ ਜੀ ਦੀ ਭੇਂਟ ਹੋ ਗਈ। ਗੁਰੂ ਜੀ ਫੌਜੀ ਪਹਿਰਾਵੇ ਵਿਚ ਸਨ ਤੇ ਰਾਮਦਾਸ ਨੇ ਸ਼ੰਕਾ ਪ੍ਰਗਟ ਕੀਤੀ—ਮੈਂ ਸੁਣਿਆ ਹੈ ਕਿ ਤੁਸੀਂ ਤਾਂ ਗੁਰੂ ਨਾਨਕ ਜੀ ਦੀ ਗੱਦੀ ਉਤੇ ਹੋ, ਗੁਰੂ ਨਾਨਕ ਇਕ ਤਿਆਗੀ ਸਾਧੂ ਸੀ ਤੇ ਤੁਸੀਂ ਹਥਿਆਰਬੰਦ ਹੋ, ਫੌਜਾਂ ਤੇ ਘੋੜੇ ਰੱਖੇ ਹੋਏ ਹਨ। ਸੱਚਾ ਪਾਤਸ਼ਾਹ ਅਖਵਾਉਂਦੇ ਹੋ, ਤੁਸੀਂ ਕਿਹੋ ਜਿਹੇ ਸਾਧੂ ਹੋ?

ਗੁਰੂ ਜੀ ਨੇ ਕਿਹਾ—

***"ਬਾਤਨ ਫਕੀਰੀ ਜ਼ਾਹਿਰ ਅਮੀਰੀ***
***ਸ਼ਸਤਰ ਗਰੀਬ ਕੀ ਰੱਖਿਆ ਜਰਵਾਣੇ ਕੀ ਭੱਖਿਆ।***
***ਬਾਬਾ ਨਾਨਕ ਸੰਸਾਰ ਨਹੀ ਤਿਆਗਯਾ ਥਾ ਮਾਯਾ ਤਯਾਗੀ ਥੀ।"***

ਰਾਮਦਾਸ ਝਟ ਬੋਲ ਉਠਿਆ। "ਯਹ ਹਮਾਰੇ ਮਨ ਭਾਵਤੀ ਹੈ।" ਉਸਦੇ ਮਨ ਨੂੰ ਗੁਰੂ ਜੀ ਦੀ ਗੱਲ ਭਾਅ ਗਈ ਅਤੇ ਸੰਤੁਸ਼ਟ ਹੋ ਗਿਆ।

ਧਾਰਮਿਕ ਪੱਖੋਂ ਗੁਰੂ ਹਰਿਗੋਬਿੰਦ ਜੀ, ਕਿੰਨੇ ਚੇਤੰਨ ਸਨ, ਇਸ ਦਾ ਸਬੂਤ ਇਸ ਗੱਲ ਤੋਂ ਵੀ ਮਿਲਦਾ ਹੈ ਕਿ ਉਨ੍ਹਾਂ ਨੇ ਜੰਗੀ ਤਿਆਰੀਆਂ ਦੇ ਨਾਲ ਨਾਲ ਧਾਰਮਿਕ ਪ੍ਰਚਾਰ ਵਿਚ ਢਿਲ ਨਹੀਂ ਆਉਣ ਦਿੱਤੀ। ਉਹ ਆਪ ਪੰਜਾਬ ਵਿਚ ਅੰਮ੍ਰਿਤਸਰ ਦੇ ਇਲਾਕੇ ਤੋਂ ਬਿਨਾਂ ਦੁਆਬੇ ਅਤੇ ਮਾਲਵੇ ਦੇ ਇਲਾਕਿਆਂ ਵਿਚ ਵੀ ਪ੍ਰਚਾਰ ਲਈ ਗਏ। ਪੰਜਾਬ ਤੋਂ ਬਾਹਰ ਗੁਜਰਾਤ ਅਤੇ ਉੱਤਰੀ ਭਾਰਤ ਦੇ ਇਲਾਕਿਆਂ ਵਿਚ ਪ੍ਰਚਾਰ ਦੌਰੇ ਕੀਤੇ। ਪੂਰਬ ਵਿਚ ਬੰਗਾਲ ਤਕ ਅਤੇ ਪੱਛਮ ਵਿਚ ਕਾਬਲ ਤਕ, ਧਰਮ ਪ੍ਰਚਾਰ ਦੇ ਕੇਂਦਰ ਸਥਾਪਿਤ ਕੀਤੇ।

ਗੁਰੂ ਹਰਿਗੋਬਿੰਦ ਜੀ, ਗੁਰਬਾਣੀ ਦੇ ਸ਼ੁੱਧ ਪਾਠ ਅਤੇ ਮਨ ਚਿੱਤ ਲਾ ਕੇ, ਇਕਾਗਰਤਾ ਸਹਿਤ ਪਾਠ ਕਰਨ ਉਤੇ ਜ਼ੋਰ ਦਿੰਦੇ ਸਨ। ਇਕ ਵਾਰ ਸੰਗਤ ਨੂੰ ਆਗਿਆ ਕੀਤੀ ਕਿ ਜਪੁਜੀ ਸਾਹਿਬ ਦਾ ਪਾਠ ਕੋਈ ਮਨ ਚਿੱਤ ਲਾ ਕੇ ਸੁਣਾਵੇ ਤਾਂ ਮੂੰਹੋਂ ਮੰਗਿਆ ਦਾਨ ਦਿੱਤਾ ਜਾਏਗਾ। ਪਾਠ ਸਮੇਂ ਮਨ ਦੀ ਇਕਾਗਰਤਾ ਨੂੰ ਉਹ ਇੰਨੀ ਮਹਾਨਤਾ ਦਿੰਦੇ ਸਨ। ਗੁਰੂ ਜੀ ਆਪ ਵੀ ਜਦ ਸਮਾਧੀ ਵਿਚ ਲੀਨ ਹੁੰਦੇ ਸਨ ਤਾਂ ਇੰਨੀ ਇਕਾਗਰਤਾ ਹੁੰਦੀ ਸੀ ਕਿ ਕਿਸੇ ਪਾਸੇ ਧਿਆਨ ਨਹੀਂ ਸੀ ਜਾਂਦਾ। ਇਸ ਦੀ ਗਵਾਹੀ ਪਰਚੀਆਂ ਸੇਵਾ ਦਾਸ ਵਿਚੋਂ ਮਿਲਦੀ ਹੈ। ਸੇਵਾ ਦਾਸ ਗੁਰੂ ਜੀ ਬਾਰੇ ਲਿਖਦਾ ਹੈ—

"ਏਕ ਬੇਰ, ਸਿਰੀ ਗੁਰੂ ਹਰਿ ਗੁਵਿੰਦ ਜੀ ਕਉ, ਬਾਦਿਸ਼ਾਹ ਦਾ ਦਿਵਾਨ ਮਿਲਨੇ ਆਇਆ। ਤੁਰਕ ਸੀ। ਆਗੇ ਗੁਰੂ ਜੀ, ਕਿਸੀ ਆਪਨੇ ਰੰਗਿ ਰਤੇ ਹੂਏ ਥੇ। ਆਪਨੇ ਹੀ ਰੰਗਿ ਰਤੇ ਰਹੇ। ਦੀਵਾਨ ਕੀ ਓਰੁ ਬਹੁਤ ਸੁਰਤਿ ਨ ਦੀਨੀ।"

ਭਾਵ ਸਮਾਧੀ ਵਿਚ ਲੀਨ ਹੋ ਕੇ ਪ੍ਰਮਾਤਮਾ ਦੇ ਰੰਗ ਵਿਚ ਰੱਤੇ ਰਹੇ, ਦੀਵਾਨ ਵੱਲ ਕੋਈ ਧਿਆਨ ਨ ਦਿੱਤਾ। ਮਹਿਮਾ ਪ੍ਰਕਾਸ਼ ਵਿਚ ਵੀ ਉਨ੍ਹਾਂ ਦੇ ਸਮਾਧੀ ਵਿਚ ਲੀਨ ਹੋਣ ਬਾਰੇ, ਇਉਂ ਲਿਖਿਆ ਹੈ, "ਉਹ ਪਹਿਰ ਰਾਤ ਪਿਛਲ ਰਹਿੰਦੀ ਉਠਦੇ, ਇਸ਼ਨਾਨ ਕਰਕੇ ਸਮਾਧੀ ਸਥਿਤ ਹੋ ਜਾਂਦੇ। ਫਿਰ ਜਦ ਚਾਰ ਘੜੀ ਰਾਤ ਰਹਿੰਦੀ ਤਾਂ ਸ਼ਸਤਰ ਪਹਿਣ ਕੇ, ਸਿੰਘਾਸਨ 'ਤੇ ਆ ਜਾਂਦੇ, ਤੇ ਆਪੂੰ ਕੋਈ ਗੱਲ ਨ ਕਰਦੇ, ਉਸ ਸਮੇਂ ਨੇੜੇ ਵੀ ਕਿਸੇ ਨੂੰ ਨ ਆਉਣ ਦੇਂਦੇ।

ਗੁਰੂ ਹਰਿਗੋਬਿੰਦ ਜੀ ਵਿਚ ਸੂਰਬੀਰਤਾ ਅਤੇ ਧਾਰਮਿਕ ਜਜ਼ਬੇ ਦੇ ਨਾਲ-ਨਾਲ ਦੂਜਿਆਂ ਲਈ ਦਰਦ ਕਿੰਨਾ ਸੀ, ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾ ਹੋਣ ਸਮੇਂ ਦੀ ਘਟਨਾ ਤੋਂ ਵੇਖਿਆ ਜਾ ਸਕਦਾ ਹੈ। ਜਦੋਂ ਉਨ੍ਹਾਂ ਦੀ ਰਿਹਾਈ ਦੇ ਹੁਕਮ ਆਏ ਤਾਂ ਉਨ੍ਹਾਂ ਨੇ ਓਨੀ ਦੇਰ ਬਾਹਰ ਜਾਣ ਤੋਂ ਇਨਕਾਰ ਕਰ ਦਿੱਤਾ ਜਿੰਨੀ ਦੇਰ ਬੇਦੋਸ਼ ਬੰਦੀ ਬਣਾਏ ਰਾਜਿਆਂ ਨੂੰ ਰਿਹਾ ਨਹੀਂ ਕੀਤਾ ਗਿਆ। ਇਸ ਤਰ੍ਹਾਂ ੫੨ ਰਾਜੇ ਵੀ ਆਪਣੇ ਨਾਲ ਰਿਹਾ ਕਰਵਾਏ ਅਤੇ 'ਬੰਦੀ ਛੋੜ' ਅਖਵਾਏ।

ਉਨ੍ਹਾਂ ਦੇ ਮਨ ਵਿਚ ਗਰੀਬਾਂ ਲਈ ਅਥਾਹ ਪਿਆਰ ਸੀ। ਜਦ ਇਕ ਸਿੱਖ ਨੇ, ਇਕ ਗਰੀਬ ਸਿੱਖ ਭਾਈ ਕੱਟੂ ਨੂੰ, ਗੁਰੂ ਲਈ ਉਚੇਚਾ ਕੱਢਿਆ ਸ਼ਹਿਦ, ਚਖਾਣ ਤੋਂ ਇਨਕਾਰ ਕਰ ਦਿੱਤਾ ਤਾਂ ਗੁਰੂ ਜੀ ਨੇ ਉਸ ਸ਼ਹਿਦ ਨੂੰ ਕੀੜਿਆਂ ਨਾਲ ਭਰਿਆ ਕਿਹਾ, ਜੋ ਗਰੀਬ ਸਿੱਖ ਨੂੰ ਮੰਗਣ ਉਤੇ ਵੀ ਨਹੀਂ ਦਿੱਤਾ ਗਿਆ। ਉਸ ਸਮੇਂ ਗਰੀਬ ਦਾ ਮੂੰਹ "ਗੁਰੂ ਦੀ ਗੋਲਕ" ਦਾ ਆਦਰਸ਼ ਦ੍ਰਿੜ ਕਰਵਾਇਆ।

ਗੁਰੂ ਹਰਿਗੋਬਿੰਦ ਜੀ ਇਕ ਮਹਾਨ ਗੁਰੂ, ਮਹਾਨ ਜੋਧੇ, ਮਹਾਨ ਪਰਉਪਕਾਰੀ, ਸ਼ਹਿਣਸ਼ੀਲਤਾ ਦੇ ਪੁੰਜ ਤੇ ਇਕ ਆਦਰਸ਼ਕ ਇਨਸਾਨ ਸਨ।

★ ★ ★

# ਗੁਰਬਾਣੀ ਵਿਚ 'ਸਚੀ ਟੇਕ' ਦਾ ਸੰਕਲਪ

ਸੱਚੀ ਟੇਕ ਕੇਵਲ ਸੱਚ ਦੀ ਹੋ ਸਕਦੀ ਹੈ ਅਤੇ ਸੱਚ ਪ੍ਰਮਾਤਮਾ ਤੋਂ ਬਿਨਾਂ ਹੋਰ ਕੋਈ ਨਹੀਂ ਹੈ। ਉਹ ਹੀ

***ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥***

*(ਪੰਨਾ ੧)*

ਹੈ। ਉਸ ਤੋਂ ਬਿਨਾਂ ਜੋ ਵੀ ਦਿਸਦਾ ਸੰਸਾਰ ਹੈ, ਉਹ ਕੂੜ ਹੈ, ਝੂਠ ਹੈ, ਮਿਥਿਆ ਹੈ। ਗੁਰਬਾਣੀ ਪਰਮੇਸ਼ਰ ਤੋਂ ਬਿਨਾਂ, ਸੰਸਾਰ ਦੀ ਹਰ ਵਸਤੂ ਨੂੰ ਕੂੜ ਦੱਸਦੀ ਹੈ—

***ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥***
***ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥***

*(ਪੰਨਾ ੪੬੮)*

ਪ੍ਰਮਾਤਮਾ ਸਮਰਥ ਹੈ, ਸਰਬ ਸ਼ਕਤੀਮਾਨ ਹੈ, ਸਰਬ ਕਲਾ ਭਰਭੂਰ ਹੈ, ਉਹ ਸਭ ਤੋਂ ਉੱਚਾ ਹੈ, ਸਭ ਤੋਂ ਵੱਡਾ ਹੈ, ਉਹ ਨਿਆਸਰਿਆਂ ਦਾ ਆਸਰਾ ਹੈ ਪਰ ਜੀਵਾਤਮਾ ਜੋ ਮਨੁਖ ਊਣਾ ਹੈ, ਇਸ ਨੂੰ ਆਸਰੇ ਦੀ ਲੋੜ ਹੈ। ਇਸ ਦੇ ਆਪਣੇ ਹੱਥ ਵਿਚ ਕੁਝ ਨਹੀਂ ਹੈ, ਇਹ ਆਪਣੇ ਬਲ ਉਤੇ ਕੁਝ ਨਹੀਂ ਕਰ ਸਕਦਾ। ਬਾਣੀ ਫੁਰਮਾਣ ਕਰ ਰਹੀ ਹੈ—

***ਇਸ ਕਾ ਬਲੁ ਨਾਹੀ ਇਸੁ ਹਾਥ॥ਕਰਨ ਕਰਾਵਨ ਸਰਬ ਕੋ ਨਾਥ॥***

*(ਪੰਨਾ ੨੭੭)*

ਸਭ ਕੁਝ ਪ੍ਰਮਾਤਮਾ ਦੇ ਹੱਥ ਵਿਚ ਹੈ ਅਤੇ ਕਰਨ ਕਰਾਵਨਹਾਰ ਉਹ ਹੀ ਹੈ, ਦੇਣ ਦੇ ਸਮਰਥ ਉਹ ਹੀ ਹੈ; ਹੋਰ ਆਸਾਂ ਬਿਰਥੀਆਂ ਹਨ। ਬਾਣੀ ਵਿਚ ਸਪਸ਼ਟ ਫੁਰਮਾਨ ਹੈ ਕਿ—

***ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥***
***ਦੇਵਨ ਕਉ ਏਕੈ ਭਗਵਾਨੁ॥*** *(ਪੰਨਾ ੨੮੧)*

ਕੋਈ ਵੀ ਪ੍ਰਾਣੀ, ਦੂਜੇ ਨੂੰ ਆਸਰਾ ਦੇਣ ਦੇ ਸਮਰਥ ਨਹੀਂ ਹੈ। ਪਰ ਭਰਮ ਭੁਲੇਖੇ ਵਿਚ ਪਿਆ ਮਨੁਖ ਸੰਸਾਰਕ ਆਸਰੇ ਭਾਲਦਾ ਹੈ। ਇਹ ਨਹੀਂ ਜਾਣਦਾ ਕਿ ਜਿਸ ਤਰ੍ਹਾਂ ਇਹ ਸੰਸਾਰ ਕੂੜ ਹੈ, ਇਸ ਤਰ੍ਹਾਂ ਇਸ ਦੇ ਆਸਰੇ ਵੀ ਝੂਠੇ ਹਨ। ਇਸੇ ਲਈ ਗੁਰਬਾਣੀ ਉਪਦੇਸ਼ ਕਰ ਰਹੀ ਹੈ, ਹੇ ਮਨੁਖ! ਕਿਸੇ ਮਿੱਤਰ ਜਾਂ ਸਾਕ ਸੰਬੰਧੀ 'ਤੇ ਆਸ ਨ ਰੱਖ, ਇਹ ਆਸਾਂ ਸਭ ਝੂਠੀਆਂ ਹਨ—

ਨ ਕਰਿ ਆਸ ਮੀਤ ਸੁਤ ਭਾਈ॥
ਨ ਕਰਿ ਆਸ ਕਿਸੈ ਸਾਹ ਬਿਉਹਾਰ ਕੀ ਪਰਾਈ॥
ਬਿਨੁ ਹਰਿ ਨਾਵੈ ਕੋ ਬੇਲੀ ਨਾਹੀ
ਹਰਿ ਜਪੀਐ ਸਾਰਿੰਗਪਾਣੀ ਹੇ॥ (ਪੰਨਾ ੧੦੭੦)

ਮਨੁਖ ਆਪਣੇ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਅਨੇਕ ਕਰਮ ਕਰਦਾ ਹੈ. ਕੋਈ ਕਿਸੇ ਨੂੰ ਆਧਾਰ ਬਣਾਉਂਦਾ ਹੈ ਤੇ ਕੋਈ ਕਿਸੇ ਨੂੰ. ਕੋਈ ਕਿਸੇ ਦੀ ਸ਼ਰਣ ਲੈਂਦਾ ਹੈ ਤੇ ਕੋਈ ਕਿਸੇ ਹੋਰ ਦੀ, ਕੋਈ ਕਿਸੇ ਦੀ ਟੇਕ ਲੈ ਕੇ ਕਰਮ ਕਰਦਾ ਹੈ ਤੇ ਕੋਈ ਕਿਸੇ ਹੋਰ ਦੇ ਆਸਰੇ 'ਤੇ। ਪਰ ਇਹ ਸਾਰੇ ਕਰਮ. ਅੰਤ ਵਿਅਰਥ ਹੀ ਸਾਬਤ ਹੁੰਦੇ ਹਨ, ਮਨੁਖ ਦਾ ਕੁਝ ਸੁਆਰ ਨਹੀਂ ਸਕਦੇ, ਉਸ ਦਾ ਦੁੱਖਾਂ ਤੋਂ ਛੁਟਕਾਰਾ ਨਹੀਂ ਕਰਵਾ ਸਕਦੇ। ਗੁਰੂ ਅਰਜਨ ਦੇਵ ਜੀ ਨੇ, ਗੁਰੂ ਗ੍ਰੰਥ ਸਾਹਿਬ ਜੀ ਦੇ ਅੰਕ ੯੧੨ ਉਤੇ ਰਾਮਕਲੀ ਰਾਗ ਵਿਚ ਇਨ੍ਹਾਂ ਫੋਕਟ ਕਰਮਾਂ ਦੀ ਵਿਅਰਥਤਾ ਬਹੁਤ ਸੁੰਦਰ ਢੰਗ ਨਾਲ ਬਿਆਨ ਕੀਤੀ ਹੈ। ਆਪ ਫੁਰਮਾਉਂਦੇ ਹਨ—

ਕਿਨਹੀ ਕੀਆ ਪਰਵਿਰਤਿ ਪਸਾਰਾ॥
ਕਿਨਹੀ ਕੀਆ ਪੂਜਾ ਬਿਸਥਾਰਾ॥
ਕਿਨਹੀ ਨਿਵਲ ਭੁਇਅੰਗਮ ਸਾਧੇ॥
ਮੋਹਿ ਦੀਨ ਹਰਿ ਹਰਿ ਆਰਾਧੇ॥ (ਪੰਨਾ ੯੧੨)

ਆਪ ਲਿਖਦੇ ਹਨ, ਕਿਸੇ ਨੇ ਦੁੱਖਾਂ ਤੋਂ ਮੁਕਤ ਹੋਣ ਲਈ ਘਰ ਛੱਡ ਕੇ ਜੰਗਲਾਂ ਵਿਚ ਵਾਸ ਕੀਤਾ, ਕੋਈ ਮੋਨ ਧਾਰ ਕੇ ਅਉਧੂਤ ਸਦਾਇਆ. ਕਿਸੇ ਨੇ ਭਗਉਤੀ ਦੀ ਆਰਾਧਨਾ ਕੀਤੀ. ਕਿਸੇ ਨੇ ਤੀਰਥਾਂ ਦੀ ਯਾਤਰਾ ਕੀਤੀ, ਕੋਈ ਅੰਨ ਛੱਡ ਕੇ ਉਦਾਸੀ ਹੋ ਗਿਆ, ਕਿਸੇ ਨੇ ਸਾਰੀ ਧਰਤੀ ਦਾ ਗਮਨ ਕੀਤਾ, ਕਿਸੇ ਨੇ ਆਪਣੀ ਕੁਲ ਦੀ ਵਡਿਆਈ 'ਤੇ ਮਾਨ ਕੀਤਾ, ਕਿਸੇ ਨੇ ਬਹੁਤੇ ਭਾਈਆਂ 'ਤੇ ਅਤੇ ਕਿਸੇ ਨੇ ਬਹੁਤੇ ਧਨ ਉਤੇ। ਭਾਵ ਕਿਸੇ ਨੂੰ ਕਿਸੇ ਚੀਜ਼ ਦੀ ਟੇਕ ਹੈ ਤੇ ਕਿਸੇ ਨੂੰ ਕਿਸੇ ਹੋਰ ਦੀ। ਪਰ ਹਜ਼ੂਰ ਫੁਰਮਾਉਂਦੇ ਹਨ ਕਿ—

ਸਗਲੇ ਕਰਮ ਧਰਮ ਜੁਗ ਸੋਧੇ॥
ਬਿਨੁ ਨਾਵੈ ਇਹੁ ਮਨੁ ਨ ਪ੍ਰਬੋਧੇ॥ (ਪੰਨਾ ੯੧੩)

ਸੱਚੇ ਨਾਮ ਤੋਂ ਬਿਨਾਂ ਕੀਤੇ ਸਾਰੇ ਕਰਮ. ਧਰਮ ਵਿਅਰਥ ਜਾਂਦੇ ਹਨ। ਗੁਰਬਾਣੀ ਮਨੁਖ ਨੂੰ ਬਾਰ ਬਾਰ ਸਮਝਾ ਰਹੀ ਹੈ, ਕਿ ਹੇ ਮੂਰਖ ! ਮਾਇਆ, ਮੋਹ ਅਤੇ ਕੁਟੰਬ ਦੀ ਆਸ 'ਤੇ ਆਪਣਾ ਜਨਮ ਨ ਗੁਆ। ਇਨ੍ਹਾਂ ਦੇ ਵੱਸ ਵਿਚ ਕੁਝ ਨਹੀਂ ਹੈ। ਹੋਰ ਆਸਾਂ

ਤੇਰੇ ਕਿਸੇ ਕੰਮ ਨਹੀਂ ਆਉਣੀਆਂ. ਇਹ ਦੂਜਾ ਭਾਉ ਹੈ ਅਤੇ ਖਿਨ ਵਿਚ ਸਭ ਝੂਠ ਬਿਨਸ ਜਾਏਗਾ। ਸੱਚੇ ਪ੍ਰੀਤਮ ਦੀ ਆਸ ਕਰ ਜੋ ਤੇਰੀ ਘਾਲ ਨੂੰ ਸਫਲ ਬਣਾਉਣ ਦੇ ਸਮਰਥ ਹੈ। ਹਜ਼ੂਰ ਫੁਰਮਾਉਂਦੇ ਹਨ—

*ਜੇ ਕਿਛੁ ਆਸ ਅਵਰ ਕਰਹਿ ਪਰਮਿਤ੍ਰੀ*
*ਮਤ ਤੂੰ ਜਾਣਹਿ ਤੇਰੈ ਕਿਤੈ ਕੰਮਿ ਆਈ॥*
*ਇਹ ਆਸ ਪਰਮਿਤ੍ਰੀ ਭਾਉ ਦੂਜਾ ਹੈ*
*ਖਿਨ ਮਹਿ ਝੂਠੁ ਬਿਨਸਿ ਸਭ ਜਾਈ॥*
*ਮੇਰੇ ਮਨ ਆਸਾ ਕਰਿ ਹਰਿ ਪ੍ਰੀਤਮ ਸਾਚੇ ਕੀ*
*ਜੋ ਤੇਰਾ ਘਾਲਿਆ ਸਭੁ ਥਾਇ ਪਾਈ॥* (ਪੰਨਾ ੮੫੯)

ਉਹ ਵਾਹਿਗੁਰੂ ਜੋ ਸਮਰਥ ਹੈ, ਉਸਨੂੰ ਛੱਡ ਕੇ. ਜੇ ਕਿਸੇ ਹੋਰ ਦੀ ਆਸ ਕੀਤੀ ਜਾਏ ਤਾਂ ਉਹ ਸਭ ਘਾਲ ਨਿਸਫਲ ਬਣਾ ਦਿੰਦਾ ਹੈ। ਐਸੇ ਪ੍ਰਭੂ ਨੂੰ ਛੱਡ ਕੇ, ਆਪਣੇ ਮਨ ਦੀ ਬਿਰਥਾ ਕਿਸੇ ਹੋਰ ਨੂੰ ਕਹਿਣਾ, ਸ਼ਰਮ ਨਾਲ ਮਰ ਜਾਣ ਦੇ ਬਰਾਬਰ ਹੈ। ਜੋ ਅੰਤ ਸਮੇਂ ਰੱਖ ਨਹੀਂ ਸਕਦਾ, ਛੁਡਾ ਨਹੀਂ ਸਕਦਾ, ਉਸਦਾ ਭਰਵਾਸਾ ਕਰਨ ਦਾ ਕੀ ਲਾਭ? ਹਜ਼ੂਰ ਫੁਰਮਾਉਂਦੇ ਹਨ—

*ਤਿਸ ਕਾ ਭਰਵਾਸਾ ਕਿਉ ਕੀਜੈ ਮਨ ਮੇਰੇ*
*ਜੋ ਅੰਤੀ ਅਉਸਰਿ ਰਖਿ ਨ ਸਕਾਸਾ॥*
*ਹਰਿ ਜਪੁ ਮੰਤੁ ਗੁਰ ਉਪਦੇਸੁ ਲੈ ਜਾਪਹੁ*
*ਤਿਨ੍ ਅੰਤਿ ਛਡਾਏ ਜਿਨ੍ ਹਰਿ ਪ੍ਰੀਤਿ ਚਿਤਾਸਾ॥*
*ਜਨ ਨਾਨਕ ਅਨਦਿਨੁ ਨਾਮੁ ਜਪਹੁ ਹਰਿ ਸੰਤਹੁ*
*ਇਹੁ ਛੂਟਣ ਕਾ ਸਾਚਾ ਭਰਵਾਸਾ॥* (ਪੰਨਾ ੮੬੦)

ਦੁੱਖ ਕਲੇਸ਼ਾਂ ਤੋਂ ਛੁੱਟਣ ਦਾ ਸੱਚਾ ਭਰਵਾਸਾ, ਕੇਵਲ ਪ੍ਰਭੂ ਦਾ ਨਾਮ ਹੀ ਹੈ। ਇਸੇ ਲਈ ਸਾਰੇ ਝੂਠੇ ਆਸਰੇ ਤਿਆਗ ਕੇ, ਵਾਹਿਗੁਰੂ ਦੀ ਸ਼ਰਣ ਵਿਚ ਆਉਣ ਨਾਲ ਹੀ ਸੁਖ ਮਿਲ ਸਕਦਾ ਹੈ। ਪ੍ਰਭੂ ਦੀ ਸ਼ਰਣ ਤਾਂ ਹੀ ਪ੍ਰਾਪਤ ਹੋਵੇਗੀ, ਜੇ ਆਪਣੇ ਮਨ ਦੀ ਮੱਤ ਤਿਆਗ ਕੇ. ਆਪਣਾ ਆਪਾ ਉਸ ਦੇ ਹਵਾਲੇ ਕਰਕੇ. ਉਸ ਵਿਚ ਪੂਰਨ ਵਿਸ਼ਵਾਸ ਰੱਖਦੇ ਹੋਏ. ਉਸੇ ਦੇ ਹੋ ਜਾਈਏ। ਫਿਰ ਜੋ ਕੁਝ ਵੀ ਮਨੁਖ ਕਰਦਾ ਹੈ, ਪ੍ਰਮਾਤਮਾ ਦੇ ਹੁਕਮ ਵਿਚ ਹੀ ਕਰਦਾ ਹੈ, ਉਸਦੀ ਰਜ਼ਾ ਵਿਚ ਰਹਿੰਦਾ ਹੈ। ਇਹ ਤਾਂ ਹੀ ਹੋ ਸਕਦਾ ਹੈ. ਜਦੋਂ ਇਹ ਵਿਸ਼ਵਾਸ ਹੋ ਜਾਵੇ ਕਿ ਹੋਰ ਆਸਰੇ ਸਭ ਝੂਠੇ ਹਨ। ਜਦੋਂ ਪ੍ਰਾਣੀ, ਇਨ੍ਹਾਂ ਦੁਨਿਆਵੀ ਆਸਰਿਆਂ ਦੀ ਵਿਅਰਥਤਾ ਜਾਣ ਲੈਂਦਾ ਹੈ ਤਾਂ ਉਸ ਦਾ ਮਨ ਡੋਲ

ਜਾਂਦਾ ਹੈ ਕਿ ਹੁਣ ਕੀ ਬਣੇਗਾ, ਹੋਰ ਕਿਸ ਦੀ ਟੇਕ ਲਈ ਜਾਵੇ? ਤਾਂ ਬਾਣੀ ਉਸੁਨੂੰ ਧੀਰਜ ਦਿੰਦੀ ਹੈ—

***ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ॥***
***ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ॥*** (ਪੰਨਾ ੭੨੪)

ਜਿਸਨੇ ਤੈਨੂੰ ਪੈਦਾ ਕੀਤਾ ਹੈ, ਉਹ ਤੇਰੀ ਰੱਖਿਆ ਵੀ ਕਰੇਗਾ, ਤੇਰਾ ਆਸਰਾ, ਤੇਰਾ ਆਧਾਰ ਵੀ ਬਣੇਗਾ, ਤੂੰ ਉਸ ਦੀ ਸ਼ਰਣ ਵਿਚ ਆਇਆ ਹੀ ਨਹੀਂ, ਹੋਰ ਝੂਠੇ ਆਸਰੇ ਹੀ ਲੈਂਦਾ ਰਿਹਾ, ਉਸ ਦੀ ਸ਼ਰਣ ਵਿਚ ਆ ਕੇ ਤਾਂ ਵੇਖ। ਜੇ ਕੋਈ ਉਸ ਪ੍ਰਮਾਤਮਾ ਦਾ ਹੋ ਜਾਵੇ ਤਾਂ ਸਾਰਾ ਜਗਤ ਉਸ ਦਾ ਹੋ ਜਾਂਦਾ ਹੈ।

ਜਦੋਂ ਝੂਠੇ ਆਸਰਿਆਂ ਦੀ ਸਮਝ ਪੈਂਦੀ ਹੈ ਤਾਂ ਮਨੁਖ ਪ੍ਰਮਾਤਮਾ ਦੀ ਸ਼ਰਣ ਵਿਚ ਜਾਣ ਲਈ ਬੇਨਤੀਆਂ ਕਰਦਾ ਹੈ—

***ਮੈ ਮੂਰਖ ਮੁਗਧ ਊਪਰਿ ਕਰਹੁ ਦਇਆ॥***
***ਤਉ ਸਰਣਾਗਤਿ ਰਹਉ ਪਇਆ॥*** (ਪੰਨਾ ੧੧੭੦)

ਅਤੇ ਉਹ ਹਾਰ ਕੇ ਪ੍ਰਭੂ ਦੀ ਸ਼ਰਣ ਵਿਚ ਚਲਾ ਜਾਂਦਾ ਹੈ ਅਤੇ ਉਸ ਉਤੇ ਪੂਰਾ ਭਰੋਸਾ ਰੱਖਦੇ ਹੋਏ ਕਹਿੰਦਾ ਹੈ ਕਿ ਹੇ ਪ੍ਰਭੂ! ਤੇਰੀ ਸ਼ਰਣ ਵਿਚ ਆ ਗਿਆ ਹਾਂ ਹੁਣ ਤੇਰਾ ਹਾਂ ਭਾਵੇਂ ਰੱਖ ਭਾਵੇਂ ਮਾਰ—

***ਅਬ ਹਮ ਚਲੀ ਠਾਕੁਰ ਪਹਿ ਹਾਰਿ॥***
***ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥***
(ਪੰਨਾ ੫੨੭)

ਜਦੋਂ ਪ੍ਰਾਣੀ ਇਕ ਵਾਰ ਉਸ ਦੀ ਸ਼ਰਣ ਵਿਚ ਆ ਗਿਆ, ਉਸ ਦਾ ਹੋ ਗਿਆ ਅਤੇ ਫਿਰ ਵੀ ਜੇ ਉਸ ਸਭ ਤੋਂ ਉਚੇਂ ਮਾਲਕ ਨੂੰ ਛੱਡ ਕੇ, ਸਹਾਇਤਾ ਲਈ ਕਿਸੇ ਹੋਰ ਦੇ ਜਾਵੇ ਤਾਂ ਭਗਤ ਕਬੀਰ ਜੀ ਐਸੇ ਜੀਵ ਨੂੰ ਕਹਿੰਦੇ ਹਨ ਕਿ ਤੈਨੂੰ ਨਿਲੱਜ ਨੂੰ ਕੋਈ ਸ਼ਰਮ ਨਹੀਂ?

***ਰੇ ਜੀਅ ਨਿਲਜ ਲਾਜ ਤੋੁਹਿ ਨਾਹੀ॥***
***ਹਰਿ ਤਜਿ ਕਤ ਕਾਹੂ ਕੇ ਜਾਂਹੀ॥ ੧॥ ਰਹਾਉ॥***
***ਜਾ ਕੋ ਠਾਕੁਰੁ ਊਚਾ ਹੋਈ॥***
***ਸੋ ਜਨੁ ਪਰ ਘਰ ਜਾਤ ਨ ਸੋਹੀ॥***
(ਪੰਨਾ ੩੩੦)

ਜਿਸਦਾ ਮਾਲਕ ਉੱਚਾ ਹੈ, ਉਸਨੂੰ ਦੂਜੇ ਦੇ ਘਰ ਜਾਣਾ ਸੋਭਾ ਨਹੀਂ ਦਿੰਦਾ।

ਇਸੇ ਲਈ ਬਾਣੀ ਮਨੁਖ ਨੂੰ ਉਪਦੇਸ਼ ਦੇ ਰਹੀ ਹੈ ਕਿ ਹੋਰ ਆਸਾਂ ਲਾਹ ਕੇ, ਕੇਵਲ ਇਕ ਦੀ ਟੇਕ ਰੱਖ—

*ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ॥*
*ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ॥*

(ਪੰਨਾ ੨੫੭)

ਇਹ ਜੀਵ ਅਨੇਕ ਜੂਨਾਂ ਭੋਗਦਾ ਹੋਇਆ, ਮਨੁਖ ਜਨਮ ਵਿਚ ਆਉਂਦਾ ਹੈ ਅਤੇ ਇਸ ਜਨਮ ਵਿਚ ਆਪਣੇ ਸਾਰੇ ਦੁੱਖ ਮਿਟਾਉਣ ਲਈ ਪ੍ਰਭੂ ਦੀ ਸ਼ਰਣ ਵਿਚ ਆ ਕੇ, ਉਸ ਅੱਗੇ ਬੇਨਤੀ ਕਰਦਾ ਹੈ—

*ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ॥*
*ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ॥*

(ਪੰਨਾ ੭੬੩)

ਪ੍ਰਭੂ ਦੀ ਸ਼ਰਣ ਵਿਚ ਆਉਣ ਨਾਲ ਸਾਰੇ ਸਹੰਸੇ ਅਤੇ ਦੁੱਖ ਮਿਟ ਜਾਂਦੇ ਹਨ, ਭਰਮ ਦੂਰ ਹੋ ਜਾਂਦੇ ਹਨ। ਹਜ਼ੂਰ ਦਾ ਫੁਰਮਾਨ ਹੈ—

*ਅਬ ਮੋਰੋ ਸਹਸਾ ਦੂਖੁ ਗਇਆ॥ ਅਉਰ ਉਪਾਵ ਸਗਲ ਤਿਆਗਿ ਛੋਡੇ ਸਤਿਗੁਰ ਸਰਣਿ ਪਇਆ॥* (ਪੰਨਾ ੧੨੧੩)

ਹੋਰ ਉਪਾਅ ਅਤੇ ਹੋਰ ਆਸਰੇ, ਪ੍ਰਾਣੀ ਉਦੋਂ ਹੀ ਤਿਆਗਦਾ ਹੈ ਜਦੋਂ ਉਸਨੂੰ ਵਿਸ਼ਵਾਸ ਹੋ ਜਾਵੇ ਕਿ ਜੋ ਵੀ ਉਸ ਪ੍ਰਮਾਤਮਾ ਦਾ ਜਸ ਕਰਦਾ ਹੈ, ਉਸ ਦੀ ਸਹਾਇਤਾ ਪ੍ਰਭੂ ਅਵੱਸ਼ ਕਰਦਾ ਹੈ—

*ਜਿਹ ਨਰ ਜਸੁ ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ॥*
*ਕਹੁ ਨਾਨਕ ਮੈ ਇਹੀ ਭਰੋਸੈ ਗਹੀ ਆਨਿ ਸਰਨਾਈ॥*

(ਪੰਨਾ ੧੦੦੮)

ਜਦੋਂ ਅਜਿਹਾ ਭਰੋਸਾ ਬਣ ਜਾਵੇ ਤਾਂ ਮਨ ਆਪ ਮੁਹਾਰੇ ਪੁਕਾਰ ਉਠਦਾ ਹੈ—

*ਮੈ ਮਨਿ ਤੇਰੀ ਟੇਕ ਮੇਰੇ ਪਿਆਰੇ ਮੈ ਮਨਿ ਤੇਰੀ ਟੇਕ॥*
*ਅਵਰ ਸਿਆਣਪਾ ਬਿਰਥੀਆ ਪਿਆਰੇ*
*ਰਾਖਨ ਕਉ ਤੁਮ ਏਕ॥* (ਪੰਨਾ ੮੦੨)

ਮਨੁਖ ਜੇ ਕਦੀ ਐਸੀ ਬਿਪਤਾ ਵਿਚ ਫਸ ਜਾਵੇ, ਜਿਥੇ ਉਸ ਦੀ ਸਹਾਇਤਾ ਕੋਈ ਨ ਕਰ ਸਕਦਾ ਹੋਵੇ, ਸਾਰੀਆਂ ਆਸਾਂ ਖਤਮ ਹੋ ਜਾਣ, ਸਾਰੇ ਆਸਰੇ ਮੁੱਕ ਜਾਣ ਤਾਂ ਇਕੋ ਇਕ ਆਸ ਦੀ ਕਿਰਨ, ਉਸ ਲਈ ਰਹਿ ਜਾਂਦੀ ਹੈ ਤੇ ਉਹ ਹੈ— ਪ੍ਰਮਾਤਮਾ ਦੀ ਸੱਚੀ ਟੇਕ। ਹਜ਼ੂਰ ਫੁਰਮਾਉਂਦੇ ਹਨ—

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥*

(ਪੰਨਾ ੭੦)

ਉਸ ਸੱਚੇ ਪਿਤਾ ਉਤੇ ਟੇਕ ਰੱਖਣ ਦਾ ਗੁਰਬਾਣੀ ਵਿਚ ਕੇਵਲ ਉਪਦੇਸ਼ ਹੀ ਨਹੀਂ ਹੈ, ਸਗੋਂ ਗੁਰੂ ਸਾਹਿਬਾਨ ਨੇ ਜੋ ਉਪਦੇਸ਼ ਦਿੱਤੇ ਹਨ, ਉਹ ਪਹਿਲਾਂ ਆਪਣੇ ਜੀਵਨ ਵਿਚ ਕਮਾਏ ਹਨ। ਜਦੋਂ ਸੁਲਹੀ ਖਾਨ ਦਾ ਭਤੀਜਾ, ਸੁਲਭੀ ਖਾਨ, ਸੌ ਅਸਵਾਰ ਲੈ ਕੇ, ਗੁਰੂ ਅਰਜਨ ਦੇਵ ਜੀ ਉਤੇ ਵਾਰ ਕਰਨ ਲਈ, ਦਿੱਲੀ ਤੋਂ ਚੜ੍ਹ ਆਇਆ ਤਾਂ ਸਿੱਖ ਸੰਗਤਾਂ ਨੇ ਪਹਿਲਾਂ ਮਤਾ ਪਕਾਇਆ ਕਿ ਦਿੱਲੀ ਦਰਬਾਰ ਵੱਲ ਚਿੱਠੀ ਭੇਜ ਕੇ ਸਾਰਾ ਹਾਲ ਦੱਸਿਆ ਜਾਵੇ, ਫਿਰ ਮਤਾ ਹੋਇਆ ਕਿ ਦੋ ਬੰਦੇ ਭੇਜੇ ਜਾਣ, ਤੀਜਾ ਮਤਾ ਹੋਇਆ ਕਿ ਕੋਈ ਉਪਾਉ ਕੀਤਾ ਜਾਵੇ, ਪਰ ਸ਼ਾਂਤੀ ਦੇ ਪੁੰਜ ਗੁਰੂ ਅਰਜਨ ਦੇਵ ਜੀ ਨੂੰ ਆਪਣੇ ਪ੍ਰਮਾਤਮਾ ਉਤੇ ਪੂਰਾ ਭਰੋਸਾ ਸੀ, ਉਨ੍ਹਾਂ ਦੀ ਇਕ ਪਰਮੇਸ਼ਰ ਉਤੇ ਟੇਕ ਸੀ ਕਿ ਉਹ ਆਪਣੇ ਦਾਸ ਦੀ ਆਪੇ ਰੱਖਿਆ ਕਰੇਗਾ। ਉਨ੍ਹਾਂ ਨੇ ਤਿੰਨੇ ਮਤੇ ਛੱਡ ਕੇ ਕੇਵਲ ਆਪਣੇ ਪਰਮੇਸ਼ਰ ਨੂੰ ਧਿਆਇਆ। ਗੁਰੂ ਅਰਜਨ ਦੇਵ ਜੀ ਨੇ ਇਹ ਪ੍ਰਸੰਗ ਬਾਣੀ ਵਿਚ ਇਉਂ ਅੰਕਿਤ ਕੀਤਾ ਹੈ—

*ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ॥*
*ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ॥*
*ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ॥*
*ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥*

(ਪੰਨਾ ੩੭੧)

ਸੱਚੇ ਨਾਮ ਦੀ ਟੇਕ ਰੱਖ ਕੇ, ਉਸਨੂੰ ਧਿਆਉਣ ਨਾਲ ਹੀ ਸਾਰੇ ਕਾਰਜ ਰਾਸ ਹੋ ਸਕਦੇ ਹਨ, ਉਸਦੀ ਟੇਕ ਹੋਵੇ, ਤਾਂ ਕਾਲ ਵੀ ਨਹੀਂ ਪੋਹਦਾ, ਸਾਰੇ ਜੰਜਾਲ ਮਿਟ ਜਾਂਦੇ ਹਨ, ਸਾਰੇ ਭਉ ਖਤਮ ਹੋ ਜਾਂਦੇ ਹਨ। ਬਾਣੀ ਵਿਚ ਹਜ਼ੂਰ ਫੁਰਮਾਉਂਦੇ ਹਨ—

*ਤੇਰੀ ਟੇਕ ਰਹਾ ਕਲਿ ਮਾਹਿ॥ ਤੇਰੀ ਟੇਕ ਤੇਰੇ ਗੁਣ ਗਾਹਿ॥*
*ਤੇਰੀ ਟੇਕ ਨ ਪੋਹੈ ਕਾਲੁ॥ ਤੇਰੀ ਟੇਕ ਬਿਨਸੈ ਜੰਜਾਲੁ॥ ੧॥*
*ਦੀਨ ਦੁਨੀਆ ਤੇਰੀ ਟੇਕ॥ ਸਭ ਮਹਿ ਰਵਿਆ ਸਾਹਿਬੁ ਏਕ॥ ੧॥ ਰਹਾਉ॥*

(ਪੰਨਾ ੧੧੪੭)

ਜਿਸਨੇ ਹੋਰ ਆਸਰੇ ਤਿਆਗ ਕੇ, ਉਸ ਸੱਚੇ ਉਤੇ ਟੇਕ ਰੱਖੀ ਹੈ, ਉਸ ਨੂੰ ਕੋਈ ਚਿੰਤਾ ਰਹਿ ਹੀ ਨਹੀਂ ਜਾਂਦੀ—

*ਜਾ ਕਉ ਟੇਕ ਤੁਮ੍ਾਰੀ ਸੁਆਮੀ ਤਾ ਕਉ ਨਾਹੀ ਚਿੰਤਾ॥*
*ਜਾ ਕਉ ਦਇਆ ਤੁਮਾਰੀ ਹੋਈ ਸੇ ਸਾਹ ਭਲੇ ਭਗਵੰਤਾ॥*

(ਪੰਨਾ ੩੮੦)

ਸੱਚੇ ਪਾਤਸ਼ਾਹ ਦੀ ਟੇਕ ਤਾਂ ਮਨੁਖ ਲਈ ਇਸ ਤਰ੍ਹਾਂ ਹੈ, ਜਿਵੇਂ ਅੰਧੁਲੇ ਦੇ ਹੱਥ ਵਿਚ ਸੋਟੀ ਹੁੰਦੀ ਹੈ, ਉਹ ਸੋਟੀ ਦੇ ਆਸਰੇ ਤੋਂ ਬਿਨਾਂ ਚੱਲ ਨਹੀਂ ਸਕਦਾ, ਇਵੇਂ ਹੀ ਮਨੁਖ ਲਈ ਹਰੀ ਦਾ ਨਾਮ ਅੰਧੁਲੇ ਦੀ ਟੋਹਣੀ ਦੇ-ਸਮਾਨ ਹੈ—

*ਜਿਉ ਅੰਧੁਲੈ ਹਥਿ ਟੋਹਣੀ ਹਰਿ ਨਾਮੁ ਹਮਾਰੈ॥*
*ਰਾਮ ਨਾਮੁ ਹਰਿ ਟੇਕ ਹੈ ਨਿਸਿ ਦਉਤ ਸਵਾਰੈ॥*

(ਪੰਨਾ ੪੨੨)

ਗੁਰਬਾਣੀ ਇਹ ਪੂਰਾ ਵਿਸ਼ਵਾਸ ਦਿਵਾਉਂਦੀ ਹੈ ਕਿ ਜੇ ਹੋਰ ਆਸਾਂ ਛੱਡ ਕੇ, ਕੇਵਲ ਜਗਦੀਸ਼ ਦੀ ਆਸ ਰੱਖੀ ਜਾਏ ਤਾਂ ਮਨ-ਇੱਛਤ ਫਲ ਮਿਲ ਸਕਦੇ ਹਨ ਅਤੇ ਉਹ ਇਕ ਤਿਲ ਵੀ ਕਿਸੇ ਦੀ ਘਾਲ, ਬਿਰਥੀ ਨਹੀਂ ਜਾਣ ਦਿੰਦਾ ਅਤੇ ਹਰੀ ਨੂੰ ਛੱਡ ਕੇ ਹੋਰ ਦੀ ਆਸ ਰੱਖ ਕੇ ਕੀਤੀ ਘਾਲ ਸਭ ਬਿਰਥੀ ਜਾਂਦੀ ਹੈ—

*ਜੇ ਮਨਿ ਚਿਤਿ ਆਸ ਰਖਹਿ ਹਰਿ ਊਪਰਿ*
*ਤਾ ਮਨ ਚਿੰਦੇ ਅਨੇਕ ਅਨੇਕ ਫਲ ਪਾਈ॥*
*ਹਰਿ ਜਾਣੈ ਸਭੁ ਕਿਛੁ ਜੋ ਜੀਇ ਵਰਤੈ*
*ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ॥*
*ਹਰਿ ਤਿਸ ਕੀ ਆਸ ਕੀਜੈ ਮਨ ਮੇਰੇ*
*ਜੋ ਸਭ ਮਹਿ ਸੁਆਮੀ ਰਹਿਆ ਸਮਾਈ॥ ੧ ॥*
*ਮੇਰੇ ਮਨ ਆਸਾ ਕਰਿ ਜਗਦੀਸ ਗੁਸਾਈ॥*
*ਜੋ ਬਿਨੁ ਹਰਿ ਆਸ ਅਵਰ ਕਾਹੂ ਕੀ ਕੀਜੈ*
*ਸਾ ਨਿਹਫਲ ਆਸ ਸਭ ਬਿਰਥੀ ਜਾਈ॥ ੧ ॥ ਰਹਾਉ ॥*

(ਪੰਨਾ ੮੫੯)

ਜਦੋਂ ਉਸ ਪਰਮਾਤਮਾ ਦੇ ਸਮਾਨ, ਦੂਜਾ ਕੋਈ ਹੈ ਹੀ ਨਹੀਂ ਤਾਂ ਉਸ ਦੀ ਆਸ ਤਿਆਗ ਕੇ, ਹੋਰ ਕਿਸ ਦੇ ਪਾਸ ਜਾਇਆ ਜਾ ਸਕਦਾ ਹੈ? ਹਜ਼ੂਰ ਬਾਣੀ ਵਿਚ ਫੁਰਮਾਉਂਦੇ ਹਨ—

***ਤੁਧਨੋ ਛੋਡਿ ਜਾਈਐ ਪ੍ਰਭ ਕੈਂ ਧਰਿ॥ ਆਨ ਨ ਬੀਆ ਤੇਰੀ ਸਮਸਰਿ॥***

(ਪੰਨਾ ੩੭੧)

ਪ੍ਰਭੂ ਦੇ ਸਮਾਨ ਦੂਜਾ ਕੋਈ ਹੈ ਹੀ ਨਹੀਂ। ਜੋ ਕੁਝ ਉਹ ਕਰਤਾਰ ਕਰ ਰਿਹਾ ਹੈ, ਉਹ ਹੀ ਹੋ ਰਿਹਾ ਹੈ। ਉਹ ਪਾਰਬ੍ਰਹਮ ਸਭ ਤੋਂ ਉਪਰ ਹੈ, ਇਸੇ ਲਈ ਉਸ ਸੱਚੇ ਦੀ ਟੇਕ ਰੱਖਣ ਲਈ, ਬਾਣੀ ਵਿਚ ਬਾਰ ਬਾਰ ਉਪਦੇਸ਼ ਕੀਤਾ ਗਿਆ ਹੈ। ਫੁਰਮਾਨ ਹੈ—

***ਤੁਧੁ ਬਿਨੁ ਦੂਜਾ ਨਾਹੀ ਕੋਇ॥ ਤੂ ਕਰਤਾਰੁ ਕਰਹਿ ਸੋ ਹੋਇ॥***
***ਤੇਰਾ ਜੋਰੁ ਤੇਰੀ ਮਨਿ ਟੇਕ॥ ਸਦਾ ਸਦਾ ਜਪਿ ਨਾਨਕ ਏਕ॥ ੧॥***
***ਸਭ ਊਪਰਿ ਪਾਰਬ੍ਰਹਮੁ ਦਾਤਾਰੁ॥ ਤੇਰੀ ਟੇਕ ਤੇਰਾ ਆਧਾਰੁ॥ ਰਹਾਉ॥***

(ਪੰਨਾ ੭੨੩)

ਗੁਰਬਾਣੀ ਦੇ ਇਸ ਉਪਦੇਸ਼ ਨੂੰ ਪੱਲੇ ਬੰਨ੍ਹ ਕੇ, ਜਗਿਆਸੂ ਨੇ ਹੋਰ ਸਭ ਆਸਾਂ ਤਿਆਗ ਕੇ, ਪ੍ਰਮਾਤਮਾ ਦੀ ਸੱਚੀ ਟੇਕ ਉਤੇ ਭਰੋਸਾ ਰੱਖਦੇ ਹੋਏ, ਪ੍ਰਭੂ ਦੀ ਸ਼ਰਣ ਵਿਚ ਆਉਣਾ ਹੈ। ਇਸ ਤਰ੍ਹਾਂ ਕਰਨ ਨਾਲ, ਮਨੁਖ-ਜਨਮ ਦਾ ਜੋ ਮੂਲ-ਉਦੇਸ਼ ਹੈ, ਪ੍ਰਭੂ-ਮਿਲਾਪ, ਉਹ ਪੂਰਾ ਹੋ ਸਕਦਾ ਹੈ। ਗੁਰਬਾਣੀ ਇਹ ਵਿਸ਼ਵਾਸ ਦਿਵਾ ਰਹੀ ਹੈ ਕਿ ਜੇ ਉਸ ਦੀ ਸ਼ਰਣ ਲਈ ਜਾਵੇ ਤਾਂ ਪ੍ਰਭੂ ਨੂੰ ਮਿਲਣ ਵਿਚ, ਇਕ ਖਿਨ ਦੀ ਵੀ ਢਿੱਲ ਨਹੀਂ ਰਹਿ ਜਾਂਦੀ। ਫੁਰਮਾਨ ਹੈ—

***ਗੁਰੁ ਗੁਰੁ ਕਰਤ ਸਰਣਿ ਜੇ ਆਵੈ ਪ੍ਰਭੁ ਆਇ ਮਿਲੈ ਖਿਨੁ ਢੀਲ ਨ ਪਈਆ॥***

(ਪੰਨਾ ੮੩੭)

★ ★ ★

★ ★

★

## ਕਥਾ ਉਪਦੇਸ਼ ਸਾਗਰ 'ਕੁੱਜੇ ਵਿਚ ਸਮੁੰਦਰ'

ਇਸ ਪੁਸਤਕ ਵਿਚ ਸੰਸਾਰ ਦੇ ਧਰਮਾਂ ਦੀ ਵਾਕਫੀਅਤ ਹੈ। ਪ੍ਰਮੇਸ਼ਰ, ਗੁਰੂ, ਸੰਗਤ, ਖਿਮਾਂ, ਸ਼ਾਂਤੀ, ਸ਼ਰਮ, ਕਾਮ, ਕਰੋਧ, ਲੋਭ, ਮੋਹ ਹੰਕਾਰ ਆਦਿ ਕੀ ਹਨ? ਇਸ ਪੁਸਤਕ ਵਿਚ ਬੜੇ ਵਿਸਥਾਰ ਨਾਲ ਗੁਰਬਾਣੀ ਦੀਆਂ ਤੁੱਕਾਂ ਦੇ ਕੇ ਪ੍ਰਮਾਣਾਂ ਸਹਿਤ ਦਸਿਆ ਗਿਆ ਹੈ। ਇਸ ਵਿਚ 183 ਸਾਖੀਆਂ ਦਰਜ ਹਨ। 180-00

## ਨਾਨਕ ਨਾਮ ਨਵੇਲਾ

*ਲੇਖਕ. ਗਿਆਨੀ ਪ੍ਰਿਤਪਾਲ ਸਿੰਘ*

ਇਸ ਪੁਸਤਕ ਵਿਚ ਸੰਤ ਬਾਬਾ ਸੁਰੈਣ ਸਿੰਘ ਵਲੋਂ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਦੀ ਵਿਆਖਿਆ ਕੀਤੀ ਗਈ ਹੈ। 45-00

## ਪ੍ਰਭੂ ਸਿਮਰਨ (ਮੇਰੇ ਚੋਣਵੇਂ ਲੈਕਚਰ-ਭਾਗ ਤੀਜਾ)

'ਹਰ ਗੁਰਮੁਖ ਇਹੋ ਕਹਿੰਦਾ ਹੈ ਕਿ ਪ੍ਰਭੂ ਦਾ ਸਿਮਰਨ ਕਰੋ' ਪਰ ਪ੍ਰਭੂ ਦਾ ਸਿਮਰਨ ਕਿਵੇਂ ਕੀਤਾ ਜਾਏ, ਸਾਰੇ ਇਸ ਦੁਬਿਧਾ ਵਿਚ ਉਲਝ ਜਾਂਦੇ ਹਨ। ਪ੍ਰਸਿਧ ਵਿਦਵਾਨ ਗਿ: ਸੰਤ ਸਿੰਘ ਜੀ 'ਮਸਕੀਨ' ਨੇ ਇਸ ਉਲਝਨ ਨੂੰ ਪ੍ਰਮਾਣਾਂ ਸਹਿਤ ਸਪਸ਼ਟ ਕੀਤਾ ਹੈ। 18-00

## ਸਚੁ ਪੁਰਾਣਾ ਨਾ ਥੀਐ

*ਲੇਖਕ. ਪ੍ਰੋ. ਕਿਸ਼ਨ ਸਿੰਘ*

ਪੰਜਾਬੀ ਦੇ ਪ੍ਰਸਿੱਧ ਵਿਦਵਾਨ ਅਤੇ ਆਲੋਚਕ ਪ੍ਰੋ. ਕਿਸ਼ਨ ਸਿੰਘ ਨੇ ਇਸ ਪੁਸਤਕ ਵਿਚ ਮਨੁੱਖ ਦੀ ਜ਼ਿੰਦਗੀ ਦੇ ਆਰਥਿਕ, ਸਮਾਜਕ ਅਤੇ ਧਾਰਮਿਕ ਪਹਿਲੂਆਂ ਬਾਰੇ ਬੜਾ ਡੂੰਘਾ ਅਧਿਐਨ ਪੇਸ਼ ਕੀਤਾ ਹੈ। 50-00

## ਕੁਦਰਤ ਦੀ ਕਲਾ

*ਲੇਖਕ. ਸੰਤਰੇਨ ਗਿ. ਸੁਖਬੀਰ ਸਿੰਘ*

ਸਾਡਾ ਵਿਸ਼ਵ ਕੁਦਰਤ ਦੀ ਕਲਾ ਦਾ ਹੀ ਇਕ ਸੁੰਦਰ ਨਮੂਨਾ ਹੈ। ਇਸ ਸੰਸਾਰ ਵਿਚ ਜੋ ਵਾਪਰਿਆ ਹੈ ਜਾਂ ਵਾਪਰੇਗਾ ਉਹ ਕੁਦਰਤ ਦੇ ਰਹਿਸਮਈ ਸਿਧਾਤਾਂ ਭਾਵ ਕੁਦਰਤ ਦੀ ਕਲਾ ਅਨੁਸਾਰ ਹੀ ਹੋ ਰਿਹਾ ਹੈ।

ਇਸ ਪੁਸਤਕ ਦੇ ਲੇਖਕ ਨੇ ਰੌਚਿਕ ਸਾਖੀਆਂ ਅਤੇ ਪ੍ਰਮਾਣਾਂ ਨਾਲ ਕੁਦਰਤ ਦੀ ਇਸ ਕਲਾ ਨੂੰ ਦੋ ਭਾਗਾਂ ਵਿਚ ਉਜਾਗਰ ਕਰਨ ਦਾ ਯਤਨ ਕੀਤਾ ਹੈ। ਪ੍ਰਚਾਰਕਾਂ ਤੇ ਕਥਾ ਵਾਚਕਾ ਲਈ ਇਹ ਠੀਕ ਇਕ ਅਨਮੋਲ ਖਜਾਨਾ ਹੈ। ਦੋ ਭਾਗ 120-00

---

ਮੰਗਵਾਉਣ ਦਾ ਪਤਾ :-

**ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। ਫੈਕਸ : (0183)-542346

ਫੋਨ : 557973, 547974, 542346

## ਸ੍ਰੀ ਗੁਰਮਤ ਸਾਖੀ ਪ੍ਰਮਾਣ

*(ਰਚਿਤ ਗਜਾਨੀ ਜੋਧ ਸਿੰਘ ਜੀ)*

ਗੁਰਬਾਣੀ ਤੇ ਅਧਾਰਿਤ ਸਾਖੀਆਂ ਵਾਲਾ ਪੁਰਾਤਨ ਗ੍ਰੰਥ ਜਿਸਦਾ 88 ਸਾਲ ਪਹਿਲਾਂ ਛਪੇ ਗ੍ਰੰਥ ਤੋਂ ਉਤਾਰਾ ਕੀਤਾ ਗਿਆ ਹੈ। 200-00

## ਕੀਰਤਨ ਪ੍ਰਮਾਣ

*ਸੰਗ੍ਰਹਿ ਕਰਤਾ: ਭਾਈ ਮੇਹਰ ਸਿੰਘ ਰਾਗੀ*

ਇਸ ਮਹਾਨ ਖੋਜ ਗ੍ਰੰਥ ਵਿਚ ਵੱਖ ਵੱਖ ਵਿਸ਼ਿਆਂ, ਸਮਿਆਂ, ਗੁਰਪੁਰਬਾਂ, ਤਿਉਹਾਰਾਂ ਅਤੇ ਸਮਾਗਮਾਂ ਸਮੇਂ ਪੜ੍ਹੇ ਜਾਣ ਵਾਲੇ ਸ਼ਬਦ ਪ੍ਰਮਾਣਾਂ ਸਹਿਤ ਦਿੱਤੇ ਗਏ ਹਨ। ਰਾਗੀ ਸਿੰਘਾਂ ਅਤੇ ਪ੍ਰਚਾਰਕਾਂ ਵਾਸਤੇ ਅਦੁੱਤੀ ਸੁਗਾਤ ਹੈ। 200-00

## ਤਬਲਾ ਮ੍ਰਿਦੰਗ ਸਾਗਰ

*ਲੇਖਕ- ਪ੍ਰਿੰਸੀਪਲ ਦਿਆਲ ਸਿੰਘ*

ਇਸ ਪੁਸਤਕ ਵਿਚ ਤਬਲਾ ਮ੍ਰਿਦੰਗ ਦਾ ਇਤਿਹਾਸ, ਤਾਲ ਦੇ ਮੁਖ ਅੰਗ ਅਤੇ ਤਬਲਾ ਸਿਖਾਉਣ ਦੇ ਤਰੀਕੇ ਬੜੇ ਸੌਖੇ ਅਤੇ ਵਿਸਥਾਰ ਪੂਰਵਕ ਢੰਗ ਨਾਲ ਦਿੱਤੇ ਗਏ ਹਨ। 110-00

*ਜੀਵਨ ਇਲਾਹੀ ਜੋਤ*

## ਬਾਬਾ ਨੰਦ ਸਿੰਘ ਜੀ ਮਹਾਰਾਜ

*(ਕਲੇਰਾਂ ਵਾਲੇ)*

ਬਾਬਾ ਨੰਦ ਸਿੰਘ ਜੀ ਮਹਾਰਾਜ ਅਦੁੱਤੀ ਮਹਾਂ ਪੁਰਸ਼ ਸਨ, ਉਨ੍ਹਾਂ ਦਾ ਜੀਵਨ, ਸੇਵਾ ਤੇ ਭਗਤੀ ਦਾ ਸੁਮੇਲ ਸੀ। ਏਸੇ ਗੱਲ ਨੂੰ ਮੁਖ ਰੱਖ ਕੇ ਬਾਬਾ ਜੀ ਦੇ ਜੀਵਨ ਤੇ ਉਨ੍ਹਾਂ ਵਲੋਂ ਮਿਲੀਆਂ ਸਿਖਿਆਵਾਂ ਨੂੰ ਲੜੀਵਾਰ ਭਾਗਾਂ ਵਿਚ ਛਾਪਣ ਦਾ ਉਪਰਾਲਾ ਕੀਤਾ ਹੈ। ਪੰਜ ਭਾਗ ਛਪ ਚੁਕੇ ਹਨ। ਤਿੰਨ ਭਾਗ ਇਕੱਠੇ 100/- ਫੀ ਭਾਗ 40/-

## ਰਾਮਦਾਸਿ ਸਰੋਵਰ ਨਾਤੇ

*ਸੰਪਾਦਕ ਪ੍ਰੀਤਮ ਸਿੰਘ 'ਕਾਸਦ', ਪਾਂਧੀ 'ਨਨਕਾਣਵੀ'*

ਧਾਰਮਿਕ ਕਵਿਤਾਵਾਂ ਦੇ ਗੁਲਦਸਤੇ ਵਿਚ ਪੰਜਾਬੀ ਦੇ ਉੱਘੇ ਕਵੀਆਂ ਦੀਆਂ ਹਰਮਨ ਪਿਆਰੀਆਂ ਸਾਰੀਆਂ ਕ੍ਵਿਤਾਵਾਂ ਗੁਰੂ ਰਾਮਦਾਸ ਸਾਹਿਬ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਤੇ ਚਾਨਣਾ ਪਾਉਂਦੀਆਂ ਹਨ। 50-00

## ਸੌ ਸਾਖੀ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਸੁਹਾਵੀ ਤੇ ਅਸਲੀ ਜਨਮ ਸਾਖੀ ਹੈ। ਜਿਥੇ ਜਿਥੇ ਦਸਮੇਸ਼ ਪਿਤਾ ਗਏ, ਓਥੇ ਓਥੇ ਹੀ ਉਪਦੇਸ਼ ਦੇ ਕੇ ਸੰਗਤਾਂ ਨੂੰ ਤਾਰਿਆ। ਸੱਚ ਧਰਮ ਦਾ ਉਪਦੇਸ਼ ਦਿੱਤਾ। ਇਸ ਨੂੰ ਪੜ੍ਹਕੇ ਸਾਹਿਬਾਂ ਦੇ ਕੌਤਕਾਂ ਦਾ ਤੇ ਆਉਣ ਵਾਲੇ ਸਮੇਂ ਬਾਰੇ ਜਾਣੋ। 140-00